PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 17 ਅਕਤੂਬਰ ਤੋਂ 23 ਅਕਤੂਬਰ, 2024 | Email :- editor@punjabstar.com, Vo. 20. Issue:1156


## ਨਾਇਜੀਰੀਆ : ਪੈਟਰੋਲ ਟੈਂਕਰ 'ਚ ਧਮਾਕਾ

### 140 ਤੋਂ ਵੱਧ ਹਲਾਕ



ਅਬੂਜਾ (ਨਾਇਜੀਰੀਆ) (ਪੰਜਾਬ ਸਟਾਰ ਬਿਊਰੋ): ਨਾਇਜੀਰੀਆ ਦੇ ਉੱਤਰ-ਪੱਛਮੀ ਇਲਾਕੇ ਵਿੱਚ ਪੈਟਰੋਲ ਵਾਲਾ ਟੈਂਕਰ ਪਲਟਣ ਮਗਰੋਂ ਹੋਏ ਧਮਾਕੇ ਕਾਰਨ 140 ਤੋਂ ਵੱਧ ਵਿਅਕਤੀ ਹਲਾਕ ਤੇ ਦਰਜਨਾਂ ਜ਼ਖ਼ਮੀ ਹੋਏ। ਐਮਰਜੈਂਸੀ ਸੇਵਾ ਅਧਿਕਾਰੀਆਂ ਨੇ ਦੱਸਿਆ ਕਿ ਇਹ ਹਾਦਸਾ ਉਸ ਸਮੇਂ ਹੋਇਆ ਜਦੋਂ ਟੈਂਕਰ ਪਲਟਣ ਮਗਰੋਂ ਦਰਜਨਾਂ ਲੋਕ ਪੈਟਰੋਲ ਲੈਣ ਲਈ ਵਾਹਨ ਵੱਲ ਗਏ ਸਨ। ਸਥਾਨਕ ਪੁਲੀਸ ਤਰਜਮਾਨ ਐੱਲ. ਐਡਮਸ ਨੇ ਦੱਸਿਆ ਕਿ ਜਿਗਾਵਾ ਸੂਬੇ ਦੇ ਮਾਜਿਆ ਕਸਬੇ 'ਚ ਅੱਧੀ ਰਾਤ ਨੂੰ ਇਹ ਧਮਾਕਾ ਡਰਾਈਵਰ ਕੋਲੋਂ ਟੈਂਕਰ ਬੇਕਾਬੂ ਹੋ ਕੇ ਪਲਟਣ ਮਗਰੋਂ ਹੋਇਆ। ਉਨ੍ਹਾਂ ਦੱਸਿਆ ਕਿ ਟੈਂਕਰ ਪਲਟਣ ਦੀ ਸੂਚਨਾ ਮਿਲਣ ਮਗਰੋਂ * ਬਾਕੀ ਸਫਾ 2 'ਤੇ

## ਅਮਰੀਕਾ ਤੋਂ ਆਈ ਮੰਦਭਾਗੀ ਖ਼ਬਰ

### ਕਾਰ ਸੜਕ ਹਾਦਸੇ 'ਚ 5 ਭਾਰਤੀਆਂ ਦੀ ਮੌਤ



ਨਿਊਯਾਰਕ (ਪੰਜਾਬ ਸਟਾਰ ਬਿਊਰੋ): ਅਮਰੀਕਾ ਦੇ ਟੈਕਸਾਸ ਦੇ ਰੈਂਡੋਲਫ ਨੇੜੇ ਵਾਪਰੇ ਇੱਕ ਭਿਆਨਕ ਕਾਰ ਹਾਦਸੇ ਵਿੱਚ 5 ਭਾਰਤੀਆਂ ਦੀ ਮੌਤ ਹੋ ਜਾਣ ਦੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਟੈਕਸਾਸ ਡਿਪਾਰਟਮੈਂਟ ਆਫ ਪਬਲਿਕ ਸੇਫਟੀ (ਡੀ.ਪੀ.ਐੱਸ.) ਨੇ ਮੌਤਾਂ ਦੀ ਪੁਸ਼ਟੀ ਕੀਤੀ ਹੈ। ਇਹ ਘਟਨਾ ਸਾਊਥ ਬੈਨਹੈਮ ਤੋਂ 10 ਕਿਲੋਮੀਟਰ ਦੂਰ ਅਮਰੀਕੀ ਸਮੇਂ ਮੁਤਾਬਕ ਸ਼ਾਮ ਕਰੀਬ 6.45 ਵਜੇ ਵਾਪਰੀ। ਮੀਡੀਆ ਰਿਪੋਰਟ ਦੇ ਅਨੁਸਾਰ 2 ਕਾਰਾਂ ਦੀ ਆਹਮੋ-ਸਾਹਮਣੇ ਭਿਆਨਕ ਟੱਕਰ ਹੋਈ, ਜਿਸ ਤੋਂ ਬਾਅਦ ਦੋਵਾਂ ਵਾਹਨਾਂ ਨੂੰ ਅੱਗ ਲੱਗ ਗਈ। 5 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਗੁਡੂਰ ਕਸਬੇ ਦੇ ਤਿਰੁਮੁਰੂ ਗੋਪੀ, ਸ਼੍ਰੀਕਾਲਹਸਤੀ ਦੇ ਰਜਨੀ ਸਿਵਾ ਅਤੇ ਹਰਿਤਾ ਵਜੋਂ ਹੋਈ ਹੈ। ਇਹ ਸਾਰੇ ਆਂਧਰਾ ਪ੍ਰਦੇਸ਼ ਦੇ ਚਿਤੌੜ ਜ਼ਿਲ੍ਹੇ ਦੇ ਰਹਿਣ ਵਾਲੇ ਸਨ। ਉਥੇ ਹੀ ਹਰਿਤਾ ਦਾ ਪਤੀ ਸਾਈਂ ਚੇਨੂੰ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਅਤੇ ਹਸਪਤਾਲ ਵਿੱਚ ਆਪਣੀ ਜ਼ਿੰਦਗੀ ਲਈ ਸੰਘਰਸ਼ ਕਰ ਰਿਹਾ ਹੈ।

## ਭਾਰਤ-ਕੈਨੇਡਾ ਸਬੰਧਾਂ 'ਚ ਖ਼ਰਾਬੀ ਲਈ ਸਿਰਫ਼ ਟਰੂਡੋ ਹੀ ਜ਼ਿੰਮੇਵਾਰ- ਵਿਦੇਸ਼ ਮੰਤਰਾਲੇ



ਨਵੀਂ ਦਿੱਲੀ (ਪੰਜਾਬ ਸਟਾਰ ਬਿਊਰੋ): ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਨਿਆ ਹੈ ਕਿ ਉਨ੍ਹਾਂ ਕੋਲ ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤ ਦਾ ਹੱਥ ਹੋਣ ਦਾ ਕੋਈ ਠੋਸ ਸਬੂਤ ਨਹੀਂ ਹੈ। ਟਰੂਡੋ ਦੇ ਇਸ ਬਿਆਨ 'ਤੇ ਭਾਰਤੀ ਵਿਦੇਸ਼ ਮੰਤਰਾਲੇ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ।

ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਟਰੂਡੋ ਦਾ ਬਿਆਨ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਕੈਨੇਡਾ ਨੇ ਭਾਰਤ 'ਤੇ ਲਗਾਏ ਗਏ ਦੋਸ਼ਾਂ ਦੇ ਸਮਰਥਨ ਲਈ ਕੋਈ ਸਬੂਤ ਨਹੀਂ ਦਿੱਤਾ ਹੈ। ਭਾਰਤ-ਕੈਨੇਡਾ ਰਿਸ਼ਤਿਆਂ ਵਿੱਚ ਵਿਗਾੜ ਲਈ ਸਿਰਫ਼ ਟਰੂਡੋ ਹੀ ਜ਼ਿੰਮੇਵਾਰ ਹਨ। ਦੱਸ ਦੇਈਏ ਕਿ ਇਹ ਸਾਰਾ ਮਾਮਲਾ ਪਿਛਲੇ ਸਾਲ ਜੂਨ ਵਿੱਚ ਸ਼ੁਰੂ ਹੋਇਆ ਸੀ ਜਦੋਂ ਨਿੱਝਰ ਦੀ ਬ੍ਰਿਟਿਸ਼ ਕੋਲੰਬੀਆ ਵਿੱਚ ਹੱਤਿਆ ਕਰ ਦਿੱਤੀ ਗਈ ਸੀ।

ਕੈਨੇਡਾ ਦੇ ਪੀਐਮ ਟਰੂਡੋ ਨੇ ਨਿੱਝਰ ਦੇ ਕਤਲ ਵਿਚ ਭਾਰਤ ਦਾ ਹੱਥ ਹੋਣ ਦਾ ਦੋਸ਼ ਲਾਇਆ ਸੀ। ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਬੇਤੁਕਾ ਦੱਸਿਆ ਸੀ ਅਤੇ ਕਿਹਾ ਸੀ ਕਿ ਇਹ ਟਰੂਡੋ ਦਾ ਸਿਆਸੀ ਸਟੰਟ ਸੀ। ਟਰੂਡੋ ਨੇ ਵਿਦੇਸ਼ੀ ਜਾਂਚ ਤੋਂ ਪਹਿਲਾਂ ਗਵਾਹੀ ਦਿੰਦੇ ਹੋਏ ਮੰਨਿਆ ਕਿ ਉਨ੍ਹਾਂ ਦੀ ਸਰਕਾਰ ਨੇ ਭਾਰਤ 'ਤੇ ਪਹਿਲਾਂ ਠੋਸ ਸਬੂਤਾਂ ਦੀ ਬਜਾਏ ਖੁਫੀਆ ਜਾਣਕਾਰੀ ਦੇ ਆਧਾਰ * ਬਾਕੀ ਸਫਾ 2 'ਤੇ

## ਅਮਰੀਕਾ ਦੇ ਸਹਿਯੋਗੀਆਂ ਨੇ ਉਸਦੇ ਦੁਸ਼ਮਣਾਂ ਨਾਲੋਂ ਵੱਧ ਉਸ ਦਾ ਫਾਇਦਾ ਚੁੱਕਿਆ: ਟਰੰਪ



ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ): ਸਾਬਕਾ ਅਮਰੀਕੀ ਰਾਸ਼ਟਰਪਤੀ ਅਤੇ ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਨੇ ਵੱਡਾ ਬਿਆਨ ਦਿੰਦੇ ਹੋਏ ਕਿਹਾ ਕਿ ਅਮਰੀਕਾ ਦੇ ਸਹਿਯੋਗੀਆਂ ਨੇ ਉਸਦੇ ਦੁਸ਼ਮਣਾਂ ਨਾਲੋਂ ਵੱਧ ਉਸ ਦਾ ਫਾਇਦਾ ਚੁੱਕਿਆ ਹੈ। ਟਰੰਪ ਨੇ ਸ਼ਿਕਾਗੋ ਦੇ 'ਇਕਨਾਮਿਕ ਕਲੱਬ' 'ਚ ਇਕ ਸਵਾਲ ਦੇ ਜਵਾਬ 'ਚ ਕਿਹਾ, "ਸਾਡੇ ਸਹਿਯੋਗੀਆਂ ਨੇ ਸਾਡੇ ਦੁਸ਼ਮਣਾਂ ਨਾਲੋਂ ਜ਼ਿਆਦਾ ਫਾਇਦਾ ਚੁੱਕਿਆ ਹੈ। ਸਾਡਾ ਸਹਿਯੋਗੀ ਯੂਰਪੀਅਨ ਯੂਨੀਅਨ (ਈ.ਯੂ.) ਹੈ। ਯੂਰਪੀ ਸੰਘ ਨਾਲ ਸਾਡਾ ਵਪਾਰ ਘਾਟਾ 30 ਕਰੋੜ ਅਮਰੀਕੀ ਡਾਲਰ ਹੈ।"

ਉਨ੍ਹਾਂ ਕਿਹਾ, "ਸਾਡੇ ਕੋਲ ਅਜਿਹੇ ਵਪਾਰਕ ਸਮਝੌਤੇ ਹਨ, ਜੋ ਬੇਹੱਦ ਖ਼ਰਾਬ ਹਨ। ਮੈਂ ਪੁੱਛਦਾ ਹਾਂ ਕਿ ਅਜਿਹਾ ਕਰਨ ਵਾਲੇ ਲੋਕ ਕੌਣ ਹਨ? ਉਹ ਜਾਂ ਤਾਂ ਬਹੁਤ ਮੂਰਖ ਹਨ ਜਾਂ ਉਨ੍ਹਾਂ ਨੂੰ ਪੈਸੇ ਮਿਲ ਰਹੇ ਹਨ। ਮੈਂ ਚੀਨ 'ਤੇ 27.5 ਫੀਸਦੀ ਟੈਕਸ ਲਗਾਇਆ। ਨਹੀਂ ਤਾਂ ਸਾਡੇ ਕੋਲ ਚੀਨੀ ਕਾਰਾਂ ਦਾ ਹੜ੍ਹ ਆ ਜਾਵੇਗਾ। ਸਾਡੀਆਂ ਸਾਰੀਆਂ ਫੈਕਟਰੀਆਂ ਬੰਦ ਹੋ ਜਾਣਗੀਆਂ। ਆਟੋ * ਬਾਕੀ ਸਫਾ 2 'ਤੇ

## ਕੈਨੇਡੀਅਨ ਪੁਲਿਸ ਵੱਲੋਂ ਪੀੜਤ ਸਿੱਖਾਂ ਨੂੰ ਅੱਗੇ ਆਉਣ ਦਾ ਸੱਦਾ



ਔਟਵਾ (ਪੰਜਾਬ ਸਟਾਰ ਬਿਊਰੋ) : ਭਾਰਤ ਵਿਰੁੱਧ ਪੜਤਾਲ ਕਰ ਰਹੀ ਕੈਨੇਡੀਅਨ ਪੁਲਿਸ ਨੇ ਸਿੱਖਾਂ ਨੂੰ ਅਪੀਲ ਕੀਤੀ ਹੈ ਕਿ ਉਹ ਅੱਗੇ ਆਉਣ ਅਤੇ ਆਪਣੇ ਨਾਲ ਵਾਪਰੀਆਂ ਘਟਨਾਵਾਂ ਬਾਰੇ ਮੁਕੰਮਲ ਜਾਣਕਾਰੀ ਮੁਹੱਈਆ ਕਰਵਾਉਣ। ਰੇਡੀਓ-ਕੈਨੇਡਾ ਨਾਲ ਇੰਟਰਵਿਊ ਦੌਰਾਨ ਆਰ.ਸੀ.ਐਮ.ਪੀ. ਦੇ ਕਮਿਸ਼ਨਰ ਮਾਈਕ ਡਹੀਮ ਨੇ ਕਿਹਾ ਕਿ ਜੇ ਲੋਕ ਅੱਗੇ ਆਉਣਗੇ ਤਾਂ ਅਸੀਂ ਉਨ੍ਹਾਂ ਦੀ ਮਦਦ ਕਰ ਸਕਦੇ ਹਾਂ। ਦੂਜੇ ਪਾਸੇ ਬੀ.ਸੀ. ਦੀ ਸਿੱਖ ਜਥੇਬੰਦੀ ਵੱਲੋਂ ਵੈਨਕੂਵਰ ਅਤੇ ਟੋਰਾਂਟੋ ਦੇ ਭਾਰਤੀ ਕੌਂਸਲੇਟ ਪੱਕੇ ਤੌਰ 'ਤੇ ਬੰਦ ਕਰਨ ਦੀ ਮੰਗ ਕੀਤੀ ਹੈ ਜਦਕਿ ਐਨ.ਡੀ.ਪੀ. ਦੇ ਆਗੂ ਜਗਮੀਤ ਸਿੰਘ ਵੱਲੋਂ ਆਰ.ਐਸ.ਐਸ. 'ਤੇ ਪਾਬੰਦੀ ਲਾਉਣ ਦਾ ਸੱਦਾ ਦਿਤਾ ਗਿਆ ਹੈ। ਆਰ.ਸੀ.ਐਮ.ਪੀ. ਦੇ ਕਮਿਸ਼ਨਰ ਨੇ ਅੱਗੇ ਕਿਹਾ ਕਿ ਲੋਕ ਸੁਰੱਖਿਅਤ ਮਹਿਸੂਸ ਕਰਨ ਲਈ ਕੈਨੇਡਾ ਆਉਂਦੇ ਹਨ ਅਤੇ ਲਾਅ ਐਨਫੋਰਸਮੈਂਟ ਅਫਸਰ ਹੋਣ ਦੇ ਨਾਤੇ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਸੁਰੱਖਿਅਤ ਮਾਹੌਲ ਯਕੀਨੀ ਬਣਾਈਏ।

**ਜਗਮੀਤ ਸਿੰਘ ਨੇ ਆਰ.ਐਸ.ਐਸ. ਪਾਬੰਦੀ ਮੰਗੀ**

ਪੁਲਿਸ ਕਮਿਸ਼ਨਰ ਨੂੰ ਜਦੋਂ ਪੁੱਛਿਆ ਗਿਆ ਕਿ ਕੀ * ਬਾਕੀ ਸਫਾ 2 'ਤੇ

## ਕੈਨੇਡਾ 'ਚ 12 ਸਿੱਖਾਂ ਦੀ ਜਾਨ 'ਤੇ ਮੰਡਰਾਅ ਰਿਹੈ ਖ਼ਤਰਾ !



ਔਟਵਾ (ਪੰਜਾਬ ਸਟਾਰ ਬਿਊਰੋ) : ਕੈਨੇਡਾ ਅਤੇ ਭਾਰਤ ਵੱਲੋਂ ਇਕ-ਦੂਜੇ ਦੇ ਡਿਪਲੋਮੈਟ ਕੱਢਣ ਦਰਮਿਆਨ 'ਵਾਸ਼ਿੰਗਟਨ ਪੋਸਟ' ਦੀ ਇਕ ਹੈਰਾਨਕੁੰਨ ਰਿਪੋਰਟ ਸਾਹਮਣੇ ਆਈ ਹੈ। ਜੀ ਹਾਂ, ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਕੈਨੇਡਾ ਵਿਚ ਮੌਜੂਦ ਭਾਰਤੀ ਡਿਪਲੋਮੈਟ ਪਿਛਲੇ ਇਕ ਸਾਲ ਤੋਂ ਸਿੱਖ ਵੱਖਵਾਦੀਆਂ ਬਾਰੇ ਜਾਣਕਾਰੀ ਇਕੱਤਰ ਕਰ ਰਹੇ ਸਨ ਅਤੇ ਇਸ ਦੀ ਵਰਤੋਂ ਲਾਰੈਂਸ ਬਿਸ਼ਨੋਈ ਗੈਂਗ ਵੱਲੋਂ ਨਵੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਲਈ ਕੀਤੀ ਜਾਣੀ ਸੀ। ਦੂਜੇ ਪਾਸੇ ਆਰ.ਸੀ.ਐਮ.ਪੀ. ਨੇ ਕਿਹਾ ਕਿ ਇਕ ਦਰਜਨ ਤੋਂ ਵੱਧ ਖਾਲਿਸਤਾਨ ਹਮਾਇਤੀਆਂ ਦੀ ਜਾਨ 'ਤੇ ਵੱਡਾ ਖਤਰਾ ਮੰਡਰਾਅ ਰਿਹਾ ਹੈ। ਅਮਰੀਕਾ ਦੇ ਨਾਮੀ ਅਖਬਾਰ ਦੀ ਰਿਪੋਰਟ ਕਹਿੰਦੀ ਹੈ ਕਿ ਬੀਤੇ ਸ਼ਨਿੱਚਰਵਾਰ ਨੂੰ ਸਿੰਗਾਪੁਰ ਵਿਖੇ ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਅਤੇ ਕੈਨੇਡਾ ਦੀ ਕੌਮੀ ਸੁਰੱਖਿਆ ਸਲਾਹਕਾਰ ਨੈਟਲੀ ਡਰੋਨਿਨ ਵਿਚਾਲੇ ਗੁਪਤ ਮੀਟਿੰਗ ਹੋਈ ਜਿਸ ਵਿਚ ਉਪ ਵਿਦੇਸ਼ ਮੰਤਰੀ ਡੇਵਿਡ ਮੌਰਿਸਨ ਅਤੇ ਆਰ.ਸੀ.ਐਮ.ਪੀ. ਦੇ ਸੀਨੀਅਰ ਅਫਸਰ ਵੀ ਸ਼ਾਮਲ ਸਨ।

**ਲਾਰੈਂਸ ਬਿਸ਼ਨੋਈ ਕਿਤੇ ਵੀ ਕਰਵਾ ਸਕਦੈ ਵਾਰਦਾਤ : ਵਾਸ਼ਿੰਗਟਨ ਪੋਸਟ**

ਮੀਟਿੰਗ ਦੌਰਾਨ ਕੈਨੇਡੀਅਨ ਧਿਰ ਨੇ ਕਥਿਤ ਸਬੂਤ ਪੇਸ਼ ਕੀਤੇ ਕਿ ਕਿਵੇਂ ਭਾਰਤ ਸਰਕਾਰ ਵੱਲੋਂ ਹਰਦੀਪ ਸਿੰਘ ਨਿੱਜਰ ਦੇ ਕਤਲ ਦੀ ਜ਼ਿੰਮੇਵਾਰੀ ਬਿਸ਼ਨੋਈ ਗੈਂਗ ਨੂੰ ਦਿਤੀ ਗਈ। 'ਵਾਸ਼ਿੰਗਟਨ ਪੋਸਟ' ਦੀ ਰਿਪੋਰਟ ਮੁਤਾਬਕ ਮੀਟਿੰਗ ਦੌਰਾਨ ਅਜੀਤ ਡੋਵਾਲ ਨੇ ਮੰਨਿਆ ਕਿ ਬਿਸ਼ਨੋਈ ਜੇਲ ਵਿਚੋਂ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਹਿੰਸਾ ਕਰਵਾ ਸਕਦਾ ਹੈ ਪਰ ਨਿੱਜਰ ਕਤਲਕਾਂਡ ਨਾਲ ਕੋਈ ਸਬੰਧ ਹੋਣ ਤੋਂ ਨਾਂਹ ਕਰ ਦਿਤੀ। ਇਹ ਮੀਟਿੰਗ ਪੰਜ ਘੰਟੇ ਚੱਲੀ ਅਤੇ ਅਜੀਤ ਡੋਵਾਲ ਨੇ ਆਪਣੇ ਹਮਰੁਤਬਾ ਕੈਨੇਡੀਅਨ ਅਧਿਕਾਰੀਆਂ ਨੂੰ ਕਿਹਾ ਕਿ ਉਹ ਇਹ ਗੱਲ ਮੰਨ ਕੇ ਚੱਲਣ ਕਿ ਅੱਜ ਦੀ ਮੀਟਿੰਗ ਕਦੇ ਹੋਈ ਹੀ ਨਹੀਂ। ਵਾਸ਼ਿੰਗਟਨ ਪੋਸਟ ਵੱਲੋਂ ਕੈਨੇਡੀਅਨ ਅਧਿਕਾਰੀਆਂ ਦੇ ਹਵਾਲੇ ਨਾਲ ਕੀਤੇ ਦਾਅਵੇ ਦੀ ਤਸਦੀਕ ਹੁੰਦੇ ਨਜ਼ਰ ਆਈ ਜਦੋਂ ਆਰ.ਸੀ.ਐਮ.ਪੀ. ਦੇ ਕਮਿਸ਼ਨਰ ਮਾਈਕ ਡਹੀਮ ਨੇ ਇਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਭਾਰਤ ਸਰਕਾਰ ਦੇ ਏਜੰਟਾਂ ਵੱਲੋਂ ਕਤਲ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਅਤੇ ਜਬਰੀ ਵਸੂਲੀ ਦੇ ਮਾਮਲਿਆਂ ਵਿਚ ਸ਼ਾਮਲ ਹੋਣ ਦੇ ਸਬੂਤ ਮੌਜੂਦ ਹਨ। ਉਨ੍ਹਾਂ ਕਿਹਾ ਕਿ * ਬਾਕੀ ਸਫਾ 2 'ਤੇ




**ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ**
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

**Canada Consumer Credit Assistance** ਕਰਜ਼ਾ ਰਹਿਤ ਜ਼ਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7

**A-One Truck & Trailer Repair**
Specialist in Engine & Differential rebuilt
ਟਰੱਕਾਂ ਦੀ ਹਰ ਤਰ੍ਹਾਂ ਦੀ ਰਿਪੇਅਰ ਲਈ ਪਹੁੰਚੋ
647-808-9569, 416-388-1605
ਵਾਜ਼ਬ ਕੀਮਤ ਵਧੀਆ ਸਰਵਿਸ
1246 Aimco Blvd, Mississauga, ON L4W 1B2





**Gill Tire Centre**
ਟਰੱਕਾਂ ਦੇ ਟਾਇਰ ਵਾਜ਼ਬ ਕੀਮਤਾਂ ਵਿੱਚ ਲੈਣ ਲਈ ਪਹੁੰਚੋ ਗਿੱਲ ਟਾਇਰ ਸੈਂਟਰ
1246 Aimco Blvd, Mississauga, ON L4W 1B2
647-808-9569, 416-388-1605

**FOR ALL YOUR REAL ESTATE NEEDS**



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# MP ਸੁਖਜਿੰਦਰ ਸਿੰਘ ਰੰਧਾਵਾ ਨੇ DGP ਪੰਜਾਬ ਨੂੰ ਲਿਖੀ ਚਿੱਠੀ

## ਵਿਰਸਾ ਸਿੰਘ ਵਲਟੋਹਾ ਤੇ SAD ਪ੍ਰਧਾਨ ਖ਼ਿਲਾਫ਼ ਮਾਮਲਾ ਦਰਜ ਕਰਨ ਦੀ ਕੀਤੀ ਮੰਗ



ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਪਾਰਲੀਮੈਂਟ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਜਥੇਦਾਰ ਗਿਆਨੀ ਹਰਪ੍ਰੀਤ ਦੇ ਹੱਕ ਵਿੱਚ ਨਿਤਰਦਿਆਂ ਹੋਇਆਂ ਸ਼੍ਰੋਮਣੀ ਅਕਾਲੀ ਦਲ ਦੇ ਸੁਪਰੀਮੋ, ਵਿਰਸਾ ਸਿੰਘ ਵਲਟੋਹਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੋਸ਼ਲ ਮੀਡੀਆ ਆਈਟੀ ਵਿੰਗ ਖ਼ਿਲਾਫ਼ ਮਾਮਲਾ ਦਰਜ ਕਰਵਾਉਣ ਲਈ ਡੀਜੀਪੀ ਪੰਜਾਬ ਨੂੰ ਪੱਤਰ ਲਿਖਿਆ ਹੈ। ਉਨ੍ਹਾਂ ਕਿਹਾ ਕਿ ਉਮੀਦ ਹੈ ਕਿ ਤੁਸੀ ਸਮੁੱਚੀ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਬਣਦੀ ਕਾਰਵਾਈ ਕਰੋਗੇ। ਅੱਜ ਸਮੁੱਚੀ ਨਾਨਕ ਨਾਮ ਲੇਵਾ ਸਿੱਖ ਸੰਗਤ ਤੁਹਾਡੇ ਵੱਲ ਵੇਖ ਰਹੀ ਹੈ ਕਿ ਤੁਸੀ ਕੀ ਕਾਰਵਾਈ ਕਰਦੇ ਹੋ?

ਸੁਖਜਿੰਦਰ ਸਿੰਘ ਰੰਧਾਵਾ ਨੇ ਪੱਤਰ ਵਿਚ ਲਿਖਿਆ ਕਿ ਪਿਛਲੇ ਇੱਕ ਦੋ ਦਿਨਾਂ ਤੋਂ ਸਿੱਖਾਂ ਦੀ ਸਰਵ ਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੇ ਹੋਰਨਾਂ ਤਖ਼ਤ ਸਹਿਬਾਨ ਤੇ ਉਨ੍ਹਾਂ ਦੇ ਸਤਿਕਾਰਤ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵਿਰੁੱਧ ਜੋ ਅਪਮਾਨ ਜਨਕ ਸ਼ਬਦਾਵਲੀ ਵਰਤੀ ਗਈ, ਉਸ ਨਾਲ ਮਨ ਦੁਖੀ ਹੋਇਆ ਹੈ। ਇਹ ਸਿੱਖ ਕੌਮ ਨੂੰ ਪ੍ਰਵਾਨਿਤ ਨਹੀਂ । ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਭਰੇ ਮਨ ਨਾਲ ਜਜ਼ਬਾਤੀ ਹੋ ਕੇ ਮੀਡੀਆ ਵਿੱਚ ਰੂਬਰੂ ਹੋ ਕੇ ਦੱਸਿਆ।

ਜਿਸ ਨਾਲ ਇਕੱਲਾ ਮੇਰਾ ਹੀ ਨਹੀਂ ਸਮੁੱਚੀ ਸਿੱਖ ਕੌਮ ਦਾ ਹਿਰਦਾ ਅੰਦਰ ਤੱਕ ਵਲੂੰਧਰਿਆ ਗਿਆ। ਜਥੇਦਾਰ ਸਾਹਿਬ ਨੇ ਵਿਰਸਾ ਸਿੰਘ ਵਲਟੋਹਾ 'ਤੇ ਅਤਿ ਘਟੀਆ ਸ਼ਬਦਾਵਲੀ ਵਰਤਣ ਡਰਾਉਣ ਧਮਕਾਉਣ ਦੇ ਦੋਸ਼ ਲਗਾਉਂਦਿਆਂ ਕਿਹਾ ਕਿ ਇਸ ਘਟਨਾਕ੍ਰਮ ਪਿੱਛੇ ਵੱਡਾ ਹੱਥ ਸ਼੍ਰੋਮਣੀ ਅਕਾਲੀ ਦਲ ਦੇ ਦੋਸਤ ਮੀਡੀਆ / ਆਈ ਟੀ ਵਿੰਗ ਦਾ ਹੈ ਜਿਸ ਨੇ ਮੇਰੀ, ਮੇਰੇ ਪਰਿਵਾਰ ਦੀ, ਮੇਰੀ ਜਾਤੀ, ਮੇਰੀਆਂ ਧੀਆਂ ਤੇ ਸਿੱਖਾਂ ਦੇ ਤਖ਼ਤ ਸਹਿਬਾਨ ਦੀ ਕਿਰਦਾਰਕੁਸ਼ੀ ਕਰਨ ਦੀ ਘਿਨਾਉਣੀ ਹਰਕਤ ਕੀਤੀ ਹੈ, ਜਿਸਨੂੰ ਮੈਂ ਬਰਦਾਸ਼ਤ ਨਹੀਂ ਕਰ ਸਕਦਾ ਇਸ ਲਈ ਮੈਂ ਆਪਣੇ ਅਹੁਦੇ ਤੇ ਅਸਤੀਫ਼ਾ ਦੇ ਰਿਹਾ ਹਾਂ।

ਉਨ੍ਹਾਂ ਅੱਗੇ ਲਿਖਿਆ ਕਿ ਜ਼ਿਕਰਯੋਗ ਹੈ ਕਿ ਇਸ ਸ਼ੋਸ਼ਲ ਮੀਡੀਆ ਦੇ ਆਈ ਟੀ ਵਿੰਗ ਦੀ ਕਮਾਂਡ ਸ਼੍ਰੋਮਣੀ ਅਕਾਲੀ ਦਲ ਦੇ ਵੱਡੇ ਆਗੂ ਦੇ ਹੱਥਾਂ ਵਿੱਚ ਹੈ। ਮੈਂ ਇੱਕ ਨਿਮਾਣਾ ਗੁਰੂ ਦਾ ਸਿੱਖ ਹੋਣ ਦੇ ਨਾਤੇ, ਭਾਵੇਂ ਇੱਕ ਰਾਜਨੀਤਿਕ ਪਾਰਟੀ ਨਾਲ ਸਬੰਧ ਰੱਖਦਾ ਹਾਂ ਪਰ ਸਭ ਤੋਂ ਪਹਿਲਾਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਅਤੇ ਸਿੱਖ ਕੌਮ ਦੀ ਸਰਵ ਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੂੰ ਸਮਰਿਪਤ ਹਾਂ। ਮੈਂ ਵੀ ਧੀਆਂ ਦਾ ਬਾਪ ਹਾਂ।

ਮੇਰੇ ਕੋਲੋਂ ਕੱਲ੍ਹ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਬੋਲੇ ਲਫ਼ਜ਼ ਸਹਿਣ ਨਹੀਂ ਹੋਏ ਤੇ ਸਾਰੀ ਰਾਤ ਬੇਚੈਨੀ ਵਿੱਚ ਗੁਜ਼ਾਰਣ ਤੋਂ ਬਾਅਦ ਇਹ ਪੱਤਰ ਲਿਖ ਰਿਹਾ ਹਾਂ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਦੇ ਬਿਆਨਾਂ ਅਨੁਸਾਰ ਕਾਨੂੰਨੀ ਤੌਰ ਤੇ ਬਣਦੀਆਂ ਧਰਾਵਾਂ ਅਨੁਸਾਰ ਵਿਰਸਾ ਵਲਟੋਹਾ, ਅਕਾਲੀ ਦਲ ਆਈ ਟੀ ਵਿੰਗ ਅਤੇ ਅਕਾਲੀ ਸੁਪਰੀਮੋ ਵਿਰੁੱਧ ਪਰਚਾ ਦਰਜ ਕੀਤਾ ਜਾਵੇ, ਮੈਂ ਤੁਹਾਨੂੰ ਨਿਮਰਤਾ ਸਹਿਤ ਬੇਨਤੀ ਕਰਦਾ ਹਾਂ ਕਿ ਇਸ ਬਹੁਤ ਹੀ ਸੰਵੇਦਨਸ਼ੀਲ ਮੁੱਦੇ ਨੂੰ ਰਾਜਨੀਤੀ ਤੋਂ ਪਰੇ ਰੱਖਕੇ ਸਹੀ ਤੇ ਉਚਿਤ ਕਾਰਵਾਈ ਕੀਤੀ ਜਾਵੇ । ਮੈਨੂੰ ਪੂਰਾ ਵਿਸ਼ਵਾਸ ਹੈ ਕਿ ਤੁਸੀਂ ਸਮੁੱਚੀ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਉਹਨਾਂ ਸਾਰੇ ਛੋਟੇ ਤੇ ਵੱਡੇ ਆਗੂਆਂ ਵਿਰੁੱਧ ਬਣਦੀ ਕਾਰਵਾਈ ਜ਼ਰੂਰ ਕਰੋਗੇ ।

# ਕਈ ਭਾਰਤੀ ਜਹਾਜ਼ਾਂ ਨੂੰ ਧਮਕੀ ਕਾਰਨ ਯਾਤਰੀਆਂ 'ਚ ਦਹਿਸ਼ਤ ਦਾ ਮਾਹੌਲ



ਨਵੀਂ ਦਿੱਲੀ : ਏਅਰ ਇੰਡੀਆ ਐਕਸਪ੍ਰੈੱਸ ਦੇ ਜਹਾਜ਼ ਨੂੰ ਬੰਬ ਦੀ ਧਮਕੀ ਮਿਲਣ ਤੋਂ ਬਾਅਦ ਦਹਿਸ਼ਤ ਫੈਲ ਗਈ। ਇਹ ਘਟਨਾ ਮੰਗਲਵਾਰ ਰਾਤ ਦੀ ਹੈ, ਜਦੋਂ ਮਦੁਰਾਈ ਤੋਂ ਸਿੰਗਾਪੁਰ ਜਾ ਰਹੀ ਫਲਾਈਟ ਆਈ ਐਕਸ 684 ਨੂੰ ਇੱਕ ਚਿੰਤਾਜਨਕ ਈਮੇਲ ਮਿਲੀ। ਧਮਕੀ ਦੇ ਬਾਅਦ, ਸਿੰਗਾਪੁਰ ਨੇ ਸੁਰੱਖਿਆ ਉਪਾਅ ਵਜੋਂ ਜਹਾਜ਼ ਨੂੰ ਆਬਾਦੀ ਵਾਲੇ ਖੇਤਰਾਂ ਤੋਂ ਦੂਰ ਮੋੜਨ ਲਈ ਦੋ ਐਫ.-15ਐੱਸ.ਜੀ. ਲੜਾਕੂ ਜਹਾਜ਼ ਤਾਇਨਾਤ ਕੀਤੇ। ਸਿੰਗਾਪੁਰ ਦੇ ਰੱਖਿਆ ਮੰਤਰੀ ਐਨਜੀ ਏਂਗ ਹੇਨ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਜਹਾਜ਼ ਰਾਤ 10 ਵਜੇ ਦੇ ਕਰੀਬ ਚਾਂਗੀ ਹਵਾਈ ਅੱਡੇ 'ਤੇ ਸੁਰੱਖਿਅਤ ਉਤਰਿਆ। ਇਸ ਤੋਂ ਥੋੜ੍ਹੀ ਦੇਰ ਬਾਅਦ, ਜਹਾਜ਼ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ, ਜੋ ਜਾਂਚ ਪ੍ਰਕਿਰਿਆ ਸ਼ੁਰੂ ਕਰ ਸਕਦੀ ਹੈ।

ਮੰਗਲਵਾਰ ਨੂੰ ਸੱਤ ਹੋਰ ਭਾਰਤੀ ਉਡਾਣਾਂ ਨੂੰ ਵੀ ਬੰਬ ਦੀ ਧਮਕੀ ਮਿਲੀ ਸੀ। ਇਨ੍ਹਾਂ ਵਿਚ ਦਿੱਲੀ-ਸ਼ਿਕਾਗੋ ਏਅਰ ਇੰਡੀਆ ਦੀ ਉਡਾਣ, ਜੈਪੁਰ-ਬੈਂਗਲੁਰੂ ਏਅਰ ਇੰਡੀਆ ਐਕਸਪ੍ਰੈੱਸ, ਦਮਾਮ-ਲਖਨਊ ਇੰਡੀਗੋ, ਦਰਭੰਗਾ-ਮੁੰਬਈ ਸਪਾਈਸ ਜੈੱਟ, ਸਿਲੀਗੁੜੀ-ਬੈਂਗਲੁਰੂ ਅਕਾਸਾ ਏਅਰ ਅਤੇ ਅੰਮ੍ਰਿਤਸਰ-ਦੇਹਰਾਦੂਨ-ਦਿੱਲੀ ਅਲਾਇੰਸ ਏਅਰ ਦੀਆਂ ਉਡਾਣਾਂ ਸ਼ਾਮਲ ਹਨ। ਇਹ ਸਥਿਤੀ ਯਾਤਰੀਆਂ ਲਈ ਬੇਹੱਦ ਚਿੰਤਾਜਨਕ ਸੀ ਅਤੇ ਇਸ ਦੀ ਗੰਭੀਰਤਾ ਨੂੰ ਦੇਖਦੇ ਹੋਏ ਸਾਰੀਆਂ ਸਬੰਧਤ ਸੁਰੱਖਿਆ ਏਜੰਸੀਆਂ ਸਰਗਰਮ ਹੋ ਗਈਆਂ। ਦਿੱਲੀ-ਸ਼ਿਕਾਗੋ ਫਲਾਈਟ ਨੂੰ ਵਿਸ਼ੇਸ਼ ਜਾਂਚ ਲਈ ਕੈਨੇਡਾ ਭੇਜਿਆ ਗਿਆ ਸੀ। ਇਸ ਦੇ ਨਾਲ ਹੀ ਅਯੁੱਧਿਆ ਹਵਾਈ ਅੱਡੇ 'ਤੇ ਏਅਰ ਇੰਡੀਆ ਐਕਸਪ੍ਰੈਸ ਦੀ ਉਡਾਣ ਦੀ ਸੁਰੱਖਿਆ ਜਾਂਚ ਕੀਤੀ ਗਈ। ਹੋਰ ਉਡਾਣਾਂ, ਜਿਵੇਂ ਕਿ ਸਪਾਈਸਜੈੱਟ ਅਤੇ ਅਕਾਸਾ ਏਅਰ ਦੀਆਂ ਉਡਾਣਾਂ, ਸੁਰੱਖਿਅਤ ਉਤਰੀਆਂ ਅਤੇ ਸਾਰੇ ਸਾਵਧਾਨੀ ਦੇ ਉਪਾਅ ਕੀਤੇ ਗਏ ਸਨ। ਵੱਖ-ਵੱਖ ਜਹਾਜ਼ਾਂ ਨੂੰ ਮਿਲੀਆਂ ਧਮਕੀਆਂ ਕਾਰਨ ਜਿੱਥੇ ਹਜ਼ਾਰਾਂ ਯਾਤਰੀ ਪ੍ਰਭਾਵਿਤ ਹੋਏ, ਉਥੇ ਉਨ੍ਹਾਂ ਵਿਚ ਦਹਿਸ਼ਤ ਦਾ ਮਾਹੌਲ ਵੀ ਪਾਇਆ ਗਿਆ।

# ਅਮਰੀਕਾ ਨੇ ਭਾਰਤ ਨੂੰ ਆਪਣੇ ਅਧਿਕਾਰੀ ਖ਼ਿਲਾਫ਼ ਕਾਰਵਾਈ ਲਈ ਕਿਹਾ



ਨਵੀਂ ਦਿੱਲੀ : ਵੱਖਵਾਦੀ ਆਗੂ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ 'ਕੋਸ਼ਿਸ਼' ਮਾਮਲੇ ਵਿਚ ਅਮਰੀਕੀ ਨਿਆਂ ਵਿਭਾਗ ਵੱਲੋਂ ਮੁਲਜ਼ਮ ਠਹਿਰਾਏ ਭਾਰਤੀ ਪੁਲੀਸ ਅਧਿਕਾਰੀ ਤੋਂ ਪੁੱਛ-ਪੜਤਾਲ ਦੀ ਕੀਤੀ ਜਾ ਰਹੀ ਮੰਗ ਦਰਮਿਆਨ ਭਾਰਤ ਤੇ ਅਮਰੀਕਾ ਦੇ ਰਿਸ਼ਤਿਆਂ ਵਿਚ ਨਵੇਂ ਸਿਰੇ ਤੋਂ ਤਲਖੀ ਪੈਦਾ ਹੋਣ ਦੇ ਆਸਾਰ ਹਨ। ਡਿਪਟੀ ਕੌਮੀ ਸੁਰੱਖਿਆ ਸਲਾਹਕਾਰ ਦੀ ਸ਼ਮੂਲੀਅਤ ਵਾਲੀ ਭਾਰਤੀ ਜਾਂਚ ਕਮੇਟੀ 'ਕੁਝ ਵਿਅਕਤੀ ਵਿਸ਼ੇਸ਼' ਦੀਆਂ ਸਰਗਰਮੀਆਂ ਦੀ ਪੜਤਾਲ ਲਈ ਵਾਸ਼ਿੰਗਟਨ ਡੀਸੀ ਵਿਚ ਹੈ। ਕਮੇਟੀ ਨੇ ਵਿਦੇਸ਼ ਵਿਭਾਗ ਤੇ ਨਿਆਂ ਵਿਭਾਗ ਦੇ ਅਧਿਕਾਰੀਆਂ ਨਾਲ ਬੈਠਕ ਦੌਰਾਨ ਅਮਰੀਕਾ ਦੇ ਇਨ੍ਹਾਂ ਦੋਸ਼ਾਂ ਨੂੰ ਗੰਭੀਰਤਾ ਨਾਲ ਲੈਣ ਦਾ ਦਾਅਵਾ ਕੀਤਾ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਤਰਜਮਾਨ ਮੈਥਿਊ ਮਿੱਲਰ ਨੇ ਕਿਹਾ, ''ਸਾਡੇ ਕੋਲ ਇਸ ਬੈਠਕ ਬਾਰੇ ਬਹੁਤੀ ਤਫ਼ਸੀਲ ਨਹੀਂ ਹੈ। ਇਹ ਬੈਠਕ ਭਾਰਤ ਸਰਕਾਰ ਦੇ ਸਿਖਰਲੇ ਪੱਧਰ ਦੇ ਅਧਿਕਾਰੀਆਂ ਨਾਲ ਪਿਛਲੇ ਕਈ ਮਹੀਨਿਆਂ ਤੋਂ ਜਾਰੀ ਗੱਲਬਾਤ ਦਾ ਹੀ ਫਾਲੋਅੱਪ ਸੀ। ਉਨ੍ਹਾਂ ਸਾਨੂੰ ਕਿਹਾ ਕਿ ਉਹ(ਭਾਰਤ) ਦੋਸ਼ਾਂ ਨੂੰ ਗੰਭੀਰਤਾ ਨਾਲ ਲੈ ਰਹੇ ਹਨ।'' ਨਿਆਂ ਵਿਭਾਗ ਦੀ ਜਾਂਚ ਵਿਚ ਭਾਰਤ ਸਰਕਾਰ ਦੇ ਇਸ ਮੁਲਾਜ਼ਮ ਨੂੰ 'ਸੀਸੀ 1' ਵਜੋਂ ਸੂਚੀਬੰਦ ਕੀਤਾ ਗਿਆ ਸੀ। ਸੂਤਰ ਨੇ ਕਿਹਾ ਕਿ 'ਸੀਸੀ 1' ਇਕ ਪੁਲੀਸ ਅਧਿਕਾਰੀ ਹੈ, ਜੋ ਉੱਤਰੀ ਅਮਰੀਕਾ ਵਿਚ ਤਾਇਨਾਤ ਸੀ ਤੇ ਹੁਣ ਭਾਰਤ ਵਿਚ ਪੋਸਟਿਡ ਹੈ। ਅਮਰੀਕੀ ਨਿਆਂ ਵਿਭਾਗ ਨੇ ਕਿਹਾ, ''ਭਾਰਤ ਨੇ ਅਮਰੀਕਾ ਨੂੰ ਸੂਚਿਤ ਕੀਤਾ ਹੈ ਕਿ ਸਾਬਕਾ ਸਰਕਾਰੀ ਮੁਲਾਜ਼ਮ ਨਾਲ ਜੁੜਦੀਆਂ ਹੋਰਨਾਂ ਕੜੀਆਂ ਦੀ ਜਾਂਚ ਲਈ ਉਸ ਵੱਲੋਂ ਕੋਸ਼ਿਸ਼ਾਂ ਜਾਰੀ ਹਨ ਤੇ ਲੋੜ ਮੁਤਾਬਕ ਅਗਲੀ ਕਾਰਵਾਈ ਬਾਰੇ ਫੈਸਲਾ ਕੀਤਾ ਜਾਵੇਗਾ।'' ਪੰਨੂ ਕੇਸ ਬਾਰੇ ਵਿਚਾਰ ਚਰਚਾ, ਮੌਜੂਦਾ ਜਾਂਚ ਦੀ ਕੜੀ ਵਜੋਂ ਅਤੇ ਅਮਰੀਕੀ ਅਥਾਰਿਟੀਜ਼ ਤੋਂ ਹੋਰ ਅਪਡੇਟ ਲਈ ਭਾਰਤੀ ਜਾਂਚ ਕਮੇਟੀ ਵਾਸ਼ਿੰਗਟਨ ਡੀਸੀ 'ਚ ਹੈ। ਇਸ ਤੋਂ ਪਹਿਲਾਂ ਸਤੰਬਰ ਵਿਚ ਅਮਰੀਕੀ ਸੰਘੀ ਕੋਰਟ ਨੇ ਵੱਖਰੇ ਤੌਰ 'ਤੇ ਭਾਰਤ ਸਰਕਾਰ, ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਤੇ ਹੋਰਨਾਂ ਨੂੰ ਸੰਮਨ ਜਾਰੀ ਕੀਤੇ ਸਨ। ਭਾਰਤ ਦੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਉਦੋਂ ਇਨ੍ਹਾਂ ਸੰਮਨਾਂ ਨੂੰ 'ਪੂਰੀ ਤਰ੍ਹਾਂ ਗ਼ੈਰਵਾਜਬ ਤੇ ਬੇਬੁਨਿਆਦ ਦੋਸ਼ਾਂ' ਉੱਤੇ ਅਧਾਰਿਤ ਦੱਸਿਆ ਸੀ। ਨਿਊ ਯਾਰਕ ਦੀ ਕੋਰਟ ਨੇ ਖਾਲਿਸਤਾਨ ਪੱਖੀ ਗੁਰਪਤਵੰਤ ਸਿੰਘ ਪੰਨੂ ਵੱਲੋਂ ਦਾਇਰ ਫੌਜਦਾਰੀ ਕੇਸ ਵਿਚ ਇਹ ਸੰਮਨ ਜਾਰੀ ਕੀਤੇ ਸਨ। ਨਿਊ ਯਾਰਕ ਦੀ ਅਮਰੀਕੀ ਜ਼ਿਲ੍ਹਾ ਕੋਰਟ ਵੱਲੋਂ ਜਾਰੀ ਸੰਮਨਾਂ ਵਿਚ ਭਾਰਤ ਸਰਕਾਰ, ਕੌਮੀ ਸੁਰੱਖਿਆਸਲਾਹਕਾਰ ਅਜੀਤ ਡੋਵਾਲ, 'ਰਾਅ' ਦੇ ਸਾਬਕਾ ਮੁਖੀ ਸਾਮੰਤ ਗੋਇਲ, ਰਾਅ ਦੇ ਵਿਕਰਮ ਯਾਦਵ ਤੇ ਭਾਰਤੀ ਕਾਰੋਬਾਰੀ ਨਿਖਿਲ ਗੁਪਤਾ ਦੇ ਨਾਮ ਸ਼ਾਮਲ ਸਨ। ਪਿਛਲੇ ਸਾਲ ਨਵੰਬਰ ਵਿਚ ਸਰਕਾਰੀ ਵਕੀਲਾਂ ਨੇ ਗੁਪਤਾ 'ਤੇ ਅਮਰੀਕਾ ਵਿਚ ਪੰਨੂ ਸਣੇ ਚਾਰ ਸਿੱਖ ਵੱਖਵਾਦੀਆਂ ਦੀ ਹੱਤਿਆ ਦੀ ਸਾਜ਼ਿਸ਼ ਘੜਨ ਦਾ ਦੋਸ਼ ਲਾਇਆ ਸੀ। ਗੁਪਤਾ ਨੇ ਹਾਲਾਂਕਿ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ। ਵਕੀਲਾਂ ਨੇ ਦਾਅਵਾ ਕੀਤਾ ਸੀ ਕਿ ਗੁਪਤਾ ਨੂੰ ਕਤਲ ਦੀਆਂ ਇਨ੍ਹਾਂ ਸਾਜ਼ਿਸ਼ਾਂ ਨੂੰ ਅੰਜਾਮ ਦੇਣ ਲਈ ਮਈ 2023 ਵਿਚ ਭਰਤੀ ਕੀਤਾ ਗਿਆ ਸੀ। ਅਮਰੀਕਾ ਦਾ ਦਾਅਵਾ ਹੈ ਕਿ ਗੁਪਤਾ ਨੇ ਪੰਨੂ ਦੀ ਹੱਤਿਆ ਲਈ ਭਾੜੇ ਦੇ ਕਾਤਲ ਨੂੰ 1 ਲੱਖ ਡਾਲਰ (80 ਲੱਖ ਰੁਪਏ) ਨਗ਼ਦ ਦਿੱਤੇ ਸਨ।












# ਸਲਮਾਨ ਖ਼ਾਨ ਦੀ Y+ ਸੁਰੱਖਿਆ ਹੋਈ ਹੋਰ ਸਖ਼ਤ !

## ਗਲੈਕਸੀ ਅਪਾਰਟਮੈਂਟ ਦੇ ਬਾਹਰ ਵੱਡੀ ਗਿਣਤੀ 'ਚ ਪੁਲਿਸ ਤਾਇਨਾਤ





ਬਾਬਾ ਸਿੱਦੀਕੀ ਦੇ ਕਤਲ ਤੋਂ ਬਾਅਦ ਮੁੰਬਈ ਸ਼ਹਿਰ ਦੇ ਨਾਲ-ਨਾਲ ਬਾਲੀਵੁੱਡ ਇੰਡਸਟਰੀ 'ਚ ਵੀ ਸੋਗ ਦਾ ਮਾਹੌਲ ਹੈ। ਬਾਲੀਵੁੱਡ ਸੁਪਰਸਟਾਰ ਸਲਮਾਨ ਖਾਨ ਸਦਮੇ 'ਚ ਹਨ। 12 ਅਕਤੂਬਰ ਨੂੰ ਨੇਤਾ ਬਾਬਾ ਸਿੱਦੀਕੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਮਾਮਲੇ ਦੀ ਜਾਂਚ ਜਾਰੀ ਹੈ। ਇਨ੍ਹਾਂ ਘਟਨਾਵਾਂ ਨੂੰ ਦੇਖਦੇ ਹੋਏ ਸਲਮਾਨ ਖਾਨ ਦੇ ਗਲੈਕਸੀ ਅਪਾਰਟਮੈਂਟ ਦੇ ਆਲੇ-ਦੁਆਲੇ ਦਾ ਇਲਾਕਾ ਹੁਣ ਸੁੰਨਸਾਨ ਹੋ ਗਿਆ ਹੈ, ਜਿੱਥੇ ਉੱਥੇ ਖੜ੍ਹੇ ਲੋਕਾਂ ਨੂੰ ਸੈਲਫੀ ਜਾਂ ਵੀਡੀਓ ਲੈਣ ਲਈ ਇਕ ਪਲ ਲਈ ਵੀ ਰੁਕਣ ਦੀ ਮਨਾਹੀ ਕਰ ਦਿੱਤੀ ਗਈ ਹੈ।

ਪੁਲਿਸ ਨੇ ਚਾਰੇ ਪਾਸਿਓਂ ਘੇਰਾਬੰਦੀ ਕਰਕੇ ਸਲਮਾਨ ਖ਼ਾਨ ਦਾ ਘਰ ਪ੍ਰਭਾਵਸ਼ਾਲੀ ਢੰਗ ਨਾਲ ਕਿਲ੍ਹੇ ਵਿੱਚ ਤਬਦੀਲ ਹੋ ਗਿਆ ਹੈ। ਮੀਡੀਆ ਕਰਮੀਆਂ ਨੂੰ ਇਸ ਖੇਤਰ ਵਿੱਚ ਸ਼ੂਟਿੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ ਹੈ। ਹਾਲਾਂਕਿ, ਗਲੀ ਦੇ ਪਾਸੇ ਲਗਾਏ ਗਏ ਸੀਸੀਟੀਵੀ ਕੈਮਰੇ ਅਪਾਰਟਮੈਂਟ ਦੇ ਬਾਹਰ ਕਿਸੇ ਵੀ ਗਤੀਵਿਧੀ ਨੂੰ ਕੈਦ ਕਰਨ ਦੇ ਸਮਰੱਥ ਹਨ। ਗਲੈਕਸੀ ਅਪਾਰਟਮੈਂਟ ਦੇ ਬਾਹਰ ਦਾ ਰਸਤਾ ਪੁਰਸ਼ ਅਤੇ ਮਹਿਲਾ ਪੁਲਿਸ ਕਾਂਸਟੇਬਲਾਂ ਦੁਆਰਾ ਸਖਤ ਪਹਿਰਾ ਹੈ।

ਸਲਮਾਨ ਖਾਨ ਨੂੰ ਉਨ੍ਹਾਂ ਦੇ ਕਰੀਬੀ ਦੋਸਤ ਅਤੇ ਮਹਾਰਾਸ਼ਟਰ ਦੇ ਸਾਬਕਾ ਮੰਤਰੀ ਬਾਬਾ ਸਿੱਦੀਕੀ ਦੇ ਕਤਲ ਤੋਂ ਬਾਅਦ ਵਾਧੂ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ। ਇਸ ਦੁਖਦਾਈ ਘਟਨਾ ਤੋਂ ਬਾਅਦ, ਸਲਮਾਨ ਖਾਨ ਦੀ ਸੁਰੱਖਿਆ ਨੂੰ ਵਾਈ-ਪਲੱਸ 'ਤੇ ਅਪਗ੍ਰੇਡ ਕੀਤਾ ਗਿਆ ਸੀ, ਜਿਸ ਵਿਚ ਇਕ ਪੁਲਿਸ ਐਸਕਾਰਟ ਵਾਹਨ ਵੀ ਸ਼ਾਮਲ ਹੈ।

ਵਾਈ-ਪਲੱਸ ਸਿਕਿਓਰਿਟੀ ਸਲਮਾਨ ਖਾਨ ਨੂੰ ਇੱਕ ਨਿੱਜੀ ਸੁਰੱਖਿਆ ਅਧਿਕਾਰੀ ਅਤੇ ਇੱਕ ਐਸਕਾਰਟ ਵਾਹਨ ਪ੍ਰਦਾਨ ਕਰਦੀ ਹੈ, ਜੋ ਹੁਣ ਉਸਦੀ ਯਾਤਰਾ ਦੌਰਾਨ ਨਿਰੰਤਰ ਮੌਜੂਦ ਰਹੇਗੀ। ਵੱਖ-ਵੱਖ ਹਥਿਆਰਾਂ ਦੀ ਵਰਤੋਂ ਕਰਨ ਵਿੱਚ ਸਿਖਲਾਈ ਪ੍ਰਾਪਤ ਇੱਕ ਕਾਂਸਟੇਬਲ ਵੀ ਹਰ ਸਮੇਂ ਅਭਿਨੇਤਾ ਦੇ ਨਾਲ ਹੁੰਦਾ ਹੈ, ਉਸਦੀ ਸੁਰੱਖਿਆ ਨੂੰ ਯਕੀਨੀ ਬਣਾਉਂਦਾ ਹੈ। ਮੁੰਬਈ ਪੁਲਿਸ ਦੇ ਅਨੁਸਾਰ, ਸੁਰੱਖਿਆ ਪ੍ਰਬੰਧ ਮਜ਼ਬੂਤ ਕੀਤੇ ਗਏ ਹਨ, ਖਾਸ ਤੌਰ 'ਤੇ ਸਲਮਾਨ ਖਾਨ ਦੇ ਪਨਵੇਲ ਫਾਰਮ ਹਾਊਸ ਦੇ ਆਲੇ-ਦੁਆਲੇ, ਜਿੱਥੇ ਇਮਾਰਤ ਦੇ ਅੰਦਰ ਅਤੇ ਬਾਹਰ ਨਿਗਰਾਨੀ ਲਈ ਕਰਮਚਾਰੀਆਂ ਨੂੰ ਤਾਇਨਾਤ ਕੀਤਾ ਗਿਆ ਹੈ।

# 'ਕਮਲਾ ਹੈਰਿਸ ਨੂੰ ਵੋਟ ਪਾਉਣ ਲਈ ਜਿਉਣ ਦੀ ਕੋਸ਼ਿਸ਼ ਕਰ ਰਿਹਾਂ ਹਾਂ'



ਪਲੇਨਜ਼ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਿੰਮੀ ਕਾਰਟਰ ਨੇ ਬੁੱਧਵਾਰ ਨੂੰ 2024 ਦੀਆਂ ਚੋਣਾਂ ਲਈ ਵੋਟ ਪਾਈ। ਕਾਰਟਰ ਸੈਂਟਰ ਨੇ ਇੱਕ ਬਿਆਨ 'ਚ ਪੁਸ਼ਟੀ ਕੀਤੀ ਕਿ ਸਾਬਕਾ ਰਾਸ਼ਟਰਪਤੀ ਨੇ ਡਾਕ ਰਾਹੀਂ ਵੋਟ ਪਾਈ। ਸਿਰਫ਼ ਦੋ ਹਫ਼ਤੇ ਪਹਿਲਾਂ (ਅਕਤੂਬਰ 1 ਨੂੰ), ਕਾਰਟਰ ਨੇ ਪਲੇਨਜ਼, ਜਾਰਜੀਆ 'ਚ ਆਪਣੇ ਘਰ 'ਚ ਆਪਣਾ 100ਵਾਂ ਜਨਮ ਦਿਨ ਮਨਾਇਆ ਸੀ। ਉਹ ਇੱਥੇ ਹਾਸਪਾਈਸ ਕੇਅਰ 'ਚ ਰਹਿੰਦੇ ਹਨ। ਉਨ੍ਹਾਂ ਦੇ ਬੇਟੇ ਚਿੱਪ ਕਾਰਟਰ ਨੇ ਪਰਿਵਾਰਕ ਸਮਾਰੋਹ ਤੋਂ ਪਹਿਲਾਂ ਕਿਹਾ ਕਿ ਉਨ੍ਹਾਂ ਦੇ ਪਿਤਾ ਨੂੰ ਚੋਣ ਯਾਦ ਹੈ। ਉਹ ਨਵੀਨਤਮ ਘਟਨਾਵਾਂ 'ਤੇ ਪੂਰੀ ਤਰ੍ਹਾਂ ਅਪ ਟੂ ਡੇਟ ਰਹਿੰਦੇ ਹਨ। ਉਸ ਨੇ ਦੱਸਿਆ ਕਿ ਮੈਂ ਦੋ ਮਹੀਨੇ ਪਹਿਲਾਂ ਉਨ੍ਹਾਂ (ਜਿੰਮੀ ਕਾਰਟਰ) ਨੂੰ ਪੁੱਛਿਆ ਸੀ ਕਿ ਕੀ ਉਹ 100 ਤੱਕ ਜਿਉਣ ਦੀ ਕੋਸ਼ਿਸ਼ ਕਰ ਰਹੇ ਹਨ, ਤਾਂ ਉਨ੍ਹਾਂ ਨੇ ਕਿਹਾ, ਨਹੀਂ ! ਮੈਂ ਕਮਲਾ ਹੈਰਿਸ ਨੂੰ ਵੋਟ ਪਾਉਣ ਲਈ ਜੀਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਕਾਰਟਰ ਸੈਂਟਰ ਦੇ ਇੱਕ ਸੰਖੇਪ ਬਿਆਨ 'ਚ ਕਿਹਾ ਗਿਆ ਹੈ ਕਿ ਇਸ ਕੋਲ ਸਾਂਝਾ ਕਰਨ ਲਈ ਕੋਈ ਹੋਰ ਵੇਰਵੇ ਨਹੀਂ ਹਨ। ਰਾਜ ਦੇ ਸਕੱਤਰ ਬ੍ਰੈਡ ਰੈਫੇਨਸਪਰਗਰ ਨੇ ਕਿਹਾ ਕਿ ਮੰਗਲਵਾਰ ਨੂੰ ਵੋਟਿੰਗ ਸ਼ੁਰੂ ਹੋਣ ਤੋਂ ਬਾਅਦ ਜਾਰਜੀਆ ਦੇ ਰਜਿਸਟਰਡ ਵੋਟਰ ਰਿਕਾਰਡ ਸੰਖਿਆ 'ਚ ਬਾਹਰ ਆ ਰਹੇ ਹਨ। ਬੁੱਧਵਾਰ ਦੁਪਹਿਰ ਤੱਕ ਲਗਭਗ 460,000 ਲੋਕਾਂ ਨੇ ਵਿਅਕਤੀਗਤ ਤੌਰ 'ਤੇ ਜਾਂ ਡਾਕ ਰਾਹੀਂ ਵੋਟ ਪਾਈ ਸੀ।

# ਲਿਬਰਲ ਪਾਰਟੀ ਦੇ ਇਕ ਹੋਰ ਐਮ.ਪੀ. ਨੇ ਟਰੂਡੋ ਦਾ ਅਸਤੀਫ਼ਾ ਮੰਗਿਆ



ਔਟਵਾ : ਲਿਬਰਲ ਪਾਰਟੀ ਦੇ ਇਕ ਹੋਰ ਐਮ.ਪੀ. ਵੱਲੋਂ ਜਨਤਕ ਤੌਰ 'ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਕੁਰਸੀ ਛੱਡਣ ਦਾ ਸੱਦਾ ਦਿਤਾ ਗਿਆ ਹੈ। ਪ੍ਰਿੰਸ ਐਡਵਰਡ ਆਇਲੈਂਡ ਦੇ ਸ਼ਾਰਲੇਟਾਊਨ ਤੋਂ ਐਮ.ਪੀ. ਸ਼ੌਨ ਕੇਸੀ ਨੇ ਕਿਹਾ ਕਿ ਉਨ੍ਹਾਂ ਦੀ ਰਾਈਡਿੰਗ ਵਿਚੋਂ ਸਪੱਸ਼ਟ ਸੁਨੇਹਾ ਆ ਰਿਹਾ ਹੈ ਕਿ ਟਰੂਡੋ ਨੂੰ ਹੁਣ ਲਾਂਭੇ ਹੋ ਜਾਣਾ ਚਾਹੀਦਾ ਹੈ ਜਿਸ ਨਾਲ ਉਹ ਪੂਰੀ ਤਰ੍ਹਾਂ ਸਹਿਮਤ ਹਨ। ਡੇਵਿਡ ਕੌਕਰਨ ਨਾਲ ਇਕ ਖਾਸ ਇੰਟਰਵਿਊ ਦੌਰਾਨ ਉਨ੍ਹਾਂ ਕਿਹਾ ਕਿ ਲੋਕਾਂ ਦਾ ਸਬਰ ਜਵਾਬ ਦੇ ਚੁੱਕਾ ਹੈ ਅਤੇ ਉਹ ਹੁਣ ਟਰੂਡੋ ਨੂੰ ਬਰਦਾਸ਼ਤ ਨਹੀਂ ਕਰ ਸਕਦੇ।

ਲਿਬਰਲ ਪਾਰਟੀ ਦੇ ਘੱਟੋ ਘੱਟ 20 ਐਮ.ਪੀਜ਼ ਵੱਲੋਂ ਟਰੂਡੋ ਵਿਰੁੱਧ ਬਗਾਵਤ ਦੀਆਂ ਕਨਸੋਆਂ ਸਾਹਮਣੇ ਆਉਣ ਮਗਰੋਂ ਸ਼ੌਨ ਕੇਸੀ ਪਹਿਲੇ ਐਮ.ਪੀ. ਨੇ ਜਿਨ੍ਹਾਂ ਵੱਲੋਂ ਜਨਤਕ ਤੌਰ 'ਤੇ ਟਰੂਡੋ ਨੂੰ ਚੁਣੌਤੀ ਦਿਤੀ ਗਈ ਹੈ।

**ਸ਼ੌਨ ਕੇਸੀ ਨੇ ਕਿਹਾ, ਟਰੂਡੋ ਤੋਂ ਅੱਕ ਚੁੱਕੇ ਨੇ ਮੇਰੀ ਰਾਈਡਿੰਗ ਦੇ ਲੋਕ**

ਸ਼ੌਨ ਕੇਸੀ ਨੂੰ ਜਦੋਂ ਗੁਪਤ ਮੀਟਿੰਗਾਂ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਉਹ ਕੁਝ ਸਰਗਰਮੀਆਂ ਬਾਰੇ ਜਾਣਦੇ ਹਨ ਪਰ ਅਜਿਹੀ ਕਿਸੇ ਵੀ ਮੀਟਿੰਗ ਵਿਚ ਕਦੇ ਸ਼ਾਮਲ ਨਹੀਂ ਹੋਏ। ਉਨ੍ਹਾਂ ਅੱਗੇ ਕਿਹਾ ਕਿ ਜੇ ਅਗਲੀਆਂ ਚੋਣਾਂ ਵੀ ਟਰੂਡੋ ਦੀ ਅਗਵਾਈ ਹੇਠ ਲੜੀਆਂ ਗਈਆਂ ਤਾਂ ਵਿਰੋਧੀਆਂ ਨੂੰ ਸਿੱਧੇ ਤੌਰ 'ਤੇ ਫਾਇਦਾ ਹੋਵੇਗਾ। ਸ਼ਾਰਲੇਟਾਊਨ ਦੇ ਲੋਕਾਂ ਨੇ ਮੈਨੂੰ ਐਮ.ਪੀ. ਬਣਾਉਂਦਿਆਂ ਜ਼ਿੰਮੇਵਾਰੀ ਸੌਂਪੀ ਸੀ ਕਿ ਪਿਅਰੇ ਪੌਇਲੀਐਵ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਤੋਂ ਦੂਰ ਰੱਖਿਆ ਜਾਵੇ ਅਤੇ ਇਹ ਸੰਘਰਸ਼ ਹਰ ਹੀਲੇ ਕੀਤਾ ਜਾਵੇਗਾ। ਸ਼ੌਨ ਕੇਸੀ ਨੇ ਦੱਸਿਆ ਕਿ ਬੀਤੇ ਜੁਲਾਈ ਮਹੀਨੇ ਦੌਰਾਨ ਟਰੂਡੋ ਨਾਲ ਫੋਨ 'ਤੇ ਗੱਲਬਾਤ ਕਰਦਿਆਂ ਵੀ ਉਨ੍ਹਾਂ ਨੇ ਸਾਫ਼ ਲਫਜ਼ਾਂ ਵਿਚ ਆਖ ਦਿਤਾ ਸੀ ਕਿ ਪਾਰਟੀ ਨੂੰ ਨਵੀਂ ਲੀਡਰਸ਼ਿਪ ਦੀ ਜ਼ਰੂਰਤ ਹੈ।

# ਯੂਨਾਨ: ਪ੍ਰਵਾਸੀਆਂ ਨੂੰ ਲਿਜਾ ਰਹੀ ਕਿਸ਼ਤੀ ਡੁੱਬੀ, 2 ਬੱਚਿਆਂ ਸਣੇ 4 ਦੀ ਮੌਤ

ਏਥਨਜ਼ : ਪ੍ਰਵਾਸੀਆਂ ਅਤੇ ਸ਼ਰਨਾਰਥੀਆਂ ਨੂੰ ਲੈ ਕੇ ਜਾ ਰਹੀ ਇਕ ਕਿਸ਼ਤੀ ਮੰਗਲਵਾਰ ਸ਼ਾਮ ਨੂੰ ਏਜੀਅਨ ਸਾਗਰ ਵਿਚ ਯੂਨਾਨੀ ਟਾਪੂ ਕੋਸ ਦੇ ਤੱਟ 'ਤੇ ਡੁੱਬ ਗਈ, ਜਿਸ ਕਾਰਨ 4 ਲੋਕਾਂ ਦੀ ਮੌਤ ਹੋ ਗਈ। ਯੂਨਾਨ ਦੇ ਸਰਕਾਰੀ ਚੈਨਲ ਈ.ਆਰ.ਟੀ . ਅਨੁਸਾਰ, ਪੀੜਤਾਂ ਵਿੱਚ 2 ਔਰਤਾਂ ਅਤੇ 2 ਬੱਚੇ ਸ਼ਾਮਲ ਸਨ। ਬਚਾਅ ਕਾਰਜ ਜਾਰੀ ਹੈ। ਹੇਲੇਨਿਕ ਕੋਸਟ ਗਾਰਡ ਨੇ ਕਿਹਾ ਕਿ 26 ਲੋਕਾਂ ਨੂੰ ਪਹਿਲਾਂ ਹੀ ਬਚਾਅ ਲਿਆ ਗਿਆ ਸੀ। ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਘਟਨਾ ਦੇ ਸਮੇਂ ਕਿਸ਼ਤੀ 'ਤੇ ਕਿੰਨੇ ਲੋਕ ਸਵਾਰ ਸਨ। ਜ਼ਿਕਰਯੋਗ ਹੈ ਕਿ 2015 ਤੋਂ, ਯੂਨਾਨ ਸ਼ਰਨਾਰਥੀਆਂ ਅਤੇ ਪ੍ਰਵਾਸੀਆਂ ਦੇ ਅਨਿਯਮਿਤ ਪ੍ਰਵਾਹ ਲਈ ਯੂਰਪੀਅਨ ਯੂਨੀਅਨ ਵਿੱਚ ਪ੍ਰਮੁੱਖ ਪ੍ਰਵੇਸ਼ ਪੁਆਇੰਟਾਂ ਵਿੱਚੋਂ ਇੱਕ ਰਿਹਾ ਹੈ। ਪਿਛਲੇ 9 ਸਾਲਾਂ ਵਿੱਚ 10 ਲੱਖ ਤੋਂ ਵੱਧ ਲੋਕ ਯੂਨਾਨ ਦੇ ਤੱਟਾਂ 'ਤੇ ਪਹੁੰਚ ਚੁੱਕੇ ਹਨ।

JUSTIN TRUDEAU
IS WEAK ON CRIME. EXTORTION IS ↑ 357% SINCE HE HAS BEEN PRIME MINISTER

ਜਸਟਿਨ ਟਰੂਡੋ
ਅਪਰਾਧ ਨੂੰ ਲੈ ਕੇ ਬਿਲਕੁਲ ਸਖ਼ਤ ਨਹੀ । ਜਦੋਂ ਤੋਂ ਉਹ ਪ੍ਰਧਾਨ ਮੰਤਰੀ ਬਣੇਯਾ ਹੈ, ਵਸੂਲੀ ↑ 357% ਵੱਧ ਗਈ ਹੈ ।

**Pierre Poilievre** has always been tough on crime and will keep your family safe from extortion.

ਪੀਅਰ ਪੌਲੀਐਵ ਹਮੇਸ਼ਾ ਅਪਰਾਧ ਤੇ ਸਖ਼ਤ ਰਿਹਾ ਹੈ ਅਤੇ ਤੁਹਾਡੇ ਪਰਿਵਾਰ ਨੂੰ ਵਸੂਲੀ ਤੋਂ ਸੁਰੱਖਿਅਤ ਰੱਖੇਗਾ।



TONY BALDINELLI MP
NIAGARA FALLS
PIERRE POILIEVRE
LEADER OF THE OFFICIAL OPPOSITION
TONY.BALDINELLI@PARL.GC.CA • 905-353-9590 • TONYBALDINELLIMP.CA

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ

PUNJAB STAR TV

IPTV
ROKU
eBaba Ent
webtv

ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ

ਪੰਜਾਬ ਸਟਾਰ ਟੀਵੀ

ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666

YUPPTV
GET IT ON Google Play
Shava tv
jadoo tv
Cruze tv
amazon fireTV

NOW WIDELY AVAILABLE IN AMERICA & CANADA
For informatin call Lakhwinder Sandhu
905-673-7666

ਪੰਜਾਬ ਸਟਾਰ

**To Contact Us:**

**Editor:**
Simrat Grewal
905-673-7666

**Marketing Director:**
Lakhwinder Singh Sandhu
647-400-7314

**Senior Advisors:**
Harkirat Singh
Abnash Nijjor
Davinder Sandhu
Onkar Grewal

**Technical Director :**
Bobby Bhamra

**Accounts Advisor:**
Sandeep Assi (CGA)
905-450-8999

**Correspondant:**
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

**Registered Office:**
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

**Annual Subscription**
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab Star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

# ਮੀਡੀਆ ਅਤੇ ਖੇਡਾਂ ਤੇ ਖਿਡਾਰੀ: ਪ੍ਰੋ. ਕੁਲਬੀਰ ਸਿੰਘ

ਪ੍ਰਿੰ. ਸਰਵਣ ਸਿੰਘ

ਪ੍ਰੋ.ਕੁਲਬੀਰ ਸਿੰਘ ਪੰਜਾਬੀ ਮੀਡੀਏ ਦਾ ਜਾਣਿਆ ਪਛਾਣਿਆਂ ਨਾਂ ਹੈ। ਚਾਲੀ ਕੁ ਸਾਲ ਪਹਿਲਾਂ ਜਦੋਂ ਉਹ ਢੁੱਡੀਕੇ ਕਾਲਜ ਵਿਚ ਪੜ੍ਹਾਉਣ ਲੱਗਾ ਤਾਂ ਬੇਪਛਾਣ ਸੀ। ਪਰ ਸਮਾਂ ਪਾ ਕੇ ਉਸ ਦੀ ਮੀਡੀਆ ਸ਼ਖ਼ਸੀਅਤ ਪੰਜਾਬ ਤੇ ਭਾਰਤ ਤੋਂ ਬਾਹਰ, ਸਿੰਗਾਪੁਰ, ਇੰਗਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ, ਅਮਰੀਕਾ ਤੇ ਕੈਨੇਡਾ ਤਕ ਪਛਾਣੀ ਜਾਣ ਲੱਗੀ ਹੈ। ਉਸ ਨੂੰ ਪੰਜਾਬ ਰਤਨ ਅਵਾਰਡ, ਸ੍ਰੋਮਣੀ ਪੱਤਰਕਾਰ ਅਵਾਰਡ, ਪੰਜਾਬੀ ਮੀਡੀਆ ਦਾ ਮਾਣ ਅਵਾਰਡ ਅਤੇ ਐਕਸੇਲੈਂਸ ਅਵਾਰਡ ਫਾਰ ਪ੍ਰਮੋਟਿੰਗ ਪੰਜਾਬੀ ਮੀਡੀਆ ਆਦਿ ਦਰਜਨ ਤੋਂ ਵੱਧ ਮਾਨ ਸਨਮਾਨ ਮਿਲ ਚੁੱਕੇ ਹਨ। ਉਸ ਦਾ ਕਾਲਮ 'ਟੈਲੀਵੀਜ਼ਨ ਸਮੀਖਿਆ' ਤੀਹ ਸਾਲਾਂ ਤੋਂ ਲਗਾਤਾਰ ਛਪ ਰਿਹੈ। ਪਹਿਲਾਂ 'ਪਰਵਾਸੀ ਪੰਜਾਬੀ ਮੀਡੀਆ' ਕਾਲਮ ਛਪਦਾ ਰਿਹਾ। ਉਸ ਦੀਆਂ ਬਿਜਲਈ ਮੀਡੀਏ ਸੰਬੰਧੀ ਪੰਜ ਪੁਸਤਕਾਂ, ਦੂਰਦਰਸ਼ਨ ਜਲੰਧਰ: ਇਤਿਹਾਸ ਤੇ ਵਿਕਾਸ, ਹੁਣ ਪ੍ਰਸਾਰਨ ਜਲੰਧਰ ਤੋਂ, ਪਰਵਾਸੀ ਪੰਜਾਬੀ ਮੀਡੀਆ ਭਾਗ ਪਹਿਲਾ, ਪਰਵਾਸੀ ਪੰਜਾਬੀ ਮੀਡੀਆ ਭਾਗ ਦੂਜਾ, ਪਹਿਲੀ ਵਿਸ਼ਵ ਪੰਜਾਬੀ ਮੀਡੀਆ ਕਾਨਫਰੰਸ ਤੇ ਸਫ਼ਰਨਾਮਾ ਆਸਟ੍ਰੇਲੀਆ ਵਿਚ ਵੀਹ ਦਿਨ, ਪ੍ਰਕਾਸ਼ਿਤ ਹੋਈਆਂ ਹਨ। ਇੰਗਲੈਂਡ-ਸਕਾਟਲੈਂਡ ਦਾ ਸਫ਼ਰਨਾਮਾ ਛਪਾਈ ਅਧੀਨ ਹੈ।

ਉਸ ਦਾ ਜਨਮ 15 ਜਨਵਰੀ 1957 ਨੂੰ ਪਿੰਡ ਛੱਜਲਵੱਡੀ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੈਡਮਾਸਟਰ ਚਾਨਣ ਸਿੰਘ ਦੇ ਘਰ ਹੋਇਆ। ਮੈਂ ਉਸ ਨੂੰ 1980ਵਿਆਂ ਤੋਂ ਜਾਣਦਾਂ ਜਦੋਂ ਉਹ ਢੁੱਡੀਕੇ ਕਾਲਜ ਵਿਚ ਮੇਰੇ ਨਾਲ ਪੰਜਾਬੀ ਪੜ੍ਹਾਉਣ ਲੱਗਾ। ਉਦੋਂ ਉਹ ਛਾਂਟਵੇਂ ਜੁੱਸੇ ਦਾ ਸੋਹਣਾ ਸੁਨੱਖਾ ਨੌਜੁਆਨ ਸੀ ਜੋ ਬੈਡਮਿੰਟਨ 'ਚ ਮੈਨੂੰ ਹਰਾ ਦਿੰਦਾ। ਜਿੱਦਣ ਖੇਡਣ ਵਾਲੇ ਚਾਰ ਜਣੇ ਜੁੜ ਜਾਂਦੇ ਉੱਦਣ ਹਰੇਕ ਉਸ ਨੂੰ ਆਪਣੀ ਟੀਮ ਵਿਚ ਪਾਉਣ ਦੀ ਮੰਗ ਕਰਦਾ। ਕੱਠੇ ਖਾਣ ਪੀਣ, ਸਿਹਤ ਬਣਾਉਣ ਤੇ ਖੇਡਣ ਮੱਲ੍ਹਣ ਦੀ ਚੇਟਕ ਉਸ ਨੂੰ ਢੁੱਡੀਕੇ ਦੇ ਮਾਹੌਲ ਨੇ ਲਾਈ ਜੋ ਉਸ ਨੇ ਨਾ ਅਬੋਹਰ-ਮੁਕਤਸਰ ਜਾ ਕੇ ਛੱਡੀ ਤੇ ਨਾ ਜਲੰਧਰ ਰਹਿੰਦਿਆਂ ਛੱਡ ਹੋਈ। ਲਾਜਪਤ ਰਾਏ ਖੇਡ ਮੇਲੇ ਢੁੱਡੀਕੇ ਦੇ ਨਜ਼ਾਰੇ ਤਾਂ ਉਸ ਨੂੰ ਹੁਣ ਤਕ ਵੀ ਨਹੀਂ ਭੁੱਲੇ ਹੋਣਗੇ। ਜੇ ਉਹ 67 ਸਾਲਾਂ ਦਾ ਅਜੇ ਵੀ ਜੁਆਨ ਦਿਸ ਰਿਹੈ ਤਾਂ ਉਹਦੇ ਪਿੱਛੇ ਸਾਡੀ ਸੰਗਤ ਦਾ ਵੀ ਕੁਝ ਨਾ ਕੁਝ ਯੋਗਦਾਨ ਤਾਂ ਹੋਵੇਗਾ ਹੀ। ਰਹਿੰਦੀ ਕਸਰ ਸਪੋਰਟਸ ਕਾਲਜ ਜਲੰਧਰ ਵਾਲਿਆਂ ਨੇ ਕੱਢ ਦਿੱਤੀ ਹੋਵੇਗੀ। ਉਹ ਐੱਮਏ ਪੰਜਾਬੀ ਆਨਰਜ਼ ਵਿਚੋਂ ਗੋਲਡ ਮੈਡਲਿਸਟ ਸੀ ਜੋ ਢੁੱਡੀਕੇ ਕਾਲਜ ਵਿਚ ਲੈਕਚਰਾਰ ਲੱਗਣ ਦੇ ਕੰਮ ਆਇਆ। ਅਸੀਂ ਉਸ ਨੂੰ ਖੁੱਲ੍ਹੇ-ਡੁੱਲ੍ਹੇ ਘਰ ਦਾ ਚੁਬਾਰਾ ਲੈ ਦਿੱਤਾ ਜਿਥੇ ਸਾਡੀਆਂ ਵੀ ਮਹਿਫ਼ਲਾਂ ਲੱਗ ਜਾਂਦੀਆਂ। ਕੁਲਬੀਰ ਸੇਵਾਭਾਵੀ ਨੌਜੁਆਨ ਸੀ ਜੋ ਸਭਨਾਂ ਦਾ ਦਿਲ ਮੋਂਹ ਲੈਂਦਾ। ਢੁੱਡੀਕੇ ਪੜ੍ਹਾਉਂਦਿਆਂ ਉਸ ਦਾ ਅਬੋਹਰ ਕਾਲਜ ਵਿਚ ਪੜ੍ਹਾਉਂਦੀ ਪ੍ਰੋ.ਕਵਲਜੀਤ ਕੌਰ ਨਾਲ ਮੰਗਣਾ ਹੋ ਗਿਆ ਜਿਸ ਨੇ ਆਪਣੇ ਮੰਗੇਤਰ ਕੁਲਬੀਰ ਨੂੰ ਚਿੱਠੀਆਂ ਲਿਖਣ ਦਾ ਰਿਕਾਰਡ ਹੀ ਤੋੜ ਦਿੱਤਾ। ਪਹਿਲਾਂ ਤੀਜੇ ਚੌਥੇ ਦਿਨ ਤੇ ਫਿਰ ਆਏ ਦਿਨ ਚਿੱਠੀ! ਪਾਣੀ ਪਿਆਉਣ ਵਾਲੀ ਮਾਈ ਚਿੱਠੀ ਸਟਾਫ ਰੂਮ 'ਚ ਲਿਆਉਂਦੀ ਤਾਂ 'ਆਗੀ' ਕਹਿ ਕੇ ਸਾਡੇ ਹਾਸੇ ਦੀਆਂ ਫੁੱਲਝੜੀਆਂ ਖਿੜਦੀਆਂ ਜੀਹਦੇ ਨਾਲ ਮਾਈ ਵੀ ਦੰਦਾਂ 'ਚ ਚੁੰਨੀ ਲੈ ਕੇ ਹੱਸਦੀ!

ਜੇ ਕਿਤੇ ਉਹ ਚਿੱਠੀਆਂ ਸੰਭਾਲ ਲਈਆਂ ਹੋਣ ਤਾਂ ਗੁਰਬਖਸ਼ ਸਿੰਘ ਪ੍ਰੀਤਲੜੀ ਦੀਆਂ ਜੀਤਾਂ ਦੇ ਨਾਂ ਚਿੱਠੀਆਂ ਵਾਂਗ ਪ੍ਰੋ. ਕਵਲਜੀਤ ਕੌਰ ਦੀਆਂ ਪ੍ਰੋ. ਕੁਲਬੀਰ ਸਿੰਘ ਦੇ ਨਾਂ ਚਿੱਠੀਆਂ ਦੀ ਵੱਖਰੀ ਕਿਤਾਬ ਬਣ ਸਕਦੀ ਹੈ। ਹੁਣ ਢੁੱਡੀਕੇ ਦਾ ਕਿੱਸਾ ਹੋਰ ਨਾ ਹੀ ਛੇੜਾਂ ਤਾਂ ਚੰਗਾ, ਨਹੀਂ ਤਾਂ ਜਸਵੰਤ ਸਿੰਘ ਕੰਵਲ ਦੀਆਂ ਗੱਲਾਂ ਤੁਰ ਪੈਣੀਆਂ ਜਿਸ ਨੇ ਕੁਲਬੀਰ ਸਿੰਘ ਨੂੰ ਮੇਰਾ ਰੇਖਾ ਚਿੱਤਰ ਲਿਖਣ ਲਈ ਪ੍ਰੇਰਿਆ ਸੀ। ਪੇਸ਼ ਹਨ ਉਹਦੀਆਂ ਖੇਡ ਲਿਖਤਾਂ:



### ਮੀਡੀਆ ਅਤੇ ਖੇਡਾਂ

ਮੀਡੀਆ ਨੇ ਖੇਡਾਂ ਦੀ ਚਮਕ ਦਮਕ ਦੂਗਣੀ ਚੌਗਣੀ ਕਰ ਦਿੱਤੀ ਹੈ। ਧਰਤੀ ਦੇ ਕਿਸੇ ਕੋਨੇ ਵਿੱਚ ਵੀ ਮੈਚ ਚੱਲਦਾ ਹੋਵੇ ਤਾਂ ਅਸੀਂ ਆਪਣੇ ਬੈਡਰੂਮ ਵਿੱਚ ਸਰ੍ਹਾਣੇ ਨਾਲ ਢੋਅ ਲਾ ਕੇ ਉਸ ਦਾ ਆਨੰਦ ਮਾਣ ਸਕਦੇ ਹਾਂ। ਹਰੇਕ ਅਖ਼ਬਾਰ ਨੇ ਖੇਡ-ਪੰਨਾ ਰਾਖਵਾਂ ਰੱਖਿਆ ਹੋਇਆ। ਹਰੇਕ ਨਿਊਜ਼ ਚੈਨਲ ਖੇਡਾਂ ਨੂੰ ਵਿਸ਼ੇਸ਼ ਥਾਂ ਦਿੰਦਾ ਹੈ। ਬਹੁਤ ਸਾਰੇ ਖੇਡ ਚੈਨਲ ਚੌਵੀ ਘੰਟੇ ਖੇਡਾਂ ਦਾ ਪ੍ਰਸਾਰਨ ਕਰਦੇ ਹਨ। ਇੱਕ ਖੇਡ-ਪ੍ਰੇਮੀ ਨੂੰ ਹੋਰ ਕੀ ਚਾਹੀਦੈ? ਅਸਲ ਵਿਚ ਦੋਹਾਂ ਦੀ ਦਵੱਲੀ ਲੋੜ ਹੈ। ਮੀਡੀਆ ਖੇਡਾਂ ਰਾਹੀਂ ਪੈਸਾ ਕਮਾਉਂਦੈ ਤੇ ਖੇਡਾਂ ਨੂੰ ਦੁਨੀਆਂ ਦੇ ਘਰ-ਘਰ ਪਚਾਉਂਦੈ। ਖੇਡਾਂ ਅਤੇ ਮੀਡੀਆ ਦੋਹਾਂ ਦਾ ਪ੍ਰਚਾਰ ਪ੍ਰਸਾਰ ਵਧਿਆ ਹੈ ਅਤੇ ਇਹ ਇਨ੍ਹਾਂ ਦੇ ਪ੍ਰਸਪਰ ਰਿਸ਼ਤੇ ਰਾਹੀਂ ਸੰਭਵ ਹੋਇਆ ਹੈ। ਇਸ ਦਵੱਲੀ ਲੋੜ ਵਿਚੋਂ ਹੀ ਖੇਡ-ਮੀਡੀਆ ਨੇ ਜਨਮ ਲਿਆ ਹੈ।

ਅਜੋਕੇ ਸਮੇਂ ਖੇਡਾਂ 'ਚ ਮੀਡੀਆ ਦੀ ਅਹਿਮ ਭੂਮਿਕਾ ਹੈ। ਮੀਡੀਆ ਖੇਡਾਂ ਨੂੰ ਵੱਡੀ ਪੱਧਰ 'ਤੇ ਪ੍ਰਭਾਵਤ ਕਰਨ ਲੱਗਾ ਹੈ। ਖੇਡ-ਪ੍ਰਸਾਰਨ ਤੇ ਖੇਡ-ਕੁਮੈਂਟਰੀ ਨੇ ਖੇਡ-ਦਰਸ਼ਕਾਂ ਦੀ ਗਿਣਤੀ ਲੱਖਾਂ ਕਰੋੜਾਂ ਤੱਕ ਪਹੁੰਚਾ ਦਿੱਤੀ ਹੈ। ਦੋਹਾਂ ਦਾ ਆਪਸ ਵਿੱਚ ਨਹੁੰ-ਮਾਸ ਵਾਲਾ ਰਿਸ਼ਤਾ ਬਣ ਗਿਆ ਹੈ। ਟੈਲੀਵਿਜ਼ਨ ਪ੍ਰਸਾਰਨ ਬਿਨਾਂ ਖੇਡਾਂ ਅਧੂਰੀਆਂ ਲੱਗਦੀਆਂ ਹਨ। ਓਲੰਪਿਕ ਖੇਡਾਂ ਦੌਰਾਨ ਖੇਡ-ਪੱਤਰਕਾਰਾਂ ਤੇ ਖੇਡ-ਬੁਲਾਰਿਆਂ ਦੀ ਮੰਗ ਬਹੁਤ ਵਧ ਜਾਂਦੀ ਹੈ। ਖੇਡਾਂ ਨੂੰ ਸ਼ੋਸ਼ਲ ਮੀਡੀਆ ਤੇ ਡਿਜ਼ੀਟਲ ਮੀਡੀਆ ਨੇ ਵੀ ਵੱਡੀ ਪੱਧਰ 'ਤੇ ਪ੍ਰਭਾਵਤ ਕੀਤਾ ਹੈ। ਜਿੱਥੇ ਭਾਰਤੀ ਖੇਡ ਮੀਡੀਆ ਨੇ ਇਤਿਹਾਸ ਰਚ ਦਿੱਤਾ ਹੈ ਉਥੇ ਪੰਜਾਬੀ ਖੇਡ ਮੀਡੀਆ ਨੇ ਵੀ ਵੱਡੀਆਂ ਮੱਲਾਂ ਮਾਰੀਆਂ ਹਨ। ਵਿਸ਼ਵ ਕਬੱਡੀ ਕੱਪ ਨੂੰ ਘਰ-ਘਰ ਵਿਖਾਉਣ 'ਚ ਪੰਜਾਬੀ ਮੀਡੀਆ ਨੇ ਵੱਡਾ ਯੋਗਦਾਨ ਪਾਇਆ ਸੀ। ਭਾਰਤ ਵਿੱਚ ਖੇਡ ਮੀਡੀਏ ਦੀ ਸ਼ੁਰੂਆਤ ਅਖ਼ਬਾਰਾਂ 'ਚ ਖੇਡ ਪੰਨੇ ਪ੍ਰਕਾਸ਼ਿਤ ਹੋਣ ਨਾਲ ਹੋਈ। ਖੇਡ ਕਾਲਮਾਂ ਨੇ ਖੇਡ ਮੀਡੀਏ ਨੂੰ ਉਤਸ਼ਾਹਿਤ ਕਰਨ ਵਿੱਚ ਵੱਡਾ ਹਿੱਸਾ ਪਾਇਆ। ਪੰਜਾਬੀ ਖੇਡ ਪੱਤਰਕਾਰੀ ਵਿੱਚ ਇਹ ਭੂਮਿਕਾ ਪ੍ਰਿੰ. ਸਰਵਣ ਸਿੰਘ ਦੇ ਹਫ਼ਤਾਵਾਰ ਤੇ ਮਹੀਨਾਵਾਰ ਕਾਲਮਾਂ ਨੇ ਬਾਖ਼ੂਬੀ ਨਿਭਾਈ ਹੈ। ਦੂਜੇ ਪਾਸੇ ਟੈਲੀਵਿਜ਼ਨ ਦੇ ਪਰਦੇ ਨੇ ਭਾਰਤੀਆਂ ਦੀ ਖੇਡਾਂ ਵਿੱਚ ਦਿਲਚਸਪੀ ਕਈ ਗੁਣਾ ਵਧਾ ਦਿੱਤੀ ਹੈ। ਜਦ ਕੌਮਾਂਤਰੀ ਕ੍ਰਿਕਟ ਮੈਚ ਹੋ ਰਹੇ ਹੋਣ ਤਾਂ ਟੈਲੀਵਿਜ਼ਨ ਦਾ ਜਲੌਅ ਵੇਖਣ ਵਾਲਾ ਹੁੰਦੈ। ਕ੍ਰਿਕਟ ਦੇ ਸ਼ੌਕੀਨ ਕੰਮ-ਕਾਜ ਛੱਡ ਸਾਰਾ-ਸਾਰਾ ਦਿਨ ਟੀਵੀ ਮੂਹਰੇ ਬੈਠੇ ਰਹਿੰਦੇ ਹਨ। ਚੌਕਾਂ ਚੁਰਾਹਿਆਂ ਵਿੱਚ ਵੱਡੇ ਟੀਵੀ ਸਕਰੀਨ ਲੱਗ ਜਾਂਦੇ ਹਨ। ਇਉਂ ਲੱਗ ਰਿਹੈ ਹੁੰਦਾ ਜਿਵੇਂ ਖੇਡਾਂ ਮੀਡੀਆ 'ਤੇ ਹਾਵੀ ਹੋ ਗਈਆਂ ਹਨ। ਮੀਡੀਆ ਰਾਹੀਂ ਜਿੰਨਾ ਖੇਡਾਂ ਦਾ ਪ੍ਰਚਾਰ ਪ੍ਰਸਾਰ ਹੋ ਰਿਹਾ ਉਨ੍ਹਾਂ ਹੀ ਖੇਡਾਂ ਰਾਹੀਂ ਮੀਡੀਆ ਵਧ ਫੁੱਲ ਰਿਹੈ। ਟੈਲੀਵਿਜ਼ਨ ਨੇ ਮੀਡੀਆ ਅਤੇ ਖੇਡਾਂ ਦੇ ਪ੍ਰਸਪਰ ਰਿਸ਼ਤੇ ਨੂੰ ਬੁਲੰਦੀਆਂ 'ਤੇ ਪਹੁੰਚਾ ਦਿੱਤਾ ਹੈ। ਸਿੱਧੇ ਪ੍ਰਸਾਰਨ ਨੇ ਖੇਡਾਂ ਪ੍ਰਤੀ ਦੁਨੀਆਂ ਦੀ ਦਿਲਚਸਪੀ ਤੇ ਉਤਸੁਕਤਾ ਬੇਹੱਦ ਵਧਾ ਦਿੱਤੀ ਹੈ। ਖੇਡਾਂ ਦੇ ਸਿੱਧੇ ਪ੍ਰਸਾਰਨ ਦੇ ਖੇਤਰ ਵਿੱਚ ਜੋ ਧਾਂਕ ਅੱਜ ਟੈਲੀਵਿਜ਼ਨ ਦੀ ਹੈ ਉਹੀ ਧਾਂਕ ਕਦੇ ਰੇਡੀਓ ਦੀ ਹੁੰਦੀ ਸੀ। ਰੇਡੀਓ ਰਾਹੀਂ ਖੇਡਾਂ ਦੀ ਕੁਮੈਂਟਰੀ ਅੱਜ ਵੀ ਸੁਣੀ ਜਾਂਦੀ ਹੈ ਕਿਉਂਕਿ ਰੇਡੀਓ ਦਾ ਪਹੁੰਚ-ਘੇਰਾ ਬੜਾ ਵਿਸ਼ਾਲ ਹੈ। ਅਖ਼ਬਾਰਾਂ ਨੂੰ ਛਪਣ-ਗਿਣਤੀ ਅਤੇ ਟੈਲੀਵਿਜ਼ਨ ਚੈਨਲਾਂ ਨੂੰ ਦਰਸ਼ਕ-ਗਿਣਤੀ ਅਨੁਸਾਰ ਇਸ਼ਤਿਹਾਰ ਮਿਲਦੇ ਹਨ। ਕ੍ਰਿਕਟ ਦੇ ਕੌਮਾਂਤਰੀ ਮੈਚਾਂ ਦੇ ਸਿੱਧੇ ਪ੍ਰਸਾਰਨ ਸਮੇਂ ਦਰਸ਼ਕਾਂ ਦੀ ਗਿਣਤੀ ਕਰੋੜਾਂ ਤੱਕ ਜਾ ਪੁੱਜਦੀ ਹੈ। ਨਤੀਜੇ ਵਜੋਂ ਇਸ਼ਤਿਹਾਰਬਾਜ਼ੀ ਲਈ 10 ਸਕਿੰਟ ਦੇ ਸਲਾਟ ਦਾ ਰੇਟ ਕਰੋੜਾਂ ਰੁਪਏ ਹੋ ਜਾਂਦਾ ਹੈ। ਖੇਡਾਂ ਅਤੇ ਮੀਡੀਆ ਦੀ ਇਸ ਜੁਗਲਬੰਦੀ ਨੇ ਖੇਡ ਸੰਸਥਾਵਾਂ ਅਤੇ ਮੀਡੀਆ ਅਦਾਰਿਆਂ ਨੂੰ ਮਾਲਾ-ਮਾਲ ਕਰ ਦਿੱਤਾ ਹੈ। ਮੀਡੀਆ ਅਤੇ ਖੇਡਾਂ ਦੋਹਾਂ ਦੇ ਗਲੋਬਲ ਤੇ ਸਥਾਨਕ ਦਾਇਰੇ ਹਨ। ਦੋਵੇਂ ਇਕੱਠੇ ਇੱਕ ਦੂਸਰੇ ਲਈ ਕੰਮ ਕਰਦੇ ਹਨ। ਡਿਜ਼ੀਟਲ ਅਤੇ ਸ਼ੋਸ਼ਲ ਮੀਡੀਆ ਸਦਕਾ ਖੇਡਾਂ ਨੂੰ ਨਵੇਂ ਖੰਭ ਨਿਕਲ ਆਏ ਹਨ। ਸਿੰਘਾਪੁਰ ਦਾ ਕੁਮੈਂਟੇਟਰ ਵਾਲਟਰ ਲਿਮ ਕਹਿੰਦਾ ਹੈ ਕਿ ਸ਼ੋਸ਼ਲ ਮੀਡੀਆ ਅਤੇ ਖੇਡਾਂ ਦਾ ਜੋੜ ਮੇਲ ਸਵਰਗਾਂ 'ਚ ਬਣਿਆ ਹੈ। ਖੇਡ ਪ੍ਰੇਮੀ, ਖਿਡਾਰੀ, ਖੇਡ ਕਲੱਬ, ਖੁੱਲ੍ਹ ਕੇ ਸ਼ੋਸ਼ਲ ਮੀਡੀਆ ਰਾਹੀਂ ਆਪਣੇ ਹਾਵ-ਭਾਵ ਪ੍ਰਗਟਾਉਂਦੇ ਹਨ।

ਖੇਡ ਸ਼ਖ਼ਸੀਅਤਾਂ ਟਵੀਟ ਕਰਦੀਆਂ ਹਨ ਜੋ ਅਗਲੇ ਦਿਨ ਅਖ਼ਬਾਰਾਂ ਦੀਆਂ ਖ਼ਬਰਾਂ ਬਣ ਜਾਂਦੀਆਂ ਹਨ। ਵੈਬ ਚੈਨਲਾਂ, ਵੀਡੀਓ ਚੈਨਲਾਂ ਤੇ ਬਲੌਗਜ਼ ਨੇ ਖੇਡ ਰਿਪੋਰਟਿੰਗ ਦੇ ਢੰਗ ਤਰੀਕੇ ਬਦਲ ਦਿੱਤੇ ਹਨ। ਖੇਡ ਸੰਸਥਾਵਾਂ ਨੇ ਆਪਣੇ ਮੀਡੀਆ ਪਲੇਟਫ਼ਾਰਮ ਅਤੇ ਕੰਪਨੀਆਂ ਖੜ੍ਹੀਆਂ ਕਰ ਲਈਆਂ ਹਨ ਜਿਹੜੀਆਂ ਖ਼ਬਰਾਂ ਤੇ ਖੇਡਾਂ ਦੇ ਪ੍ਰਸਾਰਨ ਵਿੱਚ ਰਵਾਇਤੀ ਮੀਡੀਆ ਨੂੰ ਪਛਾੜ ਰਹੀਆਂ ਹਨ। ਖੇਡ ਮੀਡੀਆ ਦਾ ਇਹ ਬਦਲਦਾ ਲੈਂਡਸਕੇਪ ਹੈ ਜਿੱਥੇ ਖੇਡ ਸੰਸਥਾਵਾਂ, ਖੇਡ ਪ੍ਰੇਮੀਆਂ ਨੂੰ ਆਪਣੇ ਸ਼ੋਸ਼ਲ ਤੇ ਡਿਜ਼ੀਟਲ ਚੈਨਲਾਂ ਰਾਹੀਂ ਸਿੱਧੇ ਤੌਰ 'ਤੇ ਆਪਣੀ ਸਟੋਰੀ ਦੱਸਦੀਆਂ ਹਨ। ਸ਼ੋਸ਼ਲ ਅਤੇ ਡਿਜ਼ੀਟਲ ਮੀਡੀਆ ਨੇ ਖੇਡਾਂ ਦੀ ਆਵਾਜ਼ ਦੇ ਨਾਲ-ਨਾਲ ਖੇਡਾਂ ਦਾ ਚਿਹਰਾ ਵੀ ਬਦਲ ਦਿੱਤਾ ਹੈ। ਖੇਡਾਂ ਪ੍ਰੇਮੀਆਂ, ਖੇਡ ਸਤਾਰਿਆਂ, ਖੇਡ ਕਲੱਬਾਂ ਤੇ ਖੇਡ ਮੀਡੀਆ ਦਰਮਿਆਨ ਪੈਦਾ ਹੋਇਆ ਇਹ ਨਵਾਂ ਰਿਸ਼ਤਾ, ਨੇੜ-ਭਵਿੱਖ ਵਿੱਚ ਖੇਡ-ਆਵਾਜ਼ ਤੇ ਖੇਡ-ਚਿਹਰੇ ਨੂੰ ਹੋਰ ਕਿੰਨਾ ਬਦਲੇਗਾ ਕਹਿਣਾ ਮੁਸ਼ਕਲ ਹੈ। ਟੈਲੀਵਿਜ਼ਨ ਸਕਰੀਨ, ਸ਼ੋਸ਼ਲ ਮੀਡੀਆ ਤੇ ਡਿਜ਼ੀਟਲ ਮੀਡੀਆ ਨੇ ਖੇਡਾਂ ਦੀ ਦੁਨੀਆਂ ਨੂੰ ਕਿੰਨਾ ਤੇ ਕਿਵੇਂ ਬਦਲ ਦਿੱਤਾ ਹੈ, ਖੇਡ-ਖੋਜਾਰਥੀਆਂ ਲਈ ਖੋਜ ਦਾ ਵਿਸ਼ਾ ਹੈ।

ਪੰਜਾਬੀ ਖੇਡ ਸਾਹਿਤ ਦਾ ਮੋਢੀ ਸਰਵਣ ਸਿੰਘ

ਪ੍ਰਿੰ. ਸਰਵਣ ਸਿੰਘ ਪੰਜਾਬੀ ਖੇਡ ਸਾਹਿਤ ਦਾ ਮੋਢੀ ਵੀ ਹੈ ਤੇ ਧਰੂ ਤਾਰਾ ਵੀ। ਖੇਡ ਲੇਖਕ ਤੇ ਖੇਡ ਬੁਲਾਰੇ ਵਜੋਂ ਉਸ ਨੇ ਪੰਜਾਬੀ ਜਗਤ ਵਿੱਚ ਆਪਣੀ ਧਾਂਕ ਜਮਾਈ ਹੋਈ ਹੈ। ਉਮਰ ਦੇ ਅੱਠ ਦਹਾਕੇ ਪਾਰ ਕਰ ਕੇ ਵੀ ਉਹ ਰੋਜ਼ 6-7 ਕਿਲੋਮੀਟਰ ਤੁਰਦਾ ਤੇ 7-8 ਘੰਟੇ ਪੜ੍ਹਨ ਲਿਖਣ 'ਚ ਲਾਉਂਦਾ ਹੈ ਅਤੇ ਹਰ ਸਾਲ ਇੱਕ ਦੋ ਕਿਤਾਬਾਂ ਲਿਖ ਮਾਰਦਾ ਹੈ। ਅਖ਼ਬਾਰਾਂ, ਰਸਾਲਿਆਂ ਦੇ ਕਾਲਮ ਵੱਖਰੇ। ਹੁਣ ਤੱਕ ਉਸ ਦੀਆਂ 50 ਤੋਂ ਵੱਧ ਪੁਸਤਕਾਂ ਵਿਚੋਂ ਪੱਚੀ ਕੁ ਤਾਂ ਖੇਡਾਂ ਖਿਡਾਰੀਆਂ ਬਾਰੇ ਹੀ ਹਨ। ਉਹਦੇ ਸਫ਼ਰਨਾਮੇ 'ਅੱਖੀਂ ਵੇਖ ਨਾ ਰੱਜੀਆਂ' ਤੇ 'ਫੇਰੀ ਵਤਨਾਂ ਦੀ' ਅਤੇ ਸਵੈਜੀਵਨੀ 'ਹਸੰਦਿਆਂ ਖੇਲੰਦਿਆਂ' ਕੋਈ ਪਾਠਕ ਪੜ੍ਹਨੀ ਸ਼ੁਰੂ ਕਰ ਲਵੇ ਤਾਂ ਵਿਚਾਲੇ ਨਹੀਂ ਛੱਡ ਸਕਦਾ। ਪਹਿਲਾਂ ਉਹ ਉੱਚ ਪੱਧਰ ਦਾ ਖਿਡਾਰੀ ਸੀ, ਹੁਣ ਉੱਚ-ਕੋਟੀ ਦਾ ਖੇਡ ਲੇਖਕ ਤੇ ਖੇਡ ਬੁਲਾਰਾ ਹੈ। ਖਿਡਾਰੀ ਦੀ ਸਰਗਰਮ ਖੇਡ-ਉਮਰ ਤਾਂ ਸੀਮਤ ਹੀ ਹੁੰਦੀ ਹੈ ਪਰ ਖੇਡ ਲੇਖਕ ਤਾ-ਉਮਰ ਚੌਕੇ ਛੱਕੇ ਮਾਰ ਸਕਦਾ ਹੈ, ਜਿਵੇਂ ਉਹ ਮਾਰ ਰਿਹਾ ਹੈ। ਅਖ਼ਬਾਰਾਂ ਲਈ ਲਿਖਣਾ, ਟੂਰਨਾਮੈਂਟਾਂ 'ਚ ਬੋਲਣਾ, ਪੁਸਤਕਾਂ ਪ੍ਰਕਾਸ਼ਤ ਕਰਾਉਣੀਆਂ ਉਸ ਦਾ ਸ਼ੌਂਕ ਹੀ ਨਹੀਂ, ਜਨੂੰਨ ਹੈ। ਨਾਲ ਸਚਿੱਤਰ ਮੈਗ਼ਜ਼ੀਨ 'ਖੇਡ ਸੰਸਾਰ' ਕੱਢਣਾ ਇਸ਼ਕ। ਉਸ ਨੇ ਅੰਤਰਰਾਸ਼ਟਰੀ ਖੇਡ ਮੈਗਜ਼ੀਨ ਨੂੰ ਪੱਕੇ ਪੈਰੀਂ ਕਰਨ ਲਈ ਘਰੋਂ ਪੰਦਰਾਂ-ਪੰਦਰਾਂ ਦਿਨ ਬਾਹਰ ਰਹਿ ਕੇ ਕੈਨੇਡਾ ਦੇ ਲੰਮੇ ਟੂਰ ਵੀ ਲਾਏ।

1982-83 'ਚ ਜਦ ਮੈਂ ਸਰਕਾਰੀ ਕਾਲਜ ਢੁੱਡੀਕੇ ਵਿਚ ਉਸ ਨੂੰ ਪਹਿਲੀ ਵਾਰ ਮਿਲਿਆ ਤਾਂ ਉਹ ਖੇਡ ਸਾਹਿਤ ਦਾ ਭਰ ਵੱਗਦਾ ਦਰਿਆ ਸੀ। ਇੱਕੋ ਵਿਧਾ ਚੁਣ ਕੇ, ਨਿੱਠ ਕੇ ਲਿਖਣ ਦੀ ਪ੍ਰੇਰਨਾ ਮੈਨੂੰ ਉਸ ਤੋਂ ਮਿਲੀ। ਚੁਸਤ ਦਰੁਸਤ ਸਿਹਤ ਲਈ ਤੋਰੇ ਫੇਰੇ ਤੇ ਖੇਡਣ ਨੂੰ ਜੀਵਨ-ਸ਼ੈਲੀ ਦਾ ਹਿੱਸਾ ਬਣਾ ਲੈਣਾ ਵੀ ਮੈਂ ਉਸ ਤੋਂ ਸਿੱਖਿਆ। ਢੁੱਡੀਕੇ ਕਾਲਜ ਦੇ ਵਿਹੜੇ ਵਿੱਚ ਸਾਡੇ ਬੈਡਮਿੰਟਨ ਦੇ ਗਹਿਗੱਚ ਮੁਕਾਬਲੇ ਹੁੰਦੇ ਸਨ ਜਿਥੋਂ ਬੈਡਮਿੰਟਨ ਖੇਡਣ ਦੀ ਆਦਤ ਪਈ। ਮੁਕਤਸਰ ਬਦਲੀ ਹੋਣ 'ਤੇ ਮੈਂ ਅਬੋਹਰ ਰਹਿਣ ਲੱਗਾ ਤਾਂ ਮੇਰੇ ਘਰ ਦੇ ਨੇੜੇ ਹੀ ਡੀਏਵੀ ਕਾਲਜ ਸੀ। ਕਾਲਜ ਦੇ ਪ੍ਰਿੰਸੀਪਲ ਸਾਹਿਬ ਨੇ ਬੈਡਮਿੰਟਨ ਕਲੱਬ ਬਣਾਈ ਹੋਈ ਸੀ। ਕਲੱਬ ਦੇ ਮੈਂਬਰ ਹਰ ਰੋਜ਼ ਸ਼ਾਮ ਨੂੰ ਬੈਡਮਿੰਟਨ ਖੇਡਦੇ। ਮੀਂਹ ਜਾਵੇ ਹਨੇਰੀ ਜਾਵੇ ਪ੍ਰਿੰਸੀਪਲ ਸਾਹਿਬ ਰੈਕਟ ਫੜ ਕੇ ਗਰਾਊਂਡ 'ਚ ਪਹੁੰਚ ਜਾਂਦੇ। ਮੈਂ ਵੀ ਕਲੱਬ ਦਾ ਮੈਂਬਰ ਬਣ ਗਿਆ ਤੇ ਹਰ ਰੋਜ਼ ਗਰਾਊਂਡ ਜਾਣ ਲੱਗਾ। ਮੇਰੀ ਖੇਡ ਵੇਖ ਕੇ ਪ੍ਰਿੰਸੀਪਲ ਸਾਹਿਬ ਜੋੜੀ ਬਨਾਉਣ ਲਈ ਮੈਨੂੰ ਆਪਣੇ ਵੱਲ ਕਰ ਲੈਂਦੇ। ਮੁਕਤਸਰ ਤੋਂ ਜਲੰਧਰ ਬਦਲੀ ਕਰਵਾਈ ਤਾਂ ਹੰਸ ਰਾਜ ਸਟੇਡੀਅਮ ਦੀ ਬੈਡਮਿੰਟਨ ਕਲੱਬ ਜ਼ਾਇਨ ਕਰ ਲਈ। ਢੁੱਡੀਕੇ ਦੀ ਪਈ ਆਦਤ ਲੰਮਾ ਸਮਾਂ ਚੱਲੀ। ਆਪਣੇ ਬੱਚਿਆਂ ਨੂੰ ਵੀ ਖੇਡਣ ਮੱਲ੍ਹਣ ਦੀ ਆਦਤ ਪਾਉਣ ਲਈ ਮੈਂ ਕਈ ਸਾਲ ਸ਼ੌਕੀਆ ਤੌਰ 'ਤੇ ਬੈਡਮਿੰਟਨ ਖਿਡਾਉਂਦਾ, ਸਿਖਾਉਂਦਾ ਰਿਹਾ। ਆਪਣੇ ਪਿੰਡ ਚਕਰ ਤੋਂ ਚੱਲੇ ਸਰਵਣ ਸਿੰਘ ਦੇ ਪੈਰਾਂ ਵਿੱਚ ਉਮਰ-ਭਰ ਚੱਕਰ ਪਿਆ ਰਿਹਾ। ਦੁਨੀਆਂ ਭਰ ਦੇ ਖੇਡ ਮੇਲਿਆਂ 'ਚ ਕੁਮੈਂਟਰੀ ਕਰਨ ਲਈ ਕਦੇ ਕਿਤੇ, ਕਦੇ ਕਿਤੇ। ਦਿੱਲੀ ਦੀ ਪ੍ਰੋਫ਼ੈਸਰੀ, ਢੁੱਡੀਕੇ ਪ੍ਰੋਫ਼ੈਸਰੀ, ਮੁਕੰਦਪੁਰ ਪ੍ਰਿੰਸੀਪਲੀ ਤੇ ਬਰੈਂਪਟਨ ਵਿਖੇ 21ਵੀਂ ਸਦੀ ਦੀ ਮੈਰਾਥਨ ਦੌੜਦਿਆਂ ਉਸ ਨੇ ਚਕਰ ਤੇ ਢੁੱਡੀਕੇ ਨੂੰ ਕਦੇ ਵੀ ਮਨੋਂ ਨਾ ਵਿਸਾਰਿਆ। ਸਰਵਣ ਸਿੰਘ ਦਿੱਲੀ ਦੀ ਪ੍ਰੋਫ਼ੈਸਰੀ ਨਾ ਛੱਡਦਾ ਤਾਂ ਆਪਣੀ ਪ੍ਰਤਿਭਾ ਦੇ ਬਲਬੋਤੇ ਪੂਰੇ ਭਾਰਤ ਵਿੱਚ ਪਹਿਚਾਣ ਬਣਾ ਲੈਂਦਾ। ਪਰ ਹੁਣ ਪੂਰੇ ਪੰਜਾਬੀ ਜਗਤ ਵਿੱਚ ਬਣ ਗਈ ਹੈ। ਉਹ ਜਿਹੜੀ ਵੀ ਮਹਿਫ਼ਲ 'ਚ ਬੈਠ ਜਾਂਦੇ ਦਿਲਚਸਪ ਗੱਲਾਂ ਤੇ ਚੁਟਕਲਿਆਂ ਨਾਲ ਸਾਰਿਆਂ ਨੂੰ ਆਪਣਾ ਬਣਾ ਲੈਂਦੇ। ਮਹਿਫ਼ਲ ਵਿੱਚ ਸ਼ਾਮਲ ਸੱਜਣਾਂ ਨੂੰ ਉਨ੍ਹਾਂ ਦੀਆਂ ਰੌਚਿਕ ਗੱਲਾਂ ਚਿਰਾਂ ਤੱਕ ਚੇਤੇ ਰਹਿੰਦੀਆਂ ਜੋ ਮੈਨੂੰ ਹੁਣ ਵੀ ਚੇਤੇ ਹਨ। ਲੰਮੀ ਸੈਰ ਕਰਨੀ ਤੇ ਖੇਡਣਾ ਮੱਲ੍ਹਣਾ ਉਨ੍ਹਾਂ ਨੂੰ ਡਾਢਾ ਭਾਉਂਦਾ ਹੈ। ਢੁੱਡੀਕੇ ਪੜ੍ਹਾਉਂਦਿਆਂ ਇਮਤਿਹਾਨਾਂ 'ਚ ਜਗਰਾਉਂ ਕਾਲਜ ਦੀ ਡਿਊਟੀ ਲਵਾ ਲੈਣੀ। ਜਾਂਦਿਆਂ ਬੱਸ 'ਤੇ ਚਲੇ ਜਾਣਾ, ਮੁੜਦਿਆਂ ਜਗਰਾਵਾਂ ਤੋਂ ਢੁੱਡੀਕੇ ਦਾ 16 ਕਿਲੋਮੀਟਰ ਪੈਂਡਾ ਤੁਰ ਕੇ ਤੈਅ ਕਰਨਾ!

ਜਸਵੰਤ ਸਿੰਘ ਕੰਵਲ ਤੇ ਉਹ ਦੋਵੇਂ ਪੰਜਾਬੀ ਵਾਰਤਕ ਦੇ ਸ਼ਾਹ-ਸਵਾਰ ਹਨ। ਕੰਵਲ ਪਿੰਡੋਂ ਬਾਹਰਲੀ ਕੋਠੀ ਦੇ ਪ੍ਰਕਿਰਤਕ ਮਾਹੌਲ ਵਿੱਚ ਰਹਿੰਦਾ ਸੀ। ਉਸ ਨੇ ਟਿਊਬਵੈਲ ਦੇ ਪਾਣੀ ਨੂੰ ਅੱਠ ਫੁੱਟ ਉੱਚੀ ਬੰਨੀ ਤੋਂ ਸੁੱਟ ਕੇ ਝਰਨੇ ਦੀ ਆਵਾਜ਼ ਦਾ ਸੰਗੀਤ ਗੁੰਜਾਅ ਰੱਖਿਆ ਸੀ। ਉਸ ਝਰਨੇ ਕੋਲ ਲੱਕੜ ਦੀ ਪੁਰਾਣੀ ਕੁਰਸੀ 'ਤੇ ਬੈਠ ਕੇ ਲਿਖਦਾ ਸੀ। ਅਸੀਂ ਜਾਂਦੇ ਤਾਂ ਸਾਨੂੰ ਵੀ ਉਥੇ ਬਿਠਾਉਂਦਾ। ਉਸ ਨੇ ਸਰਵਣ ਸਿੰਘ ਬਾਰੇ ਲੇਖ ਲਿਖਿਆ 'ਖੇਡਾਂ ਦਾ ਵਣਜਾਰਾ' ਤੇ ਮੈਨੂੰ ਵੀ ਕਿਹਾ ਕਿ ਕੁਛ ਲਿਖਾਂ। ਪ੍ਰਿੰ. ਸਰਵਣ ਸਿੰਘ ਲਗਾਤਾਰ ਲਿਖਣ ਵਾਲਾ ਲੇਖਕ ਹੈ। ਏਨੀ ਲਗਨ, ਏਨਾ ਸਿਰੜ ਬੜੇ ਘੱਟ ਲੇਖਕਾਂ ਵਿੱਚ ਹੁੰਦੈ। ਜਿੰਨਾ ਉਹ ਲਿਖਣ ਪ੍ਰਤੀ ਸੁਚੇਤ ਹੈ, ਓਨਾ ਹੀ ਸਿਹਤ ਪ੍ਰਤੀ ਚੇਤੰਨ ਹੈ। ਕਿੰਨੀਆਂ ਕੈਲਰੀਜ਼ ਲਈਆਂ, ਕਿੰਨੀਆਂ ਖ਼ਰਚ ਕੀਤੀਆਂ, ਪੂਰਾ ਹਿਸਾਬ ਰੱਖਦਾ ਹੈ। ਸਿਹਤ ਪ੍ਰਤੀ, ਵਜ਼ਨ ਪ੍ਰਤੀ ਅਜਿਹੀ ਚੇਤੰਨਤਾ, ਅਜਿਹੀ ਲਗਨ ਮੈਂ ਬੜੇ ਘੱਟ ਲੋਕਾਂ ਵਿੱਚ ਵੇਖੀ ਹੈ। ਖਿਡਾਰੀਆਂ ਬਾਰੇ ਲਿਖਣ ਲਈ ਉਹ ਖਿਡਾਰੀਆਂ ਨਾਲ ਮੇਲ-ਮੁਲਾਕਾਤਾਂ ਕਰਦਾ ਹੈ। ਸਾਂਝਾਂ ਸਿਰਜਦਾ ਹੈ। ਫਿਰ ਜਿਹੜਾ ਰੇਖਾ ਚਿੱਤਰ ਉਸ ਦੀ ਕਲਮ 'ਚੋਂ ਨਿਕਲਦਾ ਹੈ ਉਹ ਬਾਕਮਾਲ ਹੁੰਦੈ। ਖਿਡਾਰੀ ਦੀ ਅੰਦਰਲੀ ਤੇ ਬਾਹਰਲੀ ਸ਼ਖ਼ਸੀਅਤ ਨੂੰ ਸ਼ਾਖਸਾਤ ਕਾਗਜ਼ 'ਤੇ ਉਤਾਰ ਦਿੰਦਾ ਹੈ। ਪਾਠਕ ਖਿਡਾਰੀ ਦੀ ਖੇਡ ਕਲਾ, ਖੇਡ ਮੁਹਾਰਤ ਤੇ ਸਮੁੱਚੀ ਸ਼ਖ਼ਸੀਅਤ ਸਬੰਧੀ ਜਾਣ ਕੇ ਅਸ਼-ਅਸ਼ ਕਰ ਉੱਠਦਾ ਹੈ।

ਦਿੱਲੀ ਤੋਂ ਢੁੱਡੀਕੇ ਕਾਲਜ ਆਉਣ ਲਈ ਉਸ ਨੂੰ ਜਸਵੰਤ ਸਿੰਘ ਕੰਵਲ ਨੇ ਹੀ ਪ੍ਰੇਰਿਤ ਕੀਤਾ ਸੀ। ਉਹ ਢੁੱਡੀਕੇ ਆਇਆ ਤਾਂ ਢੁੱਡੀਕੇ ਦਾ ਹੋ ਕੇ ਰਹਿ ਗਿਆ। ਪਰ ਪੈਰਾਂ ਦਾ ਚੱਕਰ ਅਜੇ ਜਾਰੀ ਸੀ। ਅਜੇ ਮੁਕੰਦਪੁਰ ਪ੍ਰਿੰਸੀਪਲ ਬਣ ਕੇ ਜਾਣਾ ਸੀ। ਮੁਕੰਦਪੁਰ ਗਿਆ ਤਾਂ ਮੁਕੰਦਪੁਰੀਆ ਹੋ ਗਿਆ। ਚਕਰ-ਢੁੱਡੀਕੇ-ਮੁਕੰਦਪੁਰ-ਬਰੈਂਪਟਨ ਸਰਵਣ ਸਿੰਘ ਦੀ ਸ਼ਖ਼ਸੀਅਤ ਤੇ ਲੇਖਣੀ ਨਾਲ ਇਕਮਿਕ ਹੋ ਗਏ। ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ ਵੇਖਣ ਜਾਣਾ ਸੀ ਪਰ ਜਾ ਨਾ ਸਕੇ। ਟੈਲੀਵਿਜ਼ਨ ਵੇਖ ਕੇ ਕਾਲਮ ਲਿਖਦੇ ਰਹੇ 'ਝੀਤਾਂ 'ਚੋਂ ਵੇਖੀਆਂ ਓਲੰਪਿਕ ਖੇਡਾਂ' ਜਿਹੜਾ ਬੜਾ ਪਸੰਦ ਕੀਤਾ ਗਿਆ। ਅਖ਼ਬਾਰਾਂ, ਮੈਗਜ਼ੀਨਾਂ ਵਿੱਚ ਛਪਦੇ ਹਫ਼ਤਾਵਾਰ, ਮਹੀਨਾਵਾਰ ਕਾਲਮਾਂ ਦੇ ਲੇਖਾਂ ਨੂੰ ਸੋਧ ਕੇ ਪੁਸਤਕ-ਰੂਪ ਵਿੱਚ ਛਪਾਉਣ ਲਈ ਵੀ ਉਹ ਸਮਾਂ ਕੱਢ ਲੈਂਦੇ ਹਨ। ਹਫ਼ਤਾਵਾਰ ਕਾਲਮ ਲਿਖਣੇ ਬੜੇ ਸਿਰੜ ਤੇ ਸਬਰ ਦਾ ਕੰਮ ਹੈ। ਜੇ ਇਹ ਕਾਲਮ ਦੇਸ਼ ਦੁਨੀਆਂ ਦੀਆਂ ਇੱਕ ਤੋਂ ਵਧੇਰੇ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੁੰਦੇ ਹੋਣ ਤਾਂ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ। ਪ੍ਰਿੰ. ਸਰਵਣ ਸਿੰਘ ਇਹ ਜ਼ਿੰਮੇਵਾਰੀ ਬੜੀ ਮਿਹਨਤ ਤੇ ਸੰਜੀਦਗੀ ਨਾਲ 1965 ਤੋਂ ਨਿਭਾਉਂਦੇ ਆ ਰਹੇ ਹਨ। ਉਨ੍ਹਾਂ ਦੀ ਪੰਜਾਬੀ ਖੇਡ ਸਾਹਿਤ ਸਿਰਜਣ ਦੀ ਮੈਰਾਥਨ ਅਜੇ ਵੀ ਜਾਰੀ ਹੈ। ਕੋਈ ਦੂਸਰਾ ਉਨ੍ਹਾਂ ਦੇ ਨੇੜੇ-ਤੇੜੇ ਵੀ ਨਹੀਂ। ਕਹਾਣੀਕਾਰ ਕਰਤਾਰ ਸਿੰਘ ਦੁੱਗਲ ਨੂੰ ਇੱਕ ਟੈਲੀਵਿਜ਼ਨ ਇੰਟਰਵਿਊ ਵਿੱਚ ਪੁੱਛਿਆ, "ਤੁਸੀਂ ਐਨਾ ਕਿਵੇਂ ਲਿਖ ਲੈਂਦੇ ਹੋ?" ਉਨ੍ਹਾਂ ਦਾ ਜਵਾਬ ਸੀ, "ਮੈਂ ਦਿੱਲੀ ਹੋਵਾਂ, ਚੰਡੀਗੜ੍ਹ ਹੋਵਾਂ, ਲੰਡਨ ਹੋਵਾਂ ਜਾਂ ਨਿਊਯਾਰਕ, ਸਵੇਰੇ 4 ਵਜੇ ਉੱਠ ਕੇ ਲਿਖਣ ਬੈਠ ਜਾਂਦਾ ਹਾਂ। ਇੰਨ ਬਿੰਨ ਇਹੀ ਅਦਬੀ-ਅਨੁਸ਼ਾਸਨ ਪ੍ਰਿੰ. ਸਰਵਣ ਸਿੰਘ ਦਾ ਹੈ। ਉਹ ਬਰੈਂਪਟਨ ਹੋਣ, ਚਕਰ ਚਾਹੇ ਮੁਕੰਦਪੁਰ ਹੋਣ, ਸਵੇਰਸਾਰ ਹੀ ਪੜ੍ਹਨ ਲਿਖਣ ਲੱਗ ਜਾਂਦੇ ਹਨ। ਇਸੇ ਕਾਰਨ ਪੁਸਤਕਾਂ ਦੀ ਰੇਲਗੱਡੀ ਬਣਾ ਛੱਡੀ ਹੈ ਅਤੇ ਹਰੇਕ ਅਖ਼ਬਾਰ/ਮੈਗਜ਼ੀਨ ਵਿੱਚ ਉਨ੍ਹਾਂ ਦਾ ਨਾਂ ਬੋਲਦਾ ਹੈ। ਉਨ੍ਹਾਂ ਦੀ ਲਿਖਣ-ਸ਼ੈਲੀ ਵੀ ਵਿਲੱਖਣ ਹੈ। ਪਾਠਕ ਪੜ੍ਹਦਾ-ਪੜ੍ਹਦਾ ਨਾਲ ਹੋ ਤੁਰਦਾ ਹੈ। ਵਰਿਆਮ ਸਿੰਘ ਸੰਧੂ ਨੇ ਉਨ੍ਹਾਂ ਬਾਰੇ 'ਪੰਜਾਬੀ ਵਾਰਤਕ ਦਾ ਉੱਚਾ ਬੁਰਜ ਸਰਵਣ ਸਿੰਘ' ਪੁਸਤਕ ਸੰਪਾਦਿਤ ਕੀਤੀ ਹੈ ਜੋ ਆਪਣੀ ਤਰ੍ਹਾਂ ਦਾ ਅਭਿਨੰਦਨ ਗ੍ਰੰਥ ਹੈ। ਉਨ੍ਹਾਂ ਨੇ ਜਿੰਨਾ ਲਿਖਿਆ ਨਿੱਜੀ ਪਹੁੰਚ ਕਰ ਕੇ ਲਿਖਿਆ। ਜਦੋਂ ਵੀ ਕਿਤੇ ਖੇਡ-ਮੁਕਾਬਲੇ ਜਾਂ ਟੂਰਨਾਮੈਂਟ ਵੇਖਣ ਜਾਣਾ, ਖਿਡਾਰੀਆਂ ਨੂੰ ਮਿਲਣਾ ਤਾਂ ਗੱਲਾਂ ਬਾਤਾਂ ਡਾਇਰੀ 'ਤੇ ਨੋਟ ਕਰਦੇ ਜਾਣਾ। ਨੋਟ ਕੀਤੇ ਨੂੰ ਫਿਰ ਕਲਾਤਮਿਕ ਵਿਸਥਾਰ ਦਿੰਦੇ ਜਾਣਾ। ਹਾਸ-ਵਿਅੰਗ ਦੀ ਚਾਸ਼ਨੀ 'ਚ ਗੁੰਨ ਕੇ ਅਜਿਹਾ ਰੰਗ ਚਾੜ੍ਹਨਾ ਕਿ ਪਾਠਕ ਦੇ ਮਨ ਅੰਦਰ ਫੁਲਝੜੀਆਂ ਚੱਲਣ ਲਾ ਦੇਣਾ। ਉਸ ਦਾ 'ਖਿਡਾਰੀਆਂ ਦੇ ਵਹਿਮ ਭਰਮ' ਲੇਖ ਜਦ ਕਾਲਜ ਦੀਆਂ ਕਲਾਸਾਂ ਵਿੱਚ ਪੜ੍ਹਾਈਦਾ ਸੀ ਤਾਂ ਵਿਦਿਆਰਥੀ ਹੱਸ-ਹੱਸ ਦੂਹਰੇ ਹੋ ਜਾਂਦੇ ਸਨ। ਹੁਣ ਬੇਸ਼ੱਕ ਅਖ਼ਬਾਰਾਂ, ਮੈਗ਼ਜ਼ੀਨਾਂ ਵਿੱਚ ਲਿਖਣ ਵਾਲੇ ਦਰਜਨਾਂ ਖੇਡ ਲੇਖਕ ਪੈਦਾ ਹੋ ਗਏ ਹਨ ਪਰ ਸਰਵਣ ਸਿੰਘ ਕਿਸੇ ਨਹੀਂ ਬਣ ਜਾਣਾ ਕਿਉਂਕਿ ਖੇਡ ਸਾਹਿਤ ਦੀ ਲੰਮੀ ਮੈਰਾਥਨ ਦੌੜਨ ਦਾ ਦਮ ਹਰੇਕ ਵਿੱਚ ਨਹੀਂ। ਐਨਾ ਅਨੁਸ਼ਾਸਨ, ਐਨਾ ਜ਼ਬਤ, ਐਨਾ ਠਰ੍ਹੰਮਾ, ਐਨਾ ਸਬਰ, ਐਨਾ ਸਹਿਜ ਉਹ ਕਿੱਥੋਂ ਲਿਆਉਣਗੇ? ਉਹ ਦੁਨੀਆਂ ਭਰ 'ਚ ਵੱਸੇ ਪੰਜਾਬੀ ਭਾਈਚਾਰੇ ਦਾ, ਲੇਖਕ ਵਰਗ ਦਾ ਮਾਣ ਹਨ। ਉਨ੍ਹਾਂ ਦੀ ਲੇਖਣੀ 'ਤੇ, ਉਨ੍ਹਾਂ ਦੇ ਯੋਗਦਾਨ 'ਤੇ ਜਿੰਨਾ ਮਾਣ ਕੀਤਾ ਜਾਵੇ ਥੋੜ੍ਹਾ ਹੈ। ਖੇਤਰੀ ਭਾਸ਼ਾ ਵਿੱਚ ਲਿਖਣ ਦੀ ਕਦਰ ਪਵਾਉਣੀ ਹੋਵੇ ਤਾਂ ਕੋਈ ਸਰਵਣ ਸਿੰਘ ਵਾਂਗ ਲਿਖਾ ਸਿੱਖੇ। ਕੈਨੇਡਾ ਵਿਚ 'ਪਤਝੜ ਦੀ ਬਹਾਰ' ਦੇ ਰੰਗਾਂ ਬਾਰੇ ਪੜ੍ਹ ਕੇ ਤਾਂ ਮਨ ਅਸ਼ ਅਸ਼ ਹੀ ਕਰ ਉੱਠਿਆ। ਜਦ ਜਸਵੰਤ ਸਿੰਘ ਕੰਵਲ ਤੇ ਪ੍ਰੋ. ਸਰਵਣ ਸਿੰਘ ਢੁੱਡੀਕੇ ਦੇ ਖੇਡ ਮੇਲੇ ਦੌਰਾਨ ਕਮੈਂਟਰੀ ਕਰਦੇ ਤਾਂ ਲੋਕਾਂ ਦਾ ਧਿਆਨ ਖੇਡ ਵੱਲ ਘੱਟ ਤੇ ਕਮੈਂਟਰੀ ਵੱਲ ਵੱਧ ਹੁੰਦਾ ਸੀ। ਪ੍ਰਿੰ. ਸਰਵਣ ਸਿੰਘ ਦਿਲਚਸਪ ਗੱਲਾਂ ਤੇ ਚੁਟਕਲਿਆਂ ਨਾਲ ਖੁਸ਼ ਰਹਿਣਾ ਅਤੇ ਦੂਸਰਿਆਂ ਨੂੰ ਖੁਸ਼ ਰੱਖਣਾ ਜਾਣਦੇ ਹਨ ਪਰ ਮੈਂ ਉਨ੍ਹਾਂ ਦੀ ਖੁਸ਼ੀ ਉਦੋਂ ਹੋਰ ਵੀ ਡੁਲ੍ਹ-ਡੁਲ੍ਹ ਪੈਂਦੀ ਵੇਖੀ ਜਦੋਂ ਪੰਜਾਬੀ ਦੇ ਸਿਰਮੌਰ ਕਵੀ, ਆਲੋਚਕ ਤੇ ਅਧਿਆਪਕ ਡਾ. ਹਰਭਜਨ ਸਿੰਘ ਨੇ ਉਨ੍ਹਾਂ ਦੀ ਖੇਡ-ਲੇਖਣੀ ਬਾਰੇ 'ਆਰਸੀ' ਵਿੱਚ ਪ੍ਰਸੰਸਾਮਈ ਲੇਖ 'ਸ਼ਬਦਾਂ ਦਾ ਓਲੰਪੀਅਨ' ਲਿਖਿਆ। ਉਨ੍ਹਾਂ ਨੇ ਪਤਾ ਨਹੀਂ ਕਿੰਨਿਆਂ ਨੂੰ ਖੇਡ ਸਾਹਿਤ ਪੜ੍ਹਨ ਲਾਇਆ, ਕਿੰਨਿਆਂ ਨੂੰ ਖੇਡ ਸਾਹਿਤ ਲਿਖਣ ਲਾਇਆ ਤੇ ਕਿੰਨਿਆਂ ਨੂੰ ਖੇਡਾਂ ਖੇਡਣ ਲਾਇਆ। ਉਨ੍ਹਾਂ 'ਚੋਂ ਮੈਂ ਵੀ ਇੱਕ ਹਾਂ। ਪੱਤਰਕਾਰੀ ਦੇ ਖੇਤਰ ਵਿੱਚ, ਖੇਡ ਪੱਤਰਕਾਰੀ ਦਾ ਵਿਲੱਖਣ ਸਥਾਨ ਹੈ। ਅਖ਼ਬਾਰਾਂ ਵਿਸ਼ੇਸ਼ ਖੇਡ-ਪੰਨੇ ਪ੍ਰਕਾਸ਼ਿਤ ਕਰਦੀਆਂ ਹਨ। ਟੈਲੀਵਿਜ਼ਨ ਚੈਨਲ ਮਹੱਤਵਪੂਰਨ ਮੈਚਾਂ ਨੂੰ ਬਹੁਤ ਮਹੱਤਵ ਦਿੰਦੇ ਹਨ। ਜਦ ਭਾਰਤੀ ਕ੍ਰਿਕਟ ਟੀਮ ਦਾ ਪਾਕਿਸਤਾਨ ਟੀਮ ਨਾਲ ਮੈਚ ਹੁੰਦਾ ਹੈ ਤਦ ਖੇਡ ਚੈਨਲਾਂ ਦਾ ਜਨੂੰਨ ਵੇਖਣ ਵਾਲਾ ਹੁੰਦਾ ਹੈ। ਅਜਿਹੇ ਮੈਚ ਦੌਰਾਨ 10 ਸਕਿੰਟ ਦੇ ਇਸ਼ਤਿਹਾਰ ਦਾ ਰੇਟ ਕਰੋੜਾਂ ਤੱਕ ਪਹੁੰਚ ਜਾਂਦਾ ਹੈ। ਪੰਜਾਬੀ ਮੀਡੀਆ ਦੇ ਪ੍ਰਚਾਰ ਪ੍ਰਸਾਰ ਸਦਕਾ ਪੰਜਾਬੀ ਖੇਡ ਪੱਤਰਕਾਰੀ ਅਤੇ ਪੰਜਾਬੀ ਖੇਡ ਸਾਹਿਤ ਨੇ ਪੰਜਾਬੀ ਪਾਠਕਾਂ, ਦਰਸ਼ਕਾਂ ਦਾ ਧਿਆਨ ਖਿੱਚਿਆ ਹੈ। ਇਹਦੇ ਵਿੱਚ ਪ੍ਰਿੰ. ਸਰਵਣ ਸਿੰਘ ਦਾ ਅਹਿਮ ਯੋਗਦਾਨ ਹੈ। ਉਨ੍ਹਾਂ ਦੀਆਂ 50 ਪੁਸਤਕਾਂ 'ਚੋਂ 25 ਪੁਸਤਕਾਂ ਖੇਡਾਂ ਤੇ ਖਿਡਾਰੀਆਂ ਸਬੰਧੀ ਹੀ ਹਨ। ਇਨ੍ਹਾਂ ਤੋਂ ਇਲਾਵਾ ਕਹਾਣੀਆਂ ਹਨ, ਰੇਖਾ ਚਿਤਰ ਹਨ, ਸਫ਼ਰਨਾਮੇ ਹਨ, ਹਾਸ- ਵਿਅੰਗ ਹੈ ਤੇ ਪੇਂਡੂ ਜਨ-ਜੀਵਨ ਬਾਰੇ ਲੇਖ ਹਨ। ਉਨ੍ਹਾਂ ਦੀਆਂ ਪੁਸਤਕਾਂ ਪੰਜਾਬ ਦੇ ਉੱਘੇ ਖਿਡਾਰੀ, ਖੇਡ ਸੰਸਾਰ, ਖੇਡ ਜਗਤ ਵਿੱਚ ਭਾਰਤ, ਪੰਜਾਬੀ ਖਿਡਾਰੀ, ਪਿੰਡ ਦੀ ਸੱਥ 'ਚੋਂ, ਖੇਡ ਮੈਦਾਨ 'ਚੋਂ, ਓਲੰਪਿਕ ਖੇਡਾਂ, ਅੱਖੀਂ ਵੇਖ ਨਾ ਰੱਜੀਆਂ, ਬਾਤਾਂ ਵਤਨ ਦੀਆਂ, ਪੰਜਾਬ ਦੀਆਂ ਦੇਸੀ ਖੇਡਾਂ, ਖੇਡ ਜਗਤ ਦੀਆਂ ਬਾਤਾਂ, ਖੇਡ ਪਰਿਕਰਮਾ, ਖੇਡ ਦਰਸ਼ਨ, ਓਲੰਪਿਕ ਖੇਡਾਂ ਦੀ ਸਦੀ, ਖੇਡ ਮੇਲੇ ਵੇਖਦਿਆਂ, ਫੇਰੀ ਵਤਨਾਂ ਦੀ, ਪੰਜਾਬ ਦੇ ਚੋਣਵੇਂ ਖਿਡਾਰੀ, ਖੇਡਾਂ ਦੀ ਦੁਨੀਆਂ, ਹਸੰਦਿਆਂ ਖੇਲੰਦਿਆਂ, ਕਬੱਡੀ ਕਬੱਡੀ ਕਬੱਡੀ, ਮੇਲੇ ਕਬੱਡੀ ਦੇ, ਅੱਖੀਂ ਡਿੱਠਾ ਕਬੱਡੀ ਵਰਲਡ ਕੱਪ, ਖੇਡ ਅਤੇ ਸਿਹਤ ਵਾਰਤਾ, ਕਿੱਸਾ ਕਬੱਡੀ ਦਾ, ਏਥਨਜ਼ ਤੋਂ ਲੰਡਨ, ਗੋਲਡਨ ਗੋਲ, ਪੰਜਾਬ ਦੇ ਕੋਹੇਨੂਰ ਤਿੰਨ ਭਾਗ, ਰੰਗਾਂ ਦੀ ਗਾਗਰ ਵਾਲਾ ਸਰਦਾਰਾ ਸਿੰਘ ਜੌਹਲ, ਮੇਰੇ ਵਾਰਤਕ ਦੇ ਰੰਗ, ਕੰਪਿਊਟਰ ਦਾ ਧਨੰਤਰ, ਸ਼ਬਦਾਂ ਦਾ ਜਾਦੂਗਰ, ਸੁਰੀਲਾ ਤੇ ਰਸੀਲਾ ਸ਼ੈਲੀਕਾਰ, ਪੰਜਾਬੀਆਂ ਦਾ ਬਾਈ ਕੰਵਲ, ਅਮਰਦੀਪ ਕਾਲਜ ਦੇ ਦਾਨਵੀਰ, ਉੱਡਣਾ ਸਿੱਖ ਮਿਲਖਾ ਸਿੰਘ, ਖੇਡ ਖਿਡਾਰੀ, ਸ਼ਬਦਾਂ ਦੇ ਖਿਡਾਰੀ, ਭਾਰਤ ਵਿੱਚ ਹਾਕੀ, ਖੇਡ ਸਾਹਿਤ ਦੀਆਂ ਬਾਤਾਂ, ਖੇਡ ਸਾਹਿਤ ਦੇ ਮੋਤੀ, ਖੇਡ ਸਾਹਿਤ ਦੇ ਹੀਰੇ, ਮੇਰੀ ਖੇਡ ਲੇਖਣੀ ਦੀ ਮੈਰਾਥਨ, ਜੱਗ ਜੇਤੂਆਂ ਦੀ ਗਾਥਾ ਤੇ ਦੁਨੀਆ ਦੇ ਮਹਾਨ ਖਿਡਾਰੀ ਆਦਿ ਸਭ ਚਰਚਿਤ ਹਨ। ਉਨ੍ਹਾਂ ਦੀਆਂ ਕੁੱਝ ਪੁਸਤਕਾਂ ਅਤੇ ਲੇਖ ਵੱਖ-ਵੱਖ ਯੂਨੀਵਰਸਿਟੀਆਂ ਦੀਆਂ ਵੱਖ-ਵੱਖ ਕਲਾਸਾਂ ਦੇ ਸਿਲੇਬਸ ਵਿੱਚ ਸ਼ਾਮਲ ਹਨ। ਉਨ੍ਹਾਂ ਦੇ ਸ਼ਬਦਾਂ ਵਿੱਚ ਖੇਡ ਸਾਹਿਤ ਦਾ ਉਦੇਸ਼ ਖੇਡਾਂ ਤੇ ਖਿਡਾਰੀਆਂ ਬਾਰੇ ਜਾਣਕਾਰੀ ਦੇਣਾ ਹੈ ਪਰ ਖੇਡ ਸਾਹਿਤ ਦੀ ਰਚਨਾ ਕਰਨ ਵਾਲੇ ਸਿਰਮੌਰ ਲੇਖਕ ਸਬੰਧੀ ਲਿਖਣਾ ਤਾਂ ਸਾਡੀ ਵੀ ਜ਼ਿੰਮੇਵਾਰੀ ਹੈ ਕਿਉਂਕਿ ਬਹੁਤੇ ਲੇਖਕ ਤੇ ਕਲਾਕਾਰ ਆਪਣੀ ਗੱਲ ਆਪ ਕਰਨ ਤੋਂ ਸੰਕੋਚ ਕਰਦੇ ਹਨ। ਪ੍ਰਿੰ. ਸਰਵਣ ਸਿੰਘ ਲਿਖਤਾਂ ਲਿਖਦੇ ਨਹੀਂ, ਲਿਖਤਾਂ ਜਿਊਂਦੇ ਹਨ। ਲਿਖਣਾ ਉਨ੍ਹਾਂ ਦਾ ਸ਼ੌਂਕ ਹੀ ਨਹੀਂ, ਜਿਊਣ-ਢੰਗ ਵੀ ਹੈ। ਮੈਨੂੰ ਲੱਗਦੈ ਉਹ ਖੇਡਾਂ ਬਾਰੇ ਲਿਖਣ ਲਈ ਹੀ ਪੈਦਾ ਹੋਏ ਹਨ। 1965-66 ਤੋਂ ਖੇਡ ਸਾਹਿਤ ਵਿੱਚ ਉਨ੍ਹਾਂ ਦੀ ਝੰਡੀ ਹੈ। ਮੈਂ ਕਈ ਵਾਰ ਸੋਚਦਾਂ, ਖੇਡਾਂ ਬਾਰੇ, ਖਿਡਾਰੀਆਂ ਬਾਰੇ, ਖੇਡ-ਜਗਤ ਬਾਰੇ, ਏਨੀ ਵਿਸ਼ਾਲ ਜਾਣਕਾਰੀ ਰੱਖਣ ਵਾਲੇ ਐਸੇ ਖੋਜੀ ਖੇਡ ਲੇਖਕ ਨੂੰ ਕਿਸੇ ਯੂਨੀਵਰਸਿਟੀ ਵੱਲੋਂ ਖੇਡ ਸਾਹਿਤ ਦੀ ਆਨਰੇਰੀ ਡਿਗਰੀ ਨਾਲ ਸਨਮਾਨਿਤ ਕੀਤਾ ਜਾਣਾ ਚਾਹੀਦੈ। ਹੁਣ ਉਹ ਉਮਰ ਦੀ ਪੌੜੀ ਦਾ 85ਵਾਂ ਡੰਡਾ ਚੜ੍ਹਨ ਵਾਲੇ ਹਨ। ਅਸੀਂ ਕਾਮਨਾ ਕਰਦੇ ਹਾਂ ਕਿ ਉਹ ਵੀ ਆਪਣੇ ਮੁਰਸ਼ਦ ਜਸਵੰਤ ਸਿੰਘ ਕੰਵਲ ਵਾਂਗ ਸੈਂਚਰੀ ਮਾਰਨ।

(ਪੁਸਤਕ 'ਖੇਡ ਸਾਹਿਤ ਦੇ ਹੀਰੇ' 'ਚੋਂ)

CANADIAN TRUCK TRAINING CENTRE






ਹਰਪਾਲ ਸਿੰਘ ਮਾਨ

ਤਸੱਲੀਬਖਸ਼ ਸੇਵਾਵਾਂ ਲਈ
* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662

UNIVERSAL MORTGAGES



CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# ਸਿੰਗਿੰਗ ਬੱਸ ਡਰਾਈਵਰ ਵਜੋਂ ਪ੍ਰਸਿੱਧ ਰਣਜੀਤ ਸਿੰਘ ਵੀਰ ਨੇ ਮੁੜ "ਬੱਸ ਰੂਟ" ਗੀਤ ਨਾਲ ਤਹਿਲਕਾ ਮਚਾਇਆ

## ਬੱਸ ਡਰਾਈਵਰ ਗੀਤ ਦੀ ਹੋਈ ਸੀ ਅੰਤਰਰਾਸ਼ਟਰੀ ਮੀਡੀਆ 'ਚ ਚਰਚਾ




ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਸਿਆਣੇ ਕਹਿੰਦੇ ਹਨ ਕਿ ਨਿਰੰਤਰ ਕੀਤੀ ਮਿਹਨਤ ਇੱਕ ਨਾ ਇੱਕ ਦਿਨ ਰੰਗ ਜ਼ਰੂਰ ਲਿਆਉਂਦੀ ਹੈ। ਇਸ ਦਾ ਪ੍ਰਤੱਖ ਪ੍ਰਮਾਣ ਇੰਗਲੈਂਡ ਦੀ ਧਰਤੀ 'ਤੇ ਵਸਦੇ ਰਣਜੀਤ ਸਿੰਘ ਵੀਰ ਦੀ ਮਿਹਨਤ ਤੋਂ ਲਿਆ ਜਾ ਸਕਦਾ ਹੈ। ਆਪਣੇ ਮਨ ਦੇ ਸਕੂਨ ਲਈ ਉਹ ਨਿੱਤਨੇਮੀ ਕੀਰਤਨੀਏ ਵਜੋਂ ਮਿਹਨਤ ਕਰਦੇ ਹਨ ਤੇ ਪਰਿਵਾਰ ਦਾ ਪੇਟ ਪਾਲਣ ਲਈ ਬੱਸ ਕੰਪਨੀ ਨੈਸ਼ਨਲ ਐਕਸਪ੍ਰੈੱਸ ਵਿੱਚ ਬੱਸ ਡਰਾਈਵਰ ਵਜੋਂ ਨੌਕਰੀ ਕਰਦੇ ਹਨ। ਉਹਨਾਂ ਆਪਣੇ ਗਾਉਣ ਦੇ ਸ਼ੌਕ ਨੂੰ ਵੀ ਜਿਉਂਦਾ ਰੱਖਿਆ ਹੋਇਆ ਹੈ। ਬੀਤੇ ਦਿਨ ਰਣਜੀਤ ਸਿੰਘ ਵੀਰ ਆਪਣੇ ਨਵੇਂ ਗੀਤ "ਬੱਸ ਰੂਟ" ਨਾਲ ਮੁੜ ਸੰਗੀਤ ਜਗਤ ਵਿੱਚ ਦਸਤਕ ਦੇਣ ਪਹੁੰਚੇ ਹਨ। ਇਸ ਗੀਤ ਦੀ ਖਾਸੀਅਤ ਇਹ ਹੈ ਕਿ ਬਰਮਿੰਘਮ ਇਲਾਕੇ ਦੇ ਬੱਸ ਰੂਟਾਂ 'ਤੇ ਚਲਦੀਆਂ ਬੱਸਾਂ ਦਾ ਬਹੁਤ ਬਰੀਕੀ ਨਾਲ ਵਿਖਿਆਨ ਕੀਤਾ ਗਿਆ ਹੈ। ਇਸ ਗੀਤ ਨੂੰ ਲਿਖਿਆ ਵੀ ਰਣਜੀਤ ਸਿੰਘ ਵੀਰ ਨੇ ਹੈ ਤੇ ਸੰਗੀਤ ਹਰਜਿੰਦਰ ਸਿੰਘ ਧੀਮਾਨ ਨੇ ਤਿਆਰ ਕੀਤਾ ਹੈ। ਨਮਨ ਫਿਲਮਜ਼ ਵੱਲੋਂ ਪਨਮ ਵਰਮਾ ਨੇ ਗੀਤ ਦੀ ਵੀਡੀਓ ਨੂੰ ਪੂਰੀ ਰੂਹ ਨਾਲ ਫਿਲਮਾ ਕੇ ਆਪਣੇ ਆਪ ਨੂੰ ਉੱਚਕੋਟੀ ਦੇ ਫਿਲਮਕਾਰਾਂ ਵਿੱਚ ਸ਼ੁਮਾਰ ਕਰਵਾਉਣ ਦੀ ਕੋਈ ਕਸਰ ਨਹੀਂ ਛੱਡੀ। ਇੱਥੇ ਇਹ ਵੀ ਵਰਨਣਯੋਗ ਹੈ ਕਿ ਇਸ ਤੋਂ ਪਹਿਲਾਂ ਰਣਜੀਤ ਸਿੰਘ ਵੀਰ ਬੱਸ ਡਰਾਈਵਰ ਦੇ ਰੋਜ਼ਾਨਾ ਕੰਮ ਦੀ ਭੱਜਦੌੜ ਤੇ ਜ਼ਿੰਮੇਵਾਰੀ ਨੂੰ ਦਰਸਾਉਂਦਾ ਗੀਤ "ਬੱਸ ਡਰਾਈਵਰ" ਗਾ ਕੇ ਲਗਭਗ ਹਰ ਘਰ ਤੱਕ ਆਪਣੀ ਪਹੁੰਚ ਤੇ ਪਛਾਣ ਬਣਾ ਚੁੱਕੇ ਹਨ। ਜਦੋਂ ਬੱਸ ਡਰਾਈਵਰ ਗੀਤ ਲੋਕ ਅਰਪਣ ਹੋਇਆ ਸੀ ਤਾਂ ਐਨਾ ਵੱਡਾ ਧਮਾਕਾ ਹੋਇਆ ਕਿ ਇੰਟਰਨੈਸ਼ਨਲ ਮੀਡੀਆ ਨੇ ਰਣਜੀਤ ਸਿੰਘ ਵੀਰ ਦੇ ਇਸ ਗੀਤ ਦੀ ਚਰਚਾ ਆਪ ਮੁਹਾਰੇ ਹੀ ਕੀਤੀ। ਰਣਜੀਤ ਸਿੰਘ ਵੀਰ ਲਗਭਗ ਹਰ ਅੰਗਰੇਜੀ ਚੈਨਲ 'ਤੇ ਇੰਟਰਵਿਊ ਦਿੰਦੇ ਦਿਖਾਈ ਦਿੱਤੇ। ਉਹਨਾਂ ਦੇ ਇਸ ਗੀਤ ਦਾ ਵਧੀਆ ਪਹਿਲੂ ਇਹ ਰਿਹਾ ਸੀ ਕਿ ਉਹ ਪੰਜਾਬੀ ਜ਼ੁਬਾਨ, ਦਸਤਾਰ ਤੇ ਸਿੱਖ ਪਹਿਚਾਣ ਨੂੰ ਘਰ ਘਰ ਲੈ ਕੇ ਜਾਣ 'ਚ ਕਾਮਯਾਬ ਹੋਏ ਹਨ। ਬੇਸ਼ੱਕ ਉਹਨਾਂ ਦੀਆਂ ਦਰਜਨਾਂ ਮੁਲਾਕਾਤਾਂ ਅੰਗਰੇਜੀ ਚੈਨਲਾਂ 'ਤੇ ਹੋਈਆਂ ਪਰ ਰਣਜੀਤ ਸਿੰਘ ਵੀਰ ਦੀ ਸ਼ਰਤ ਇਹੀ ਹੁੰਦੀ ਸੀ ਕਿ ਉਹ ਜਵਾਬ ਸਿਰਫ ਪੰਜਾਬੀ ਵਿੱਚ ਹੀ ਦੇਣਗੇ। ਜਿਸ ਕਾਰਨ ਹਰ ਇੰਟਰਵਿਊ ਦੌਰਾਨ ਚੈਨਲਾਂ ਵੱਲੋਂ ਦੁਭਾਸ਼ੀਏ ਦਾ ਇੰਤਜਾਮ ਕੀਤਾ ਜਾਂਦਾ ਰਿਹਾ ਸੀ। ਅੱਜ ਜਦੋਂ ਮੁੜ ਰਣਜੀਤ ਸਿੰਘ ਵੀਰ ਦੇ ਗਈ "ਬੱਸ ਰੂਟ" ਨੇ ਤਹਿਲਕਾ ਮਚਾਇਆ ਹੋਇਆ ਹੈ ਤਾਂ ਰਣਜੀਤ ਸਿੰਘ ਵੀਰ ਬੇਹੱਦ ਉਤਸ਼ਾਹਿਤ ਨਜ਼ਰ ਆ ਰਹੇ ਹਨ। ਇਸ ਪ੍ਰਤੀਨਿਧ ਨਾਲ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ "ਇਨਸਾਨ ਨੂੰ ਨੇਕਦਿਲੀ ਨਾਲ ਮਿਹਨਤ ਕਰਦੇ ਰਹਿਣਾ ਚਾਹੀਦਾ ਹੈ, ਮਾਲਕ ਆਪੇ ਫਲ ਦਿੰਦਾ ਹੈ।"

# ਟੋਰਾਂਟੋ ਤੋਂ ਪੰਜਾਬ ਦਾ ਹਵਾਈ ਸਫ਼ਰ ਹੋਵੇਗਾ ਸੁਖਾਲਾ, ਕਤਰ ਏਅਰਵੇਜ਼ 'ਚ ਦੋਹਾ ਰਾਹੀਂ ਜਾਓ ਸਿੱਧਾ ਅੰਮ੍ਰਿਤਸਰ

## ਨਿਓਸ ਏਅਰ ਵੱਲੋਂ ਵੀ ਉਡਾਣਾਂ ਦੀ ਗਿਣਤੀ 'ਚ ਵਾਧਾ, ਪ੍ਰਵਾਸੀ ਪੰਜਾਬੀ ਭਾਈਚਾਰੇ ਲਈ ਚੰਗੀ ਖ਼ਬਰ




ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਨੇ ਕਤਰ ਏਅਰਵੇਜ਼ ਦੀ ਟੋਰਾਂਟੋ ਤੋਂ ਦੋਹਾ ਵਾਸਤੇ 11 ਦਸੰਬਰ, 2024 ਤੋਂ ਸ਼ੁਰੂ ਹੋਣ ਵਾਲੀ ਸਿੱਧੀ ਉਡਾਣ ਸੇਵਾ ਦੇ ਐਲਾਨ ਦਾ ਸਵਾਗਤ ਕੀਤਾ ਹੈ। ਕੈਨੇਡਾ ਤੋਂ ਪ੍ਰੈਸ ਨੂੰ ਜਾਰੀ ਇੱਕ ਸਾਂਝੇ ਬਿਆਨ ਵਿੱਚ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਉੱਤਰੀ ਅਮਰੀਕਾ ਵਿੱਚ ਕਨਵੀਨਰ ਅਨੰਤਦੀਪ ਸਿੰਘ ਢਿੱਲੋਂ ਅਤੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਹੈ ਕਿ ਕਤਰ ਏਅਰਵੇਜ਼ ਦੀ ਇਹ ਨਵੀਂ ਉਡਾਣ ਟੋਰਾਂਟੋ ਨੂੰ ਦੋਹਾ ਰਾਹੀਂ ਸਿੱਧਾ ਅੰਮ੍ਰਿਤਸਰ ਨਾਲ ਸਿੱਧਾ ਜੋੜੇਗੀ, ਇਸ ਨਾਲ ਪੰਜਾਬੀਆਂ ਦਾ ਹਵਾਈ ਸਫਰ ਸੁਖਾਲਾ ਹੋ ਜਾਵੇਗਾ।

ਢਿੱਲੋਂ ਅਨੁਸਾਰ ਅੰਮ੍ਰਿਤਸਰ ਤੋਂ ਕਤਰ ਏਅਰਵੇਜ਼ ਦੀ ਉਡਾਣ ਰੋਜ਼ਾਨਾ ਸਵੇਰੇ 4:10 ਵਜੇ ਰਵਾਨਾ ਹੋ ਕੇ ਸਵੇਰੇ 6:05 ਵਜੇ ਦੋਹਾ ਪਹੁੰਚਦੀ ਹੈ। ਦੋਹਾ ਪਹੁੰਚ ਕੇ 3 ਘੰਟੇ 45 ਮਿੰਟ ਬਾਅਦ, ਯਾਤਰੀ ਹਫਤੇ 'ਚ ਤਿੰਨ ਦਿਨ ਬੁੱਧਵਾਰ, ਸ਼ੁੱਕਰਵਾਰ ਅਤੇ ਐਤਵਾਰ ਸਵੇਰੇ 9:50 ਵਜੇ ਦੋਹਾ ਤੋਂ ਉਡਾਣ ਲੈ ਕੇ ਉਸੇ ਦਿਨ ਦੁਪਹਿਰ ਨੂੰ 3:55 ਵਜੇ ਟੋਰਾਂਟੋ ਪ੍ਹੁੰਜਣਗੇ। ਟੋਰਾਂਟੋ ਤੋਂ ਇਹ ਉਡਾਣ ਉਸੇ ਦਿਨ ਸ਼ਾਮ ਨੂੰ 8:00 ਵਜੇ ਰਵਾਨਾ ਹੋ ਕੇ ਅਗਲੇ ਦਿਨ ਸ਼ਾਮ ਨੂੰ 4:30 ਵਜੇ ਦੋਹਾ ਪਹੁੰਚੇਗੀ। ਇਸ ਉਪਰੰਤ ਯਾਤਰੀ ਰਾਤ ਦੇ 8:40 ਵਜੇ ਉਡਾਣ ਲੈ ਕੇ ਅਗਲੇ ਦਿਨ ਦੀ ਸਵੇਰ ਨੂੰ 2:40 ਵਜੇ ਅੰਮ੍ਰਿਤਸਰ ਪਹੁੰਚ ਜਾਣਗੇ। ਇੰਜ ਅੰਮ੍ਰਿਤਸਰ - ਟੋਰਾਂਟੋ ਵਿਚਕਾਰ ਹਵਾਈ ਯਾਤਰਾ ਸਿਰਫ 20 ਘੰਟਿਆ 'ਚ ਪੂਰੀ ਹੋ ਜਾਏਗੀ, ਨਾਲ ਹੀ ਸਮਾਨ ਜਮਾ ਕਰਾਉਣਾ ਤੇ ਲੈਣਾ ਅਤੇ ਇਮੀਗਰੇਸ਼ਨ ਸਿਰਫ ਅੰਮ੍ਰਿਤਸਰ ਅਤੇ ਟੋਰਾਂਟੋ 'ਚ ਹੀ ਹੋਵੇਗੀ। ਉਹਨਾਂ ਅੱਗੇ ਦੱਸਿਆ, "ਕਤਰ ਏਅਰਵੇਜ਼ ਅੰਮ੍ਰਿਤਸਰ ਤੋਂ ਰੋਜ਼ਾਨਾ ਸਿੱਧੀਆਂ ਉਡਾਣਾਂ ਦਾ ਸੰਚਾਲਨ ਪਿਛਲੇ ਕਈ ਸਾਲਾਂ ਤੋਂ ਕਰ ਰਹੀ ਹੈ, ਜੋ ਕਿ ਦੋਹਾ ਰਾਹੀਂ ਅਮਰੀਕਾ ਦੇ 9 ਹਵਾਈ ਅੱਡਿਆਂ ਅਤੇ ਕੈਨੇਡਾ ਦੇ ਮਾਂਟਰੀਅਲ ਹਵਾਈ ਅੱਡੇ ਨਾਲ ਜੋੜਦੀਆਂ ਹਨ। ਇਸ ਨਵੀਂ ਉਡਾਣ ਦੇ ਸ਼ੁਰੂ ਹੋਣ ਨਾਲ, ਅੰਮ੍ਰਿਤਸਰ ਤੋਂ ਹੁਣ ਦੋਹਾ ਰਾਹੀਂ ਕੈਨੇਡਾ ਵਿੱਚ ਮਾਂਟਰੀਅਲ ਅਤੇ ਟੋਰਾਂਟੋ ਲਈ ਹਫਤੇ 'ਚ 10 ਹੋ ਜਾਣਗੀਆਂ। ਕਤਰ ਏਅਰਵੇਜ਼ ਇੱਥੋਂ ਫਿਰ ਏਅਰ ਕੈਨੇਡਾ ਰਾਹੀਂ ਕੈਨੇਡਾ ਦੇ ਬਾਕੀ ਸ਼ਹਿਰਾਂ ਨਾਲ ਜੋੜਦੀ ਹੈ।"

ਪੰਜਾਬੀਆਂ ਲਈ ਇਸ ਵੇਲੇ ਦਿੱਲੀ ਦੀ ਖੱਜਲ-ਖੁਆਰੀ ਤੋਂ ਬਚਣ ਲਈ ਇੱਕੋ-ਇੱਕ ਵਿਕਲਪ ਅੰਮ੍ਰਿਤਸਰ ਤੋਂ ਮਿਲਾਨ ਰਾਹੀਂ ਇਟਲੀ ਦੀ ਨਿਓਸ ਏਅਰ ਦੀ ਟੋਰਾਂਟੋ ਲਈ ਉਡਾਣ ਹੈ। ਗੁਮਟਾਲਾ ਨੇ ਇਸ ਸੰਬੰਧੀ ਦੱਸਿਆ ਕਿ ਨਿਓਸ ਏਅਰ ਨੇ ਵੀ ਸਰਦੀਆਂ ਦੀਆਂ ਛੁੱਟੀਆਂ ਨੂੰ ਧਿਆਨ 'ਚ ਰੱਖਦੇ ਹੋਏ ਦਸੰਬਰ ਮਹੀਨੇ ਵਾਸਤੇ ਟੋਰਾਂਟੋ ਲਈ ਆਪਣੀਆਂ ਉਡਾਣਾਂ ਦੀ ਗਿਣਤੀ ਨੂੰ ਹਫਤੇ 'ਚ ਦੋ ਤੋਂ ਵਧਾ ਕੇ ਚਾਰ ਕਰ ਦਿੱਤੀਆਂ ਹਨ। ਹੁਣ ਟੋਰਾਂਟੋ ਤੋਂ ਕਤਰ ਏਅਰਵੇਜ਼ ਦੀ ਉਡਾਣ ਸ਼ੁਰੂ ਹੋਣ ਨਾਲ ਪੰਜਾਬੀਆਂ ਲਈ ਟੋਰਾਂਟੋ ਵਾਸਤੇ ਇੱਕ ਹੋਰ ਵਿਕਲਪ ਜੁੜ ਗਿਆ ਹੈ।"

ਗੁਮਟਾਲਾ ਨੇ ਕਿਹਾ, "ਗੌਰਤਲਬ ਹੈ ਕਿ ਏਅਰ ਇੰਡੀਆ ਪੰਜਾਬੀਆਂ ਦੀ ਲੰਮੇ ਸਮੇਂ ਤੋਂ ਕੈਨੇਡਾ ਲਈ ਸਿੱਧੀਆਂ ਉਡਾਣਾਂ ਦੀ ਮੰਗ ਨੂੰ ਨਜ਼ਰਅੰਦਾਜ਼ ਕਰ ਦਿੱਲੀ ਤੋਂ ਇਹਨਾਂ ਉਡਾਣਾਂ ਦੀ ਗਿਣਤੀ ਨੂੰ ਵਧਾ ਰਹੀ ਹੈ। ਏਅਰ ਇੰਡੀਆਂ ਸਭ ਅੰਕੜਿਆਂ ਤੋਂ ਭਲੀ-ਭਾਂਤ ਜਾਣੂ ਹੈ ਕਿ ਦਿੱਲੀ ਤੋਂ ਕੈਨੇਡਾ ਦੀਆਂ ਸਿੱਧੀਆਂ ਉਡਾਣਾਂ 'ਚ 65 ਤੋਂ 75 ਫੀਸਦੀ ਸਵਾਰੀਆਂ ਦੀ ਗਿਣਤੀ ਪੰਜਾਬੀਆਂ ਦੀ ਹੁੰਦੀ ਹੈ। ਇਸ ਦੇ ਬਾਵਜੂਦ ਪੰਜਾਬੀਆਂ ਨੂੰ ਦਿੱਲੀ ਤੋਂ ਹੀ ਉਡਾਣਾਂ ਲੈਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਪੰਜਾਬ ਆਉਣ ਜਾਣ ਵਾਲੇ ਯਾਤਰੀਆਂ ਨੂੰ ਦਿੱਲੀ ਦੇ ਰਸਤੇ ਯਾਤਰਾ ਕਰਨ ਵਿੱਚ ਬਹੁਤ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਵਿੱਚ ਲੰਬੀਆਂ ਇਮੀਗ੍ਰੇਸ਼ਨ ਲਾਈਨਾਂ, ਸਮਾਨ ਲੈਣਾ ਤੇ ਮੁੜ ਜਮਾਂ ਕਰਾਉਣਾ ਅਤੇ ਲੰਮਾ ਸਮਾਂ ਅੰਮ੍ਰਿਤਸਰ ਲਈ ਉਡਾਣ ਦਾ ਇੰਤਜ਼ਾਰ ਯਾਂ ਦਿੱਲੀ ਤੋਂ ਪੰਜਾਬ ਤੱਕ ਸੜਕ ਯਾਂ ਰੇਲ ਰਾਹੀਂ 8 ਤੋਂ 12 ਘੰਟਿਆ ਦਾ ਲੰਮਾ ਸਮਾਂ ਲੱਗਦਾ ਹੈ।"

ਢਿੱਲੋਂ ਅਤੇ ਗੁਮਟਾਲਾ ਨੇ ਸਾਂਝੇ ਤੌਰ ਫ਼#39;ਤੇ ਪੰਜਾਬ ਦੇ ਅੰਤਰਰਾਸ਼ਟਰੀ ਹਵਾਈ ਸੰਪਰਕ ਨੂੰ ਬਿਹਤਰ ਬਣਾਉਣ ਲਈ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੀ ਵਚਨਬੱਧਤਾ ਨੂੰ ਦੁਹਰਾਂਦਿਆਂ ਕਿਹਾ, "ਸਾਡੀਆਂ ਕੋਸ਼ਿਸ਼ਾਂ ਇੱਥੇ ਹੀ ਖਤਮ ਨਹੀਂ ਹੁੰਦੀਆਂ। ਅਸੀਂ ਅੰਮ੍ਰਿਤਸਰ ਤੋਂ ਵਧੇਰੇ ਸਿੱਧੀਆਂ ਉਡਾਣਾਂ ਲਈ ਏਅਰ ਇੰਡੀਆ ਸਣੇ ਹੋਰਨਾਂ ਏਅਰਲਾਈਨ ਕੰਪਨੀਆਂ ਤੱਕ ਪਹੁੰਚ ਕਰ ਉਹਨਾਂ ਨੂੰ ਅੰਕੜੇ ਅਤੇ ਹੋਰ ਜਾਣਕਾਰੀ ਦੇ ਕੇ ਉਡਾਣਾਂ ਦੀ ਮੰਗ ਕਰਦੇ ਰਹਿੰਦੇ ਹਾਂ। ਨਾਲ ਹੀ ਅਸੀਂ ਪੰਜਾਬੀ ਭਾਈਚਾਰੇ ਨੂੰ ਵੀ ਬੇਨਤੀ ਕਰਦੇ ਹਾਂ ਕਿ ਉਹ ਹਮੇਸ਼ਾ ਅੰਮ੍ਰਿਤਸਰ ਤੋਂ ਹੀ ਉਡਾਣਾਂ ਲੈਣ ਨੂੰ ਤਰਜੀਹ ਦੇਣ ਜਿਸ ਨਾਲ ਅਸੀਂ ਏਅਰਲਾਈਨ ਕੰਪਨੀਆਂ ਤੱਕ ਉਡਾਣਾਂ ਸ਼ੁਰੂ ਕਰਾਉਣ ਲਈ ਮਜਬੂਤ ਅੰਕੜੇ ਸਾਂਝੇ ਕਰਕੇ ਵਕਾਲਤ ਕਰ ਸਕੀਏ।"

# ਬਲੈਕ ਓਕ ਸੀਨੀਅਰ ਕਲੱਬ ਵੱਲੋਂ ਸਰਦੀਆਂ ਦੀ ਆਮਦ 'ਤੇ ਵਿਸ਼ੇਸ਼ ਮੀਟਿੰਗ

## (ਬਰੈਂਪਟਨ ਦੇ ਡਿਪਟੀ ਮੇਅਰ ਹਰਕੀਰਤ ਸਿੰਘ ਵੀ ਹੋਏ ਸ਼ਾਮਲ)



ਬਰੈਂਪਟਨ: ਬਲੈਕ ਓਕ ਸੀਨੀਅਰ ਕਲੱਬ, ਬਰੈਂਪਟਨ ਵੱਲੋਂ ਸਮਰ ਦੇ ਮੌਸਮ ਦੀ ਸਮਾਪਤੀ ਅਤੇ ਸਰਦੀਆਂ ਦੀ ਆਮਦ 'ਤੇ ਕਲੱਬ ਦੇ ਪ੍ਰਧਾਨ ਪ੍ਰਮਜੀਤ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਵਿਸ਼ੇਸ਼ ਮੀਟਿੰਗ ਕੀਤੀ ਗਈ ਜਿਸ ਵਿਚ ਵੱਡੀ ਗਿਣਤੀ ਕਲੱਬ ਦੇ ਅਹੁਦੇਦਾਰ ਤੇ ਮੈਂਬਰ ਸ਼ਾਮਲ ਹੋਏ। ਇਸ ਵਿਚ ਕਲੱਬ ਦੀਆਂ ਲੰਗੀਆਂ ਗਰਮੀਆਂ ਦੇ ਮੌਸਮ ਦੌਰਾਨ ਕੀਤੀਆਂ ਸਰਗਰਮੀਆਂ ਤੇ ਵਿਸ਼ੇਸ਼ ਚਰਚਾ ਕੀਤੀ ਗਈ। ਮੀਟਿੰਗ ਦਫ਼ਚਰਵਸਰਾਨ ਕਲੱਬ ਮੈਂਬਰਾਂ ਵੱਲੋਂ ਬਲਿਉ ਓਕ ਪਾਰਕ ਅਤੇ ਆਲੇ ਦੁਆਲੇ ਦੀ ਕੀਤੀ ਸਫਾਈ ਮੁਹਿੰਮ ਵਿਸ਼ੇਸ਼ ਚਰਚਾ ਦਾ ਵਿਸ਼ਾ ਰਿਹਾ, ਜਿਸ ਦੀ ਸਾਰਿਆਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ। ਸਫਾਈ ਮੁਹਿੰਮ ਵਿਚ ਕਲੱਬ ਦੇ ਪ੍ਰਧਾਨ ਪਰਮਜੀਤ ਬਰਾੜ, ਜਨਰਲ ਸਕੱਤਰ ਜਸਵੰਤ ਸਿੰਘ ਧਾਲੀਵਾਲ, ਡਾਇਰੈਕਟਰ ਸੁਰਿੰਦਰ ਸਿੰਘ ਜੱਸਲ, ਬਲਵਿੰਦਰ ਸਿੰਘ ਸੰਧੂ, ਰਾਮ ਦਿਆਲ, ਬਲਤੇਜ਼ ਸਿੰਘ ਢਿੱਲੋਂ, ਚੰਚਲ ਕੁਮਾਰ, ਕਰਿਸ਼ਨ ਦੱਤ, ਭੋਲਾ ਚੌਧਰੀ ਅਤੇ ਹੋਰਨਾਂ ਸਮੇਤ ਸਿਟੀ ਬਰੈਂਪਟਨ ਦੀ ਟੀਮ ਵੱਲੋਂ ਹਿੱਸਾ ਲਿਆ ਗਿਆ। ਸਿਟੀ ਬਰੈਂਪਟਨ ਤੋਂ ਬਰੈਂਡਨ ਆਪਣੀ ਟੀਮ ਸਮੇਤ ਗਾਰਬੇਜ਼ ਪਿੱਕਰ ਅਤੇ ਗਾਰਬੇਜ਼ ਬੈਗਜ਼ ਤੇ ਬੁਕੇਟਸ ਲੈ ਕੇ ਆਏ।

ਇਸ ਮੀਟਿੰਗ ਵਿਚ ਸਿਟੀ ਬਰੈਂਪਟਨ ਦੇ ਡਿਪਟੀ ਮੇਅਰ ਹਰਕੀਰਤ ਸਿੰਘ, ਅਤੇ ਸਤਇੰਦਰ ਸਿੰਘ ਸੋਢੀ ਵੀ ਸ਼ਾਮਲ ਹੋਏ ਅਤੇ ਵਿਚਾਰ ਪੇਸ਼ ਕੀਤੇ। ਡਿਪਟੀ ਮੇਅਰ ਹਰਕੀਰਤ ਜੀ ਵਲੋਂ ਪਾਰਕ ਵਿੱਚ ਇੱਕ ਗਜ਼ੀਬੋ ਬਣਾਉਣ ਦਾ ਭਰੋਸਾ ਦਿੱਤਾ ਗਿਆ। ਕਲੱਬ ਵੱਲੋਂ ਇਹ ਧਿਆਨ ਵਿਚ ਲਿਆਂਦਾ ਕਿ ਪਾਰਕ ਵਿਚ ਜੋ ਕ੍ਰਿਕਟ ਦਾ ਗਰਾਊਂਡ ਬਣਾਇਆ ਗਿਆ ਹੈ ਉਹ ਪਾਰਕ ਵਿਚ ਪਲੇਅ ਏਰੀਆ ਦੇ ਨੇੜੇ ਹੈ ਅਤੇ ਕਈ ਵਾਰ ਕ੍ਰਿਕਟ ਬਾਲ ਪਲੇਅ ਏਰੀਏ ਤੱਕ ਆ ਡਿਗਦੀ ਹੈ। ਇਸ ਲਈ ਪਲੇਅ ਏਰੀਏ ਦੇ ਗਰਾਊਂਡ ਵਾਲੇ ਪਾਸੇ ਨੈਂਟ-ਜਾਲ ਵਗੈਰਾ ਫਿਕਸ ਕੀਤਾ ਜਾਵੇ। ਇਸ ਮੌਕੇ ਕਲੱਬ ਮੈਂਬਰ ਭੋਲਾ ਚੌਧਰੀ ਵੱਲੋਂ ਸਾਰਿਆਂ ਲਈ ਚਾਹ ਪਕੌੜੇ ਮਠਿਆਈ ਦੀ ਵਿਦਾਇਗੀ ਪਾਰਟੀ ਦਿੱਤੀ ਗਈ ਜਿਸ ਦਾ ਸਾਰਿਆਂ ਵੱਲੋਂ ਅਨੰਦ ਮਾਣਿਆਂ।

# ਪੰਚਾਇਤਾਂ 'ਚ ਔਰਤਾਂ ਦੀ ਰਾਜਨੀਤਿਕ ਭਾਗੀਦਾਰੀ

## ਪੰਚਾਇਤਾਂ 'ਚ ਔਰਤਾਂ ਦੀ ਸ਼ਮੂਲੀਅਤ ਦਾ ਕੱਚ-ਸੱਚ



ਭਾਰਤੀ ਸੰਵਿਧਾਨ 'ਚ ਲੋਕਤੰਤਰ ਪ੍ਰਣਾਲੀ ਦੀ ਸਭ ਤੋਂ ਛੋਟੀ ਇਕਾਈ ਪੰਚਾਇਤ ਹੈ। ਜਿਸ ਨੂੰ ਗ੍ਰਾਮ ਸਭਾ ਦੇ ਲੋਕ ਆਪਣੇ ਹੀ ਪਿੰਡ ਦੇ ਨਾਗਰਿਕਾਂ ਵਿੱਚੋਂ ਪੰਚਾਂ ਤੇ ਸਰਪੰਚ ਦੀ ਚੋਣ ਕਰਦੇ ਹਨ। ਜਿਸ ਦੀ ਚੋਣ ਸਰਬਸੰਮਤੀ ਜਾਂ ਚੋਣ ਪ੍ਰਕਿਰਿਆ ਦੁਆਰਾ ਜੋ ਸੰਭਵ ਦੁਆਰਾ ਚੁਣੀ ਜਾਂਦੀ ਹੈ ਜੋ ਪਿੰਡ ਦੇ ਸਰਬਪੱਖੀ ਵਿਕਾਸ ਲਈ ਸਰਵਜਨਿਕ, ਪ੍ਰਸ਼ਾਸਨਿਕ ਤੇ ਕਾਨੂੰਨੀ ਕੰਮਾਂ ਰਾਹੀਂ ਆਪਣੀ ਅਹਿਮ ਭੂਮਿਕਾ ਨਿਭਾਉਂਦੀ ਹੈ।

ਭਾਰਤੀ ਸੰਵਿਧਾਨ ਦੀ ਧਾਰਾ 243-ਡੀ ਦੇ ਅਧੀਨ ਅਨੁਸੂਚਿਤ ਕਬੀਲਿਆਂ, ਜਾਤੀਆਂ, ਪਿਛੜੇ ਵਰਗਾਂ ਦੇ ਨਾਗਰਿਕਾਂ ਤੇ ਔਰਤਾਂ ਲਈ ਪੰਚਾਇਤਾਂ ਵਿੱਚ 50% ਰਾਖਵੇਂਕਰਨ ਦੀ ਵਿਵਸਥਾ ਕਰਦੀ ਹੈ। ਜਿਸ ਦੇ ਫ਼ਲਸਰੂਪ ਔਰਤਾਂ ਪੰਚਾਇਤੀ ਚੋਣਾਂ ਵਿੱਚ ਪੰਚ ਜਾਂ ਸਰਪੰਚ ਵਜੋਂ ਭੂਮਿਕਾ ਨਿਭਾਉਂਦੀਆਂ ਹਨ ਜੋ ਨਜ਼ਰ ਤਾਂਆਉਂਦਾ ਹੈ ਪਰ ਅਸਲੀਅਤ ਵਿੱਚ ਬਹੁ-ਗਿਣਤੀ ਔਰਤਾਂ ਦੀ ਰਾਜਨੀਤਿਕ ਭਾਗੀਦਾਰੀ ਸਿਰਫ਼ ਦਫ਼ਤਰਾਂ ਦੀ ਫਾਇਲਾਂ ਤੱਕ ਸੀਮਤ ਰਹਿ ਜਾਂਦੀ ਹੈ।

ਜੇਕਰ ਪੰਚਾਇਤ ਪੱਧਰ 'ਤੇ ਔਰਤਾਂ ਦੀ ਰਾਜਨੀਤਿਕ ਸ਼ਮੂਲੀਅਤ ਦੀ ਗੱਲ ਕੀਤੀ ਜਾਵੇ ਤਾਂ ਜਿਸ ਵਿੱਚ ਔਰਤਾਂ ਦੁਆਰਾ ਬਗੈਰ ਕਿਸੇ ਦਬਾਅ ਵੋਟ ਦੇ ਅਧਿਕਾਰ ਦੀ ਵਰਤੋਂ ਕਰਨਾ, ਚੋਣਾਂ ਲੜਨਾ, ਸ਼ਕਤੀਆਂ ਦੀ ਵੰਡ ਕਰਨਾ, ਰਾਜਨੀਤਿਕ ਪਾਰਟੀਆਂ ਦੀ ਮੈਂਬਰਸ਼ਿਪ, ਚੋਣ ਪ੍ਰਚਾਰ, ਪਾਰਟੀ ਮੀਟਿੰਗਾਂ ਵਿੱਚ ਸ਼ਾਮਿਲ ਹੋਣਾ, ਪਾਰਟੀ ਅਹੁਦੇ ਸੰਭਾਲਣਾ, ਸਾਂਝੇ ਫੈਸਲੇ ਲੈਣਾ, ਰਾਜ ਦੇ ਸ਼ਾਸਨ ਦੇ ਸਾਰੇ ਪੱਧਰਾਂ ਤੇ ਸਾਂਝੀ-ਨੀਤੀ ਬਣਾਉਣਾ ਹੈ। ਆਮ ਸ਼ਬਦਾਂ ਵਿੱਚ ਉਹ ਪ੍ਰਕਿਰਿਆ ਹੈ ਜਿਸ ਰਾਹੀਂ ਸਮੂਹ ਨਾਗਰਿਕ ਸਮਾਜ ਦੇ ਸਾਂਝੇ ਟੀਚਿਆਂ ਦਾ ਫ਼ੈਸਲਾ ਤੇ ਪ੍ਰਾਪਤ ਕਰਨ ਲਈ ਰਾਜਨੀਤਿਕ ਜੀਵਨ ਵਿੱਚ ਇੱਕ ਖਾਸ ਭੂਮਿਕਾ ਨਿਭਾਉਂਦੇ ਹਨ। ਜਿਸ ਦੇ ਫਲਸਰੂਪ ਔਰਤਾਂ ਵੀ ਰਾਜਨੀਤਿਕ ਖੇਤਰ ਵਿੱਚ ਆਪਣੀ ਬਰਾਬਰ ਭਾਗੀਦਾਰੀ ਨਾਲ ਸ਼ਾਮਿਲ ਹੋ ਕੇ ਦੇਸ਼ ਦੇ ਸਰਬਪੱਖੀ ਵਿਕਾਸ ਵਿੱਚ ਆਪਣਾ ਯੋਗਦਾਨ ਪਾ ਸਕਣ।

ਪੰਜਾਬ ਸਰਕਾਰ ਦੁਬਾਰਾ ਵੀ ਵੱਖ-ਵੱਖ ਸਮਿਆਂ ਦਸੰਬਰ 2013, ਮਈ 2015, ਅਗਸਤ 2022, ਸੰਤਬਰ 2024 ਨੂੰ ਜ਼ਿਲ੍ਹੇ ਦੇ ਕਮਿਸ਼ਨਰਾਂ ਤੇ ਸੰਬੰਧਿਤ ਵਿਭਾਗਾਂ ਨੂੰ ਨੋਟੀਫਿਕੇਸ਼ਨ ਜਾਰੀ ਕਰਦਿਆਂ ਹਦਾਇਤਾਂ ਕੀਤੀਆਂ ਗਈਆਂ ਸਨ ਕਿ ਜਿਸ ਤਹਿਤ ਔਰਤਾਂ ਦੀ ਰਾਜਨੀਤਿਕ ਖ਼ਾਸਕਰ ਪੰਚਾਇਤਾਂ ਵਿੱਚ ਚੋਣਾਂ ਲੜਨਾ ਹੀ ਨਹੀਂ ਬਲਕਿ ਆਪਣੇ ਕਾਰਜਕਾਲ ਵਿੱਚ ਕੰਮਾਂ ਤੇ ਸ਼ਕਤੀਆਂ ਦੀ ਵਰਤੋਂ ਦੀ ਸ਼ਮੂਲੀਅਤ ਲਾਜ਼ਮੀ ਬਣਾਈ ਜਾਵੇ।

ਦੇਖਿਆ ਜਾਂਦਾ ਹੈ ਕਿ ਸੰਵਿਧਾਨਿਕ ਅਧਿਕਾਰਾਂ ਦੁਆਰਾ ਔਰਤਾਂ ਦੀ 50% ਭਾਗੀਦਾਰੀ ਨੂੰ ਲੈ ਕੇ ਮਿਲੇ ਅਧਿਕਾਰਾਂ ਅਨੁਸਾਰ ਪਿੰਡ ਦੀ ਪੰਚਾਇਤ ਲਈ ਪੰਚਾਂ ਤੇ ਸਰਪੰਚਾਂ ਦੇ ਉਮੀਦਵਾਰਾਂ ਵਜੋਂ ਔਰਤਾਂ ਵੱਲੋਂ ਨਾਮਜਾਦਗੀਆਂ ਦਾਖ਼ਲ ਤਾਂ ਕੀਤੀਆਂ ਜਾਂਦੀਆਂ ਹਨ ਪ੍ਰੰਤੂ ਜਿੱਤਣ ਉਪਰੰਤ ਪੰਚਾਇਤਾਂ 'ਚ ਪੰਚਾਂ-ਸਰਪੰਚਾਂ ਦੇ ਅਧਿਕਾਰਤ ਤੌਰ 'ਤੇ ਸ਼ਕਤੀਆਂ ਤੇ ਕੰਮਾਂ ਦੀ ਵਰਤੋਂ ਔਰਤ ਦਾ ਪਤੀ, ਪੁੱਤਰ ਜਾਂ ਪਰਿਵਾਰ ਨਾਲ ਸੰਬੰਧਿਤ ਹੋਰ ਮਰਦ ਵਿਅਕਤੀ ਹੀ ਕਾਰਜਕਾਲ ਦੌਰਾਨ ਕਰਦਾ ਹੈ। ਇੱਥੋਂ ਤੱਕ ਕਿ ਬਹੁ ਗਿਣਤੀ ਔਰਤਾਂ ਨੂੰ ਕਿਸੇ ਵੀ ਗ੍ਰਾਮ ਸਭਾ ਪੰਚਾਇਤਾਂ ਦੀ ਮੀਟਿੰਗ ਵਿੱਚ ਸ਼ਾਮਿਲ ਨਹੀਂ ਹੋਣ ਦਿੱਤਾ ਜਾਂਦਾ ਹੈ ਅਤੇ ਪੰਚਾਇਤੀ ਮੀਟਿੰਗਾਂ 'ਤੇ ਰਾਜਨੀਤਿਕ ਮਸਲਿਆਂ ਵਿੱਚ ਔਰਤਾਂ ਦੇ ਪਰਿਵਾਰਿਕ ਮਰਦ ਵਿਅਕਤੀ ਹੀ ਭੂਮਿਕਾ ਨਿਭਾਉਂਦੇ ਆ ਰਹੇ ਹਨ।

ਸੂਬੇ ਅੰਦਰ ਪੰਚਾਇਤੀ ਚੋਣਾਂ 2024 ਦੇ ਚਲਦਿਆਂ ਦੇਖਿਆ ਗਿਆ ਹੈ ਕਿ ਪੰਚ ਜਾਂ ਸਰਪੰਚ ਦੀ ਉਮੀਦਵਾਰ ਵਜੋਂ ਨਾਮਜ਼ਦ ਹੋਈਆਂ ਔਰਤਾਂ ਦੇ ਅਪੀਲ ਪੱਤਰ ਭਾਵ ਪੋਸਟਰ ਜੋ ਦੀਵਾਰਾਂ 'ਤੇ ਲਗਾਏ ਜਾ ਰਹੇ ਹਨ ਜਾਂ ਸੋਸ਼ਲ ਮੀਡੀਆ ਰਾਹੀਂ ਸੰਚਾਰਿਤ ਕੀਤੇ ਜਾ ਰਹੇ ਹਨ, ਉਨ੍ਹਾਂ ਅਪੀਲ ਪੱਤਰਾਂ 'ਤੇ ਬਹੁਤਿਆਂ ਨੇ ਔਰਤਾਂ ਉਮੀਦਵਾਰਾਂ ਦਾ ਸਿਰਫ਼ ਨਾਮ ਹੀ ਛੋਟੇ ਅੱਖਰਾਂ ਵਿੱਚ ਲਗਾਇਆ ਹੋਇਆ ਹੈ ਅਤੇ ਸਬੰਧਿਤ ਔਰਤ ਦੇ ਪਰਿਵਾਰ ਦਾ ਮਰਦ ਵਿਅਕਤੀ ਦੀ ਫ਼ੋਟੋ ਤੇ ਨਾਮ ਨਾਮਜ਼ਦ ਉਮੀਦਵਾਰ ਨਾਲੋਂ ਕਈ ਗੁਣਾ ਵੱਡੀ ਕਰਕੇ ਲਗਾਈ ਗਈ ਹੈ ਤਾਂ ਸੁਭਾਵਿਕ ਹੈ ਕਿ ਅਜਿਹੀ ਮਾਨਸਿਕਤਾ ਵਾਲੇ ਵਿਅਕਤੀ ਦੇ ਘਰ ਦੀ ਔਰਤ ਆਜ਼ਾਦ ਰਾਜਨੀਤਿਕ ਭਾਗੀਦਾਰੀ ਕਿਵੇਂ ਕਰ ਸਕੇਗੀ...? ਕੀ ਉਹ ਪੰਚ ਜਾਂ ਸਰਪੰਚ ਬਣਨ ਤੋਂ ਬਾਅਦ ਆਪਣੀਆਂ ਕਾਰਜ ਸ਼ਕਤੀਆਂ ਦੀ ਵਰਤੋਂ ਖ਼ੁਦ ਆਪ ਕਰੇਗੀ...? ਬਿਲਕੁਲ ਨਹੀਂ...! ਬਲਕਿ ਉਸ ਔਰਤ ਦੇ ਘਰ ਦਾ ਕੋਈ ਮਰਦ ਵਿਅਕਤੀ ਪੰਚਾਇਤ ਦੀਆਂ ਹੋਣ ਵਾਲੀਆਂ ਮੀਟਿੰਗਾਂ ਜਾਂ ਪਿੰਡ ਦੇ ਮਸਲਿਆਂ ਵਿੱਚ ਹਿੱਸਾ ਹੀ ਲਵੇਗਾ। ਇਸ ਪ੍ਰਤੀ ਆਮ ਲੋਕ ਵੀ ਇਸ ਵਰਤਾਰੇ ਨੂੰ ਆਮ ਨਜ਼ਰ ਨਾਲ ਹੀ ਦੇਖਦੇ ਨਜ਼ਰ ਆਉਂਦੇ ਹਨ। ਉਨ੍ਹਾਂ ਨੂੰ ਆਪਣੇ ਮਾਂ ਜਾਂ ਪਤਨੀ ਦੇ ਪੰਚ ਜਾਂ ਸਰਪੰਚ ਦੀ ਨਾਮਜ਼ਦਗੀ ਤੇ ਜਿੱਤ ਤੋਂ ਬਾਅਦ ਮਿਲੀਆਂ ਸ਼ਕਤੀਆਂ 'ਤੇ ਆਪਣਾ ਹੱਕ ਪੁਸ਼ਤੈਨੀ ਜਾਪਦਾ ਹੈ।

ਜਦੋਂ ਕਿ ਸੰਵਿਧਾਨਿਕ ਤੇ ਨੈਤਿਕਤਾ ਦੇ ਆਧਾਰ 'ਤੇ ਵੀ ਗਲਤ ਹੈ। ਇੱਥੇ ਹੀ ਵੱਸ ਨਹੀਂ ਦੂਸਰਾ ਕਿਸੇ ਘੱਟ ਗਿਣਤੀ, ਅਨੁਸੂਚਿਤ ਜਾਤੀ ਜਾਂ ਕਬੀਲੇ ਵਜੋਂ ਰਾਖਵਾਂਕਰਨ ਦੇ ਆਧਾਰ ਫ਼#39;ਤੇ ਕੋਈ ਵਿਅਕਤੀ ਚੋਣ ਲੜਦਾ ਹੈ ਤਾਂ ਉਸਨੂੰ ਵੀ ਰਸੂਖਦਾਰ ਆਪਣੀ ਰਬੜ ਦੀ ਮੋਹਰ ਹੀ ਸਮਝਦੇ ਹਨ ਪਰ ਸਾਨੂੰ ਇਸ ਸੰਦਰਭ ਵਿੱਚ ਜਾਗਰੂਕ ਵੋਟਰ ਵਜੋਂ ਸੋਚਣ ਦੀ ਲੋੜ ਹੈ। ਜਦੋਂ ਵੀ ਪੰਚਾਇਤ 'ਚ ਪੰਚ ਲਈ ਵਾਰਡ ਜਾਂ ਸਰਪੰਚ ਲਈ ਪਿੰਡ ਵਿੱਚ ਕਿਸੇ ਔਰਤ ਲਈ ਰਾਖਵੀਂ ਉਮੀਦਵਾਰ ਵਜੋਂ ਚੋਣ ਲੜਦੀ ਹੈ ਉਸ ਨਾਲ ਸੰਬੰਧਿਤ ਵੋਟਰ ਉਮੀਦਵਾਰ ਤੋਂ ਤਸਦੀਕ ਕਰਵਾਉਣ ਕਿ ਤੁਸੀਂ ਆਪਣਾ ਕਾਰਜਕਾਲ ਤੇ ਸ਼ਕਤੀਆਂ ਦੀ ਵਰਤੋਂ ਆਪ ਖ਼ੁਦ ਕਰੋਗੇ ਜਾਂ ਤੁਹਾਡਾ ਪਤੀ ਜਾਂ ਪਰਿਵਾਰਿਕ ਮਰਦ ਕਰੇਗਾ।

ਭਾਰਤੀ ਸੰਵਿਧਾਨ ਅਨੁਸਾਰ ਦੇਸ਼ ਦੇ ਹਰ ਨਾਗਰਿਕ ਨੂੰ ਬਰਾਬਰ ਦੇ ਅਧਿਕਾਰ ਪ੍ਰਾਪਤ ਹਨ। ਜਿਨ੍ਹਾਂ ਨੂੰ ਉਹ ਮਾਣਦਾ ਹੈ ਅਤੇ ਕੁਝ ਅਧਿਕਾਰ ਕਿਸੇ ਖ਼ਾਸ ਖਿੱਤੇ, ਕੌਮ ਜਾਂ ਲਿੰਗ ਨੂੰ ਸਮਾਜ ਵਿੱਚ ਬਰਾਬਰਤਾ ਹਿੱਤ ਰਾਖਵਾਂਕਰਨ ਵਜੋਂ ਪ੍ਰਾਪਤ ਹੋਏ ਹਨ। ਸੋ ਆਓ ਸੰਵਿਧਾਨਿਕ ਅਧਿਕਾਰਾਂ ਨੂੰ ਮਾਣਦੇ ਹੋਏ ਆਪਣੀਆਂ ਜ਼ਿੰਮੇਵਾਰੀਆਂ ਦਾ ਵੀ ਪਾਲਣ ਕਰੀਏ ਤੇ ਸਮਾਜ ਵਿੱਚ ਵਿਚਰਦਿਆਂ ਹਰੇਕ ਵਿਅਕਤੀ ਨੂੰ ਆਪਣੇ ਖੇਤਰ ਵਿੱਚ ਵੱਧਣ-ਫੁੱਲਣ ਦੇ ਯੋਗ ਮੌਕੇ ਪ੍ਰਦਾਨ ਕਰੀਏ।

ਲੇਖਕ:
ਗੁਰਵੀਰ ਸਿੰਘ ਸਰੌਦ,
ਮਾਲੇਰਕੋਟਲਾ
ਸੰਪਰਕ: 94179-71451



# ਚੰਨੀ ਵੱਲੋਂ ਕੈਨੇਡਾ ਨਾਲ ਰਿਸ਼ਤੇ ਸੁਧਾਰਨ 'ਤੇ ਜ਼ੋਰ, ਮੂਸੇਵਾਲਾ ਦੇ ਕਤਲ ਨੂੰ ਦੱਸਿਆ 'ਸਿਆਸੀ'



ਚੰਡੀਗੜ੍ਹ: ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸੀ ਆਗੂ ਚਰਨਜੀਤ ਸਿੰਘ ਚੰਨੀ ਨੇ ਬੁੱਧਵਾਰ ਨੂੰ ਜਲੰਧਰ ਵਿਚ ਜ਼ੋਰ ਦੇ ਕੇ ਕਿਹਾ ਕਿ ਕੇਂਦਰ ਸਰਕਾਰ ਨੂੰ ਕੈਨੇਡਾ ਨਾਲ ਰਿਸ਼ਤੇ ਸੁਧਾਰਨ ਉਤੇ ਜ਼ੋਰ ਦੇਣਾ ਚਾਹੀਦਾ ਹੈ। ਜਲੰਧਰ ਹਲਕੇ ਤੋਂ ਲੋਕ ਸਭਾ ਮੈਂਬਰ ਚੰਨੀ ਇਸ ਮੌਕੇ ਪੱਤਰਕਾਰਾਂ ਵੱਲੋਂ ਭਾਰਤ ਤੇ ਕੈਨੇਡਾ ਦੇ ਰਿਸ਼ਤਿਆਂ ਵਿਚ ਜਾਰੀ ਤਾਜ਼ਾ ਤਣਾਅ ਬਾਰੇ ਪੁੱਛੇ ਗਏ ਇਕ ਸਵਾਲ ਦਾ ਜਵਾਬ ਦੇ ਰਹੇ ਸਨ। ਉਨ੍ਹਾਂ ਕਿਹਾ, "ਕੈਨੇਡਾ ਨਾਲ ਸਾਡਾ ਨਹੁੰ-ਮਾਸ ਦਾ ਰਿਸ਼ਤਾ ਬਣ ਗਿਆ ਹੈ ਕਿਉਂਕਿ ਪੰਜਾਬ ਦੇ ਵੱਡੀ ਗਿਣਤੀ ਲੋਕ ਕੈਨੇਡਾ ਵਿਚ ਰਹਿ ਰਹੇ ਹਨ।" ਉਨ੍ਹਾਂ ਕਿਹਾ, "ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਰਿਸ਼ਤਿਆਂ ਨੂੰ ਸੁਧਾਰੇ, ਕਿਉਂਕਿ ਸਾਨੂੰ ਤਾਂ ਹੁਣ ਕੈਨੇਡਾ ਨਾਲ ਰੋਜ਼ ਦੀ ਲੋੜ ਹੈ।" ਕੈਨੇਡਾ ਮਾਮਲੇ 'ਤੇ ਗੈਂਗਸਟਰਾਂ ਦਾ ਨਾਂ ਆਉਣ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਉਲਟਾ ਸਵਾਲ ਕੀਤਾ ਕਿ ਆਖ਼ਰ 'ਗੈਂਗਸਟਰਾਂ ਨੂੰ ਕੌਣ ਪੈਦਾ ਕਰਦਾ ਹੈ'? ਉਨ੍ਹਾਂ ਕਿਹਾ, "ਅਸਲ ਵਿਚ ਹੁਣ ਬਿੱਲੀ ਥੈਲੇ ਤੋਂ ਬਾਹਰ ਆ ਰਹੀ ਹੈ।... ਮੈਂ ਪਹਿਲਾਂ ਵੀ ਕਿਹਾ ਸੀ ਕਿ (ਸਿੱਧੂ) ਮੂਸੇਵਾਲਾ ਦਾ ਕਤਲ ਰਾਜਨੀਤਕ ਸੀ ਅਤੇ ਇਹ ਗੱਲ ਛੇਤੀ ਹੀ ਹੋਰ ਸਾਫ਼ ਹੋ ਜਾਵੇਗੀ।"

GTA Plumbing & Electrical Supplies
GTA Plumbling & Electrical Supplies



ONE STOP SHOP
FOR ALL PLUMBING &
ELECTRICAL SUPPLIES

* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more

Moen, American Standard Pfister, Faucets,
ABS, Copper and all type of fitting

905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.

Business Loan
Credit Line
Truck/Taxi Loan
New Immigrant Package



Jaswinder Khosa
416-894-9400

416-366-1234

1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ

ਹਰਬਲ ਵਿਆਗਰਾ:-ਮਰਦਾਨਾ ਤਾਕਤ
ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ






ਨਸ਼ਾ ਛੁਡਾਓ
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ

ਔਰਤਾਂ ਤੇ ਮਰਦਾਂ ਦੇ
ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।

ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ,
ਪਿੱਠ ਦਰਦ, ਗੋਡਿਆਂ ਆਦਿ ਹਰ ਤਰ੍ਹਾਂ
ਦੀਆਂ ਦਰਦਾਂ ਦਾ ਸਫਲ ਇਲਾਜ



ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ਪਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ
ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ

PH: 416-425-0138
514-632-0138

ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ,
ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ

ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ

ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ

Solve Your Life Problems with Easy Opay &
Lucky Stone, Book and Appointment Today!

ਪੰਜਾਬ ਸਟਾਰ
www.punjabstar.com

# ਕਿਵੇਂ ਜਾਣੀਏ ਕਿ ਸਰੀਰ 'ਚ ਹੋ ਰਹੀ ਹੈ ਵਿਟਾਮਿਨ ਡੀ ਦੀ ਕਮੀ !




ਵਿਟਾਮਿਨ-ਡੀ, ਜਿਸ ਨੂੰ "ਸਨਸ਼ਾਈਨ ਵਿਟਾਮਿਨ" ਵੀ ਕਿਹਾ ਜਾਂਦਾ ਹੈ, ਸਾਡੇ ਸਰੀਰ ਲਈ ਬਹੁਤ ਮਹੱਤਵਪੂਰਨ ਹੈ। ਇਹ ਵਿਟਾਮਿਨ ਨਾ ਸਿਰਫ਼ ਹੱਡੀਆਂ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦਾ ਹੈ, ਸਗੋਂ ਕਈ ਹੋਰ ਜ਼ਰੂਰੀ ਕਾਰਜਾਂ ਵਿੱਚ ਵੀ ਮਦਦ ਕਰਦਾ ਹੈ। ਇਸ ਲਈ ਇਸ ਦੀ ਕਮੀ ਸਿਹਤ ਲਈ ਕਾਫੀ ਹਾਨੀਕਾਰਕ ਸਾਬਤ ਹੋ ਸਕਦੀ ਹੈ। ਇੱਥੇ ਅਸੀਂ ਤੁਹਾਨੂੰ ਵਿਟਾਮਿਨ ਡੀ ਦੀ ਕਮੀ ਦੇ ਕੁਝ ਲੱਛਣਾਂ (ਵਿਟਾਮਿਨ ਡੀ ਦੀ ਕਮੀ ਦੇ ਸੰਕੇਤ) ਅਤੇ ਇਸ ਨੂੰ ਕਿਵੇਂ ਦੂਰ ਕਰਨਾ ਹੈ (Vitamin D Deficiency Signs) ਬਾਰੇ ਦੱਸਾਂਗੇ।

### ਕਿਉਂ ਹੈ ਮਹੱਤਵਪੂਰਨ ਵਿਟਾਮਿਨ ਡੀ

**ਹੱਡੀਆਂ ਦੀ ਸਿਹਤ-** ਵਿਟਾਮਿਨ ਡੀ ਕੈਲਸ਼ੀਅਮ ਅਤੇ ਫਾਸਫੋਰਸ ਨੂੰ ਜਜ਼ਬ ਕਰਨ ਵਿੱਚ ਮਦਦ ਕਰਦਾ ਹੈ, ਜੋ ਹੱਡੀਆਂ ਅਤੇ ਦੰਦਾਂ ਨੂੰ ਮਜ਼ਬੂਤ ਕਰਨ ਲਈ ਜ਼ਰੂਰੀ ਹਨ। ਇਸ ਦੀ ਕਮੀ ਬੱਚਿਆਂ ਵਿੱਚ ਰਿਕਟਸ ਅਤੇ ਵੱਡਿਆਂ ਵਿੱਚ ਓਸਟੀਓਮਲੇਸੀਆ ਵਰਗੀਆਂ ਬਿਮਾਰੀਆਂ ਦਾ ਕਾਰਨ ਬਣ ਸਕਦੀ ਹੈ।

**ਇਮਿਊਨ ਸਿਸਟਮ-** ਵਿਟਾਮਿਨ ਡੀ ਸਾਡੀ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇਹ ਵੱਖ-ਵੱਖ ਤਰ੍ਹਾਂ ਦੀਆਂ ਇਨਫੈਕਸ਼ਨਾਂ ਨਾਲ ਲੜਨ 'ਚ ਮਦਦ ਕਰਦਾ ਹੈ।

**ਮਾਸਪੇਸ਼ੀਆਂ ਦੀ ਸਿਹਤ-** ਮਾਸਪੇਸ਼ੀਆਂ ਦੀ ਸਿਹਤ ਲਈ ਵਿਟਾਮਿਨ ਡੀ ਵੀ ਜ਼ਰੂਰੀ ਹੈ। ਇਸ ਦੀ ਕਮੀ ਨਾਲ ਮਾਸਪੇਸ਼ੀਆਂ ਦੀ ਕਮਜ਼ੋਰੀ ਅਤੇ ਦਰਦ ਹੋ ਸਕਦਾ ਹੈ।

**ਦਿਲ ਦੀ ਸਿਹਤ-** ਵਿਟਾਮਿਨ ਡੀ ਦਿਲ ਦੀਆਂ ਬਿਮਾਰੀਆਂ ਦੇ ਖ਼ਤਰੇ ਨੂੰ ਘੱਟ ਕਰਨ ਵਿੱਚ ਵੀ ਮਦਦ ਕਰ ਸਕਦਾ ਹੈ।

**ਮੂਡ-** ਵਿਟਾਮਿਨ ਡੀ ਵੀ ਮੂਡ ਨੂੰ ਬਿਹਤਰ ਬਣਾਉਣ 'ਚ ਭੂਮਿਕਾ ਨਿਭਾਉਂਦਾ ਹੈ। ਇਸ ਦੀ ਕਮੀ ਡਿਪ੍ਰੈਸ਼ਨ ਦੇ ਖਤਰੇ ਨੂੰ ਵਧਾ ਸਕਦੀ ਹੈ।

### ਵਿਟਾਮਿਨ ਡੀ ਦੀ ਕਮੀ ਦੇ ਲੱਛਣ ਕੀ ਹਨ?

ਵਿਟਾਮਿਨ ਡੀ ਦੀ ਕਮੀ ਦੇ ਲੱਛਣ ਵਿਅਕਤੀ ਤੋਂ ਵੱਖਰੇ ਹੋ ਸਕਦੇ ਹਨ। ਇਸਦੇ ਕੁਝ ਆਮ ਲੱਛਣਾਂ ਵਿੱਚ ਸ਼ਾਮਲ ਹਨ-

* ਥਕਾਵਟ ਅਤੇ ਕਮਜ਼ੋਰੀ
* ਹੱਡੀਆਂ ਵਿੱਚ ਦਰਦ
* ਮਾਸਪੇਸ਼ੀ ਦਰਦ
* ਅਕਸਰ ਬਿਮਾਰ ਪੈਣਾ
* ਮੂਡ ਸਵਿੰਗ
* ਵਾਲ ਝੜਨਾ
* ਵਿਟਾਮਿਨ ਡੀ ਦੀ ਕਮੀ ਦੇ ਕੀ ਕਾਰਨ ਹਨ?

**ਸੂਰਜ ਦੀ ਰੌਸ਼ਨੀ ਦੀ ਕਮੀ-** ਸੂਰਜ ਦੀ ਰੌਸ਼ਨੀ ਵਿਟਾਮਿਨ ਡੀ ਦਾ ਸਭ ਤੋਂ ਵਧੀਆ ਸਰੋਤ ਹੈ। ਸਰਦੀਆਂ ਦੇ ਮੌਸਮ ਜਾਂ ਮਾਨਸੂਨ ਵਿੱਚ, ਜਦੋਂ ਘੱਟ ਧੁੱਪ ਹੁੰਦੀ ਹੈ, ਤਾਂ ਵਿਟਾਮਿਨ ਡੀ ਦੀ ਕਮੀ ਦਾ ਖ਼ਤਰਾ ਵੱਧ ਜਾਂਦਾ ਹੈ।

**ਚਮੜੀ ਦਾ ਰੰਗ -** ਗੂੜ੍ਹੀ ਚਮੜੀ ਵਾਲੇ ਲੋਕਾਂ ਨੂੰ ਵਿਟਾਮਿਨ ਡੀ ਪੈਦਾ ਕਰਨ ਲਈ ਜ਼ਿਆਦਾ ਧੁੱਪ ਦੀ ਲੋੜ ਹੁੰਦੀ ਹੈ।

**ਭਾਰ-** ਮੋਟਾਪੇ ਤੋਂ ਪੀੜਤ ਲੋਕਾਂ ਨੂੰ ਵਿਟਾਮਿਨ ਡੀ ਦੀ ਕਮੀ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ।

**ਖੁਰਾਕ-** ਵਿਟਾਮਿਨ ਡੀ ਨਾਲ ਭਰਪੂਰ ਭੋਜਨ ਪਦਾਰਥਾਂ ਦਾ ਸੇਵਨ ਨਾ ਕਰਨ ਨਾਲ ਵੀ ਵਿਟਾਮਿਨ ਡੀ ਦੀ ਕਮੀ ਹੋ ਸਕਦੀ ਹੈ।

**ਕੁਝ ਦਵਾਈਆਂ-** ਕੁਝ ਦਵਾਈਆਂ, ਜਿਵੇਂ ਕਿ ਕੋਰਟੀਕੋਸਟੀਰੋਇਡਜ਼, ਵਿਟਾਮਿਨ ਡੀ ਦੇ ਸਮਾਈ ਵਿੱਚ ਦਖ਼ਲ ਦੇ ਸਕਦੀਆਂ ਹਨ।

**ਪਾਚਨ ਸੰਬੰਧੀ ਸਮੱਸਿਆਵਾਂ-** ਪਾਚਨ ਸੰਬੰਧੀ ਸਮੱਸਿਆਵਾਂ ਵਿਟਾਮਿਨ ਡੀ ਦੇ ਅਵਸ਼ੋਸ਼ਣ ਨੂੰ ਵੀ ਪ੍ਰਭਾਵਿਤ ਕਰ ਸਕਦੀਆਂ ਹਨ।

### ਵਿਟਾਮਿਨ ਡੀ ਦੀ ਕਮੀ ਨੂੰ ਕਿਵੇਂ ਦੂਰ ਕਰੀਏ?

**ਸੂਰਜ ਦੀ ਰੌਸ਼ਨੀ—** ਰੋਜ਼ਾਨਾ ਕੁਝ ਸਮਾਂ ਧੁੱਪ ਵਿਚ ਬੈਠੋ। ਹਾਲਾਂਕਿ, ਸੂਰਜ ਦੇ ਨੁਕਸਾਨ ਤੋਂ ਬਚਣ ਲਈ ਸਨਸਕ੍ਰੀਨ ਦੀ ਵਰਤੋਂ ਕਰੋ।

**ਖੁਰਾਕ-** ਵਿਟਾਮਿਨ ਡੀ ਨਾਲ ਭਰਪੂਰ ਭੋਜਨ ਖਾਓ, ਜਿਵੇਂ ਕਿ ਮੱਛੀ (ਸਾਲਮਨ, ਟੁਨਾ), ਅੰਡੇ, ਦੁੱਧ, ਦਹੀਂ, ਅਤੇ ਕੁਝ ਕਿਸਮਾਂ ਦੇ ਮਸ਼ਰੂਮ।

**ਸਪਲੀਮੈਂਟਸ-** ਡਾਕਟਰ ਦੀ ਸਲਾਹ 'ਤੇ ਵਿਟਾਮਿਨ ਡੀ ਦੇ ਸਪਲੀਮੈਂਟ ਲਏ ਜਾ ਸਕਦੇ ਹਨ।

### ਵਿਟਾਮਿਨ ਡੀ ਦੀ ਕਮੀ

ਵਿਟਾਮਿਨ ਡੀ ਦੀ ਕਮੀ ਨੂੰ ਦੂਰ ਕਰਨ ਲਈ ਡਾਕਟਰ ਦੀ ਸਲਾਹ ਲੈਣਾ ਜ਼ਰੂਰੀ ਹੈ। ਵਿਟਾਮਿਨ ਡੀ ਦੀ ਜ਼ਿਆਦਾ ਮਾਤਰਾ ਲੈਣ ਨਾਲ ਵੀ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ।




# ਸਾਵਧਾਨ ! ਦੀਵਾਲੀ ਤੋਂ ਪਹਿਲਾਂ ਵਿਕ ਰਹੇ ਹਨ ਨਕਲੀ ਬਦਾਮ



ਨਵੀਂ ਦਿੱਲੀ ਬਦਾਮ ਦਾ ਸੇਵਨ ਸਿਹਤ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਇਹ ਓਮੇਗਾ-3 ਫੈਟੀ ਐਸਿਡ, ਵਿਟਾਮਿਨ ਈ ਅਤੇ ਕਈ ਜ਼ਰੂਰੀ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦੇ ਹਨ, ਪਰ ਤਿਉਹਾਰਾਂ ਦੇ ਸੀਜ਼ਨ ਦੌਰਾਨ ਬਦਾਮ ਖਰੀਦਦੇ ਸਮੇਂ ਤੁਹਾਡੇ ਲਈ ਇਸ ਦੀ ਸ਼ੁੱਧਤਾ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਜੀ ਹਾਂ, ਦੀਵਾਲੀ (Diwali 2024) ਵਰਗੇ ਵੱਡੇ ਤਿਉਹਾਰਾਂ ਦੌਰਾਨ ਬਹੁਤ ਸਾਰੇ ਲੋਕ ਸੁੱਕੇ ਮੇਵੇ ਖਰੀਦਦੇ ਹਨ, ਪਰ ਕੀ ਤੁਸੀਂ ਜਾਣਦੇ ਹੋ ਕਿ ਇਨ੍ਹਾਂ ਦਿਨਾਂ ਦੌਰਾਨ ਬਾਜ਼ਾਰ ਵਿੱਚ ਨਕਲੀ ਬਦਾਮ (Fake Almonds) ਵੀ ਅੰਨ੍ਹੇਵਾਹ ਵਿਕਦੇ ਹਨ? ਆਓ ਅਸੀਂ ਤੁਹਾਨੂੰ ਇਸ ਲੇਖ ਵਿਚ ਦੱਸੀਏ 5 ਅਜਿਹੇ ਆਸਾਨ ਟ੍ਰਿਕਸ (Almonds Quality Check) ਜਿਸ ਦੀ ਮਦਦ ਨਾਲ ਅਸਲੀ ਅਤੇ ਨਕਲੀ ਬਦਾਮ ਦੀ ਪਛਾਣ ਕੀਤੀ ਜਾ ਸਕਦੀ ਹੈ।

### ਰੰਗ ਦੁਆਰਾ ਪਛਾਣੋ

ਅਸਲੀ ਬਦਾਮ ਦਾ ਰੰਗ ਹਲਕਾ ਭੂਰਾ ਹੁੰਦਾ ਹੈ। ਇਹ ਕੁਦਰਤੀ ਰੰਗ ਹੈ ਜੋ ਬਦਾਮ ਦੇ ਪੱਕਣ ਦੀ ਕਿਸਮ ਅਤੇ ਪੜਾਅ 'ਤੇ ਨਿਰਭਰ ਕਰਦਾ ਹੈ। ਇਸ ਦੇ ਨਾਲ ਹੀ ਨਕਲੀ ਬਦਾਮ 'ਤੇ ਨਕਲੀ ਰੰਗ ਦੀ ਕੋਟਿੰਗ ਕੀਤੀ ਜਾਂਦੀ ਹੈ, ਜਿਸ ਕਾਰਨ ਇਨ੍ਹਾਂ ਦਾ ਰੰਗ ਬਹੁਤ ਗੂੜਾ ਭੂਰਾ ਜਾਂ ਕਾਲਾ ਦਿਖਾਈ ਦਿੰਦਾ ਹੈ। ਅਜਿਹੇ 'ਚ ਤਿਉਹਾਰ ਦੇ ਮੌਕੇ 'ਤੇ ਇਨ੍ਹਾਂ ਨੂੰ ਖਰੀਦਦੇ ਸਮੇਂ ਇਸ ਗੱਲ ਦਾ ਧਿਆਨ ਰੱਖੋ।

### ਪਾਣੀ ਦਾ ਟੈਸਟ

ਅਸਲੀ ਬਦਾਮ ਪਾਣੀ ਵਿੱਚ ਡੁੱਬ ਜਾਂਦੇ ਹਨ। ਹਾਂ, ਜਦੋਂ ਤੁਸੀਂ ਬਦਾਮ ਨੂੰ ਕੁਝ ਸਮੇਂ ਲਈ ਪਾਣੀ ਵਿੱਚ ਭਿਉਂਦੇ ਹੋ, ਤਾਂ ਅਸਲੀ ਬਦਾਮ ਪਾਣੀ ਦੇ ਹੇਠਾਂ ਚਲੇ ਜਾਂਦੇ ਹਨ, ਜਦੋਂ ਕਿ ਨਕਲੀ ਬਦਾਮ ਪਾਣੀ ਦੀ ਸਤ੍ਹਾ 'ਤੇ ਤੈਰਦੇ ਰਹਿੰਦੇ ਹਨ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਅਸਲ ਬਦਾਮ ਵਿੱਚ ਪਾਣੀ ਸੋਖਣ ਦੀ ਸਮਰੱਥਾ ਜ਼ਿਆਦਾ ਹੁੰਦੀ ਹੈ, ਜਿਸ ਕਾਰਨ ਉਨ੍ਹਾਂ ਦੀ ਘਣਤਾ ਵਧ ਜਾਂਦੀ ਹੈ ਅਤੇ ਉਹ ਪਾਣੀ ਵਿੱਚ ਡੁੱਬ ਜਾਂਦੇ ਹਨ।

### ਰਗੜ ਕੇ ਦੇਖੋ

ਜੇਕਰ ਤੁਸੀਂ ਕਿਸੇ ਬਦਾਮ ਨੂੰ ਹੱਥਾਂ 'ਤੇ ਰਗੜਦੇ ਹੋ ਅਤੇ ਉਸ 'ਚੋਂ ਰੰਗ ਨਿਕਲਣ ਲੱਗਦਾ ਹੈ ਤਾਂ ਸਮਝ ਲਓ ਕਿ ਬਦਾਮ ਨਕਲੀ ਹੈ। ਅਸਲ ਵਿੱਚ, ਇਹ ਇੱਕ ਪਾਊਡਰ ਦੇ ਕਾਰਨ ਹੈ ਜੋ ਨਕਲੀ ਬਦਾਮਾਂ 'ਤੇ ਛਿੜਕਿਆ ਜਾਂਦਾ ਹੈ ਤਾਂ ਜੋ ਉਨ੍ਹਾਂ ਨੂੰ ਅਸਲੀ ਵਰਗਾ ਬਣਾਇਆ ਜਾ ਸਕੇ।

### ਪੇਪਰ ਟੈਸਟ

ਬਦਾਮ ਦੀ ਸ਼ੁੱਧਤਾ ਦੀ ਜਾਂਚ ਕਰਨ ਲਈ, ਤੁਸੀਂ ਉਨ੍ਹਾਂ ਨੂੰ ਕਾਗਜ਼ ਵਿੱਚ ਲਪੇਟ ਕੇ ਉਨ੍ਹਾਂ ਨੂੰ ਕੁਚਲ ਸਕਦੇ ਹੋ। ਤੁਹਾਨੂੰ ਦੱਸ ਦੇਈਏ ਕਿ ਜਦੋਂ ਤੁਸੀਂ ਬਦਾਮ ਨੂੰ ਸਖ਼ਤ ਸਤ੍ਹਾ 'ਤੇ ਦਬਾਉਂਦੇ ਹੋ, ਤਾਂ ਉਸ ਵਿੱਚੋਂ ਇੱਕ ਤੇਲ ਨਿਕਲਦਾ ਹੈ, ਜੋ ਕੁਝ ਹੀ ਸਮੇਂ ਵਿੱਚ ਕਾਗਜ਼ ਨੂੰ ਮੁਲਾਇਮ ਬਣਾਉਂਦਾ ਹੈ। ਜਦੋਂ ਕਿ ਜੇਕਰ ਬਦਾਮ ਨਕਲੀ ਹੋਵੇ ਤਾਂ ਇਹ ਕਾਗਜ਼ ਸੁੱਕਾ ਰਹਿੰਦਾ ਹੈ।

**ਸੁੰਘ ਕੇ ਪਛਾਣੋ :** ਬਾਜ਼ਾਰ ਵਿੱਚ ਉਪਲਬਧ ਬਦਾਮ ਦੀ ਗੁਣਵੱਤਾ ਅਤੇ ਸ਼ੁੱਧਤਾ ਬਾਰੇ ਅਕਸਰ ਸ਼ੱਕ ਹੁੰਦਾ ਹੈ, ਖਾਸ ਕਰਕੇ ਜਦੋਂ ਇਹ ਤਿਉਹਾਰਾਂ ਦਾ ਸੀਜ਼ਨ ਹੁੰਦਾ ਹੈ। ਅਜਿਹੀ ਸਥਿਤੀ ਵਿੱਚ, ਤੁਸੀਂ ਇਨ੍ਹਾਂ ਨੂੰ ਖਰੀਦਦੇ ਸਮੇਂ ਤੋੜ ਸਕਦੇ ਹੋ ਅਤੇ ਖੁਸ਼ਬੂ ਨੂੰ ਸੁੰਘ ਸਕਦੇ ਹੋ। ਜੀ ਹਾਂ, ਅਜਿਹਾ ਕਰਨ ਤੋਂ ਬਾਅਦ ਜੇਕਰ ਤੁਹਾਨੂੰ ਮਿੱਠੀ ਅਤੇ ਤੇਲ ਵਾਲੀ ਮਹਿਕ ਮਿਲਦੀ ਹੈ ਤਾਂ ਬਦਾਮ ਦੀ ਗੁਣਵੱਤਾ ਦੀ ਚਿੰਤਾ ਨਾ ਕਰੋ, ਪਰ ਜੇਕਰ ਤੁਹਾਨੂੰ ਉਨ੍ਹਾਂ ਵਿੱਚ ਕੋਈ ਵੀ ਖੁਸ਼ਬੂ ਨਹੀਂ ਮਿਲਦੀ ਹੈ ਜਾਂ ਤੁਹਾਨੂੰ ਨਕਲੀ ਜਾਂ ਅਜੀਬ ਜਿਹੀ ਮਹਿਕ ਮਿਲਦੀ ਹੈ ਤਾਂ ਸਮਝੋ ਕਿ ਇਹ ਨਕਲੀ ਹਨ।

# ਰੋਜ਼-ਰੋਜ਼ ਕੌੜੀ Green Tea ਪੀਣ ਕਾਰਨ ਹੋ ਪ੍ਰੇਸ਼ਾਨ ਤਾਂ Tasty Homemade ਚਾਹ ਨਾਲ ਸਿਹਤ ਬਣਾਓ ਵਧੀਆ

ਨਵੀਂ ਦਿੱਲੀ : ਅੱਜ-ਕੱਲ੍ਹ ਲੋਕ ਆਪਣੀ ਸਿਹਤ ਪ੍ਰਤੀ ਕਾਫ਼ੀ ਸੁਚੇਤ ਹੋ ਚੁੱਕੇ ਹਨ। ਅਜਿਹੇ 'ਚ ਖ਼ੁਦ ਨੂੰ ਹੈਲਦੀ ਤੇ ਫਿੱਟ ਰੱਖਣ ਲਈ ਲੋਕ ਆਪਣੇ ਖਾਣ-ਪੀਣ ਤੇ ਰਹਿਣ-ਸਹਿਣ ਦਾ ਖ਼ਾਸ ਧਿਆਨ ਰੱਖਣ ਲੱਗ ਗਏ ਹਨ। ਇਸ ਸਥਿਤੀ 'ਚ ਗ੍ਰੀਨ ਟੀ ਕਈ ਲੋਕਾਂ ਦੀ ਰੂਟੀਨ ਦਾ ਇਕ ਅਹਿਮ ਹਿੱਸਾ ਬਣ ਚੁੱਕੀ ਹੈ, ਜੋ ਤੁਹਾਨੂੰ ਫਿਜ਼ੀਕਲ ਫਿੱਟ ਰੱਖਦੀ ਹੈ ਤੇ ਸਿਹਤ ਨੂੰ ਕਈ ਫਾਇਦੇ ਪਹੁੰਚਾਉਂਦੀ ਹੈ। ਇੰਨੀ ਦਿਨੀਂ ਮੌਸਮ 'ਚ ਬਦਲਾਅ ਹੋਣ ਲੱਗਦਾ ਹੈ, ਜਿਸ ਵਜ੍ਹਾ ਨਾਲ ਖੰਘ- ਜ਼ੁਕਾਮ ਤੇਜ਼ੀ ਨਾਲ ਵਧਣ ਲੱਗਦਾ ਹੈ।

ਅਜਿਹੀ ਸਥਿਤੀ 'ਚ ਗ੍ਰੀਨ ਟੀ ਜਾਂ ਹਰਬਲ ਟੀ ਤੁਹਾਨੂੰ ਕਈ ਬਿਮਾਰੀਆਂ ਤੋਂ ਬਚਾਉਣ 'ਚ ਮਦਦ ਕਰ ਸਕਦੀ ਹੈ। ਇਸ ਨੂੰ ਪੀਣ ਨਾਲ ਇਮਿਊਨਿਟੀ ਮਜ਼ਬੂਤ ਹੁੰਦੀ ਹੈ, ਜੋ ਸਿਹਤ ਨੂੰ ਫਾਇਦਾ ਪਹੁੰਚਾਉਂਦੀ ਹੈ। ਹਾਲਾਂਕਿ ਗ੍ਰੀਨ ਟੀ ਦਾ ਸਵਾਦ ਕਈ ਲੋਕਾਂ ਨੂੰ ਪਸੰਦ ਨਹੀਂ ਆਉਂਦਾ ਤੇ ਇਸ ਦੇ ਕੌੜੇਪਨ ਦੀ ਵਜ੍ਹਾ ਨਾਲ ਲੋਕ ਇਸ ਨੂੰ ਪੀਣ ਤੋਂ ਝਿਜਕਦੇ ਹਨ। ਇਸ ਆਰਟੀਕਲ 'ਚ ਅਸੀਂ ਤੁਹਾਨੂੰ ਘਰ 'ਚ ਹੀ ਹੈਲਦੀ ਹਰਬਲ ਟੀ ਬਣਾਉਣ ਦੇ ਤਰੀਕੇ ਬਾਰੇ ਦੱਸਾਂਗੇ। ਜੋ ਸਵਾਦ ਤੇ ਗੁਣਾ ਦੋਵਾਂ 'ਚ ਗ੍ਰੀਨ ਟੀ ਤੋਂ ਵਧੀਆ ਹੈ।



**ਤੁਲਸੀ ਗ੍ਰੀਨ ਟੀ:-** ਤੁਲਸੀ ਤੋਂ ਬਣਨ ਵਾਲੀ ਗ੍ਰੀਨ ਟੀ ਬਾਜ਼ਾਰ 'ਚੋਂ ਮਿਲਣ ਵਾਲੀ ਗ੍ਰੀਨ ਟੀ ਤੋਂ ਜ਼ਿਆਦਾ ਗੁਣਕਾਰੀ ਹੁੰਦੀ ਹੈ। ਇਸ ਦੇ ਨਾਲ ਹੀ ਇਸ ਦਾ ਸਵਾਦ ਵੀ ਆਮ ਗ੍ਰੀਨ ਟੀ ਨਾਲੋਂ ਵਧੀਆ ਹੁੰਦਾ ਹੈ, ਜਿਸ ਦੀ ਵਜ੍ਹਾ ਨਾਲ ਇਸ ਨੂੰ ਪੀਣਾ ਮੁਸ਼ਕਲ ਨਹੀਂ ਹੁੰਦਾ ਹੈ। ਇਸ ਨੂੰ ਪੀਣ ਨਾਲ ਤੁਹਾਡੀ ਇਮਿਊਨਿਟੀ ਮਜ਼ਬੂਤ ਹੁੰਦੀ ਹੈ ਤੇ ਇਹ ਸਰੀਰ ਨੂੰ ਡੀਟੌਕਸ ਕਰਨ ਨਾਲ ਹੀ ਭਾਰ ਘੱਟ ਕਰਨ 'ਚ ਮਦਦ ਕਰਦੀ ਹੈ।

### ਤੁਲਸੀ ਗ੍ਰੀਨ ਟੀ ਬਣਾਉਣ ਦਾ ਤਰੀਕਾ

* ਸਭ ਤੋਂ ਪਹਿਲਾਂ ਤੁਲਸੀ ਦੇ 7-8 ਪੱਤਿਆਂ ਨੂੰ ਧੋ ਕੇ 1 ਗਿਲਾਸ ਪਾਣੀ 'ਚ ਉਬਾਲਣ ਲਈ ਰੱਖ ਦਿਓ।
* ਜਦੋਂ ਪਾਣੀ ਚੰਗੀ ਤਰ੍ਹਾਂ ਉੱਬਲ ਜਾਵੇ ਤੇ ਅੱਧਾ ਰਹਿ ਜਾਵੇ ਤਾਂ ਇਸ ਨੂੰ ਪੁਣ ਲਓ।
* ਫਿਰ ਕੋਸਾ ਗਰਮ ਹੋਣ 'ਤੇ ਇਸ 'ਚ ਸ਼ਹਿਦ ਮਿਲਾਓ ਤੇ ਕੋਸਾ ਹੀ ਪੀ ਲਓ। ਤੁਸੀਂ ਚਾਹੋ ਤਾਂ ਬਿਨਾਂ ਸ਼ਹਿਦ ਤੋਂ ਵੀ ਇਸ ਨੂੰ ਪੀ ਸਕਦੇ ਹੋ।

**ਪੁਦੀਨਾ ਗ੍ਰੀਨ ਟੀ:-** ਤੁਸੀਂ ਆਪਣੀ ਇਮਿਊਨਿਟੀ ਵਧਾਉਣ ਲਈ ਪੁਦੀਨੇ ਨਾਲ ਗ੍ਰੀਨ ਟੀ ਬਣਾ ਸਕਦੇ ਹੋ। ਆਮਤੌਰ 'ਤੇ ਇਸ ਦਾ ਇਸਤੇਮਾਲ ਪੇਟ ਨਾਲ ਜੁੜੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਕੀਤਾ ਜਾਂਦਾ ਹੈ। ਇਸ ਦੀ ਚਾਹ ਪੀਣ ਨਾਲ ਭਾਰ ਘਟਾਉਣ 'ਚ ਵੀ ਮਦਦ ਮਿਲੇਗੀ। ਇਸ 'ਚ ਮੌਜੂਦ ਹੋਰ ਤੱਤ ਗੈਸ, ਐਸੀਡਿਟੀ ਤੇ ਪੇਟ ਦੀਆ ਹੋਰ ਸਮੱਸਿਆਵਾਂ ਦੂਰ ਕਰਦੇ ਹਨ।

### ਪੁਦੀਨਾ ਗ੍ਰੀਨ ਟੀ ਬਣਾਉਣ ਦਾ ਤਰੀਕਾ

* ਪੁਦੀਨੇ ਨਾਲ ਗ੍ਰੀਨ ਟੀ ਬਣਾਉਣ ਲਈ ਸਭ ਤੋਂ ਪਹਿਲਾਂ ਤਾਜ਼ੇ ਪੁਦੀਨੇ ਦੇ ਪੱਤਿਆਂ ਨੂੰ ਧੋ ਲਓ।
* ਇੱਕ ਵੱਡਾ ਕੱਪ ਜਾਂ ਗਿਲਾਸ ਪਾਣੀ ਗਰਮ ਕਰੋ ਤੇ ਉਸ 'ਚ ਪੁਦੀਨੇ ਦੇ ਪੱਤੇ ਪਾਓ।
* ਇਸ ਪਾਣੀ ਨੂੰ 2-3 ਉਬਾਲੇ ਆਉਣ ਤਕ ਉਬਾਲੋ।
* ਅੰਤ 'ਚ ਇਸ ਪਾਣੀ ਨੂੰ ਪੁਣ ਲਓ ਤੇ ਇਸ 'ਚ ਅੱਧਾ ਨਿੰਬੂ ਮਿਲਾਓ।
* ਇਸ ਤੋਂ ਬਾਅਦ ਥੋੜ੍ਹਾ ਸ਼ਹਿਦ ਪਾਓ ਤੇ ਪੀ ਲਓ।












# ਰਾਸ਼ੀਫਲ

**ਮੇਖ :** ਦਿਨ ਦੇ ਕੰਮਾਂ ਨੂੰ ਸਿਹਤ ਬਰਦਾਸ਼ਤ ਕਰ ਸਕਦੀ ਹੈ। ਉਂਝ ਤਾਂ ਅੱਜ ਆਰਥਿਕ ਹਾਲਤ ਕਾਫੀ ਮਜ਼ਬੂਤ ਰਹੇਗੀ ਪਰੰਤੂ ਇਸ ਦੇ ਨਾਲ ਹੀ ਤੁਹਾਨੂੰ ਇਹ ਧਿਆਨ ਰੱਖਣਾ ਹੋਵੇਗਾ ਕਿ ਤੁਸੀ ਪੈਸੇ ਨੂੰ ਵਿਅਰਥ ਚੀਜਾਂ ਤੇ ਖਰਚ ਨਾ ਕਰੋ। ਦੋਸਤ ਅਤੇ ਕਰੀਬੀ ਲੋਕ ਮਦਦ ਦੇ ਲਈ ਤੁਹਾਡੇ ਵੱਲ ਹੱਥ ਵਧਾਉਣਗੇ। ਤੁਸੀ ਆਪਣੇ ਰੁਮਾਂਟਿਕ ਪ੍ਰੇਮੀ ਨੂੰ ਕਾਫੀ ਸਮਾਂ ਫੋਨ ਕਰਕੇ ਤੰਗ ਕਰੋਂਗੇ। ਤੁਸੀ ਆਪਣੀ ਮਿਹਨਤ ਤੋਂ ਨਾ ਖੁਸ਼ ਹੋ ਸਕਦੇ ਹੋ ਕਿਉਂ ਕਿ ਤੁਸੀ ਇੱਛਾ ਦੇ ਅਨੁਸਾਰ ਕੰਮ ਨਹੀਂ ਕਰ ਰਹੇ। ਆਪਣੀ ਰੁਝੇਵਿਆਂ ਭਰੀ ਜਿੰਦਗੀ ਦੇ ਵਿਚਕਾਰ ਤੁਸੀ ਆਪਣੇ ਲਈ ਅੱਜ ਕਾਫੀ ਸਮਾਂ ਪ੍ਰਾਪਤ ਕਰੋਂਗੇ ਅਤੇ ਆਪਣੀਆਂ ਮਨਪਸੰਦ ਚੀਜਾਂ ਕਰਨ ਦੇ ਯੋਗ ਹੋਵੋਂਗੇ। ਜੀਵਨ ਸਾਥੀ ਦੀ ਵਿਗੜੀ ਸਿਹਤ ਤੁਹਾਡੇ ਲਈ ਪਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ।

**ਬ੍ਰਿਸ਼ਭ :** ਘਰ ਅਤੇ ਦਫਤਰ ਵਿਚ ਕੁੱਝ ਦਬਾਅ ਤੁਹਾਨੂੰ ਗੁੱਸੈਲਾ ਬਣਾ ਸਕਦਾ ਹੈ। ਲੰਬੇ ਸਮੇਂ ਤੋਂ ਬਚਾਇਆ ਪੈਸਾ ਅੱਜ ਤੁਹਾਡੇ ਕੰਮ ਆ ਸਕਦਾ ਹੈ ਪਰ ਇਹ ਖਰਚ ਤੁਹਾਡੀ ਭਾਵਨਾ ਨੂੰ ਘਟਾ ਸਕਦਾ ਹੈ। ਤੁਹਾਡੇ ਬੱਚੇ ਦਾ ਐਵਾਰਡ ਸਮਾਗਮ ਦਾ ਬੁਲਾਵਾ ਤੁਹਾਡੇ ਲਈ ਹਾਸੇ ਭਰਿਆ ਅਹਿਸਾਸ ਰਹੇਗਾ। ਉਹ ਤੁਹਾਡੀ ਉਮੀਦ ਤੇ ਖਰਾ ਉਤਰੇਗਾ ਅਤੇ ਤੁਸੀ ਉਸਦੇ ਨਾਲ ਆਪਣੇ ਸੁਪਨਿਆਂ ਨੂੰ ਸਾਕਾਰ ਹੁੰਦੇ ਦੇਖੋਂਗੇ। ਕੋਈ ਤੁਹਾਨੂੰ ਪਿਆਰ ਤੋਂ ਦੂਰ ਨਹੀਂ ਕਰ ਸਕਦਾ । ਤੁਸੀ ਨਿਸ਼ਚਿਤ ਤੌਰ ਤੇ ਅਜਿਹੇ ਲੋਕਾਂ ਨੂੰ ਮਿਲੋਂਗੇ ਜੋ ਤੁਹਾਡੇ ਕਰੀਅਰ ਵਿਚ ਮਦਦਗਾਰ ਸਾਬਿਤ ਹੋਵੇਗਾ। ਜਿਹੜੇ ਲੋਕ ਇਸ ਸਮੇਂ ਕਿਸੇ ਕੰਮ ਵਿਚ ਵਿਅਸਤ ਸੀ ਲੰਬੇ ਸਮੇਂ ਬਾਅਦ ਉਨਾਂ ਨੂੰ ਆਪਣੇ ਲਈ ਸਮਾਂ ਮਿਲ ਸਕਦਾ ਹੈ ਪਰੰਤੂ ਘਰ ਦੇ ਕਿਸੇ ਕੰਮ ਆ ਜਾਣ ਤੇ ਤੁਸੀ ਵਿਅਸਤ ਹੋ ਸਕਦੇ ਹੋ। ਅੱਜ ਤੁਸੀ ਆਪਣੇ ਜੀਵਨ ਦੀ ਕੁਝ ਯਾਦਗਾਰ ਸ਼ਾਮ ਵਿਚ ਇਕ ਆਪਣੇ ਜੀਵਨਸਾਥੀ ਦੇ ਨਾਲ ਬਿਤਾ ਸਕਦੇ ਹੋ।

**ਮਿਥੁਨ :** ਤਨਾਵ ਅਤੇ ਘਬਰਾਹਟ ਤੋਂ ਬਚੋ ਕਿਉਂ ਕਿ ਇਹ ਤੁਹਾਡੀ ਸਿਹਤ ਤੇ ਅਸਰ ਪਾ ਸਕਦੀ ਹੈ। ਜਿਨਾਂ ਲੋਕਾਂ ਨੇ ਕਿਸੇ ਰਿਸ਼ਤੇਦਾਰ ਤੋਂ ਪੈਸਾ ਉਧਾਰ ਲਿਆ ਸੀ ਉਨਾਂ ਨੂੰ ਉਧਾਰ ਅੱਜ ਕਿਸੇ ਵੀ ਹਾਲਤ ਵਿਚ ਵਾਪਸ ਕਰਨਾ ਪੈ ਸਕਦਾ ਹੈ। ਤੁਹਾਡੀ ਗਿਆਨ ਦੀ ਪਿਆਸ ਤੁਹਾਡੇ ਨਵੇਂ ਦੋਸਤ ਬਣਾਉਣ ਵਿਚ ਮਦਦਗਾਰ ਸਾਬਿਤ ਹੋਵੇਗਾ। ਅਚਾਨਕ ਹੋਈ ਰੋਮਾਂਟਿਕ ਮੁਲਾਕਾਤ ਤੁਹਾਨੂੰ ਉਲਝਣ ਵਿਚ ਪਾ ਸਕਦੀ ਹੈ। ਆਪਣੇ ਚਾਰੋ ਤਰਫ ਹੋਣ ਵਾਲੀਆਂ ਗਤੀਵਿਧਿਆਂ ਦਾ ਧਿਆਨ ਰੱਖੋ ਕਿਉਂ ਕਿ ਤੁਹਾਡੇ ਕੰਮ ਦਾ ਕਰੈਡਿਟ ਕੋਈ ਹੋਰ ਲੈ ਸਕਦਾ ਹੈ। ਅੱਜ ਅਚਾਨਕ ਤੁਹਾਡਾ ਦਫਤਰ ਤੋਂ ਛੁੱਟੀ ਲੈਣ ਦੀ ਯੋਜਨਾ ਬਣ ਸਕਦੀ ਹੈ ਅਤੇ ਆਪਣੇ ਪਰਿਵਾਰ ਦੇ ਨਾਲ ਸਮਾਂ ਬਿਤਾ ਸਕਦੇ ਹੋ। ਤੁਹਾਡੇ ਮੁਸ਼ਕਿਲ ਸਮੇਂ ਵਿਚ ਬਿਹਤਰ ਅੱਧ ਦਾ ਸਮਰੱਥਨ ਦੀ ਘਾਟ ਤੁਹਾਨੂੰ ਨਿਰਾਸ਼ਾ ਵੱਲ ਲੈ ਜਾ ਸਕਦੀ ਹੈ।



**ਕਰਕ :** ਤੁਹਾਨੂੰ ਕੰਮ ਦੇ ਮੋਰਚੇ ਤੇ ਧੱਕਾ ਲੱਗ ਸਕਦਾ ਹੈ ਕਿਉਂ ਕਿ ਤੁਹਾਡੀ ਸਿਹਤ ਤੁਹਾਡੇ ਨਾਲ ਨਹੀਂ ਹੈ ਅਤੇ ਇਸਦੇ ਚਲਦੇ ਤੁਹਾਨੂੰ ਕੋਈ ਜ਼ਰੂਰੀ ਕੰਮ ਵਿੱਚੋ ਹੀ ਛੱਡਣਾ ਪੈ ਸਕਦਾ ਹੈ ਅਜਿਹੇ ਹਾਲਾਤ ਵਿਚ ਸਬਰ ਅਤੇ ਹੋਸ਼ਿਆਰੀ ਤੋਂ ਕੰਮ ਲਓ। ਤੁਹਾਡੇ ਮਨ ਵਿਚ ਜਲਦੀ ਪੈਸੇ ਕਮਾਉਣ ਦੀ ਤੀਰਵ ਇੱਛਾ ਪੈਸਾ ਹੋਵੇਗੀ। ਦੋਸਤ ਅਤੇ ਕਰੀਬੀ ਲੋਕ ਮਦਦ ਦੇ ਲਈ ਤੁਹਾਡੇ ਵੱਲ ਹੱਥ ਵਧਾਉਣਗੇ। ਆਪਣੇ ਪ੍ਰੇਮੀ ਦੀਆਂ ਭਾਵਨਾਤਮਕ ਮੰਗਾ ਨਾ ਛੱਡੋ। ਅੱਜ ਆਰਾਮ ਦੇ ਲਈ ਥੋੜਾ ਸਮਾਂ ਹੈ ਕਿਉਂ ਕਿ ਪਹਿਲਾਂ ਟਾਲ਼ੇ ਹੋਏ ਕੰਮ ਤੁਹਾਨੂੰ ਵਿਅਸਤ ਰੱਖਣਗੇ। ਦਿਨ ਭਰ ਵਿਅਸਤ ਰਹਿਣ ਦੇ ਬਾਵਜੂਦ ਅੱਜ ਤੁਸੀ ਆਪਣੇ ਲਈ ਸਮਾਂ ਕੱਢ ਲਵੋਂਗੇ ਅੱਜ ਤੁਸੀ ਖਾਲੀ ਸਮੇਂ ਵਿਚ ਕੁਝ ਰਚਨਾਤਮਕ ਕਰ ਸਕਦੇ ਹੋ। ਅੱਜ ਤੁਹਾਡੇ ਜੀਵਨ ਸਾਥੀ ਤੋਂ ਤੁਸੀ ਕੁਝ ਦਿੱਕਤ ਮਹਿਸੂਸ ਕਰ ਸਕਦੇ ਹੋ।

**ਸਿੰਘ :** ਖੁਦ ਆਪਣਾ ਇਲਾਜ ਕਰਨ ਤੋਂ ਬਚੋ ਕਿਉਂ ਕਿ ਦਵਾਈ ਉੱਪਰ ਤੁਹਾਡੀ ਨਿਰਭਰਤਾ ਵਧਾਉਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਰਾਸ਼ੀ ਦੇ ਲੋਕ ਜੋ ਵਿਦੇਸ਼ਾਂ ਤੋਂ ਵਪਾਰ ਕਰਦੇ ਹਨ ਉਨਾਂ ਨੂੰ ਅੱਜ ਚੰਗਾ ਖਾਸਾ ਲਾਭ ਹੋ ਸਕਦਾ ਹੈ। ਲੋੜ ਦੇ ਸਮੇਂ ਤੁਹਾਨੂੰ ਦੋਸਤਾਂ ਦਾ ਸਹਿਯੋਗ ਮਿਲੇਗਾ। ਸਮਾਜਿਕ ਬੰਧਨਾਂ ਨੂੰ ਪਾਰ ਕਰਨ ਤੋਂ ਬਚੋ। ਅੱਜ ਨੋਕਰੀ ਪੇਸ਼ੇ ਨਾਲ ਜੁੜੇ ਲੋਕਾਂ ਨੂੰ ਕੰਮਕਾਰ ਵਿਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅੱਜ ਤੁਸੀ ਨਾ ਚਾਹੁੰਦੇ ਹੋਏ ਵੀ ਕੋਈ ਗਲਤੀ ਕਰ ਬੈਠੋਂਗੇ ਜਿਸਦੀ ਵਜਾਹ ਨਾਲ ਤੁਹਾਨੂੰ ਸੀਨੀਅਰ ਤੋਂ ਝਿੜਕਾਂ ਮਿਲ ਸਕਦੀਆਂ ਹਨ ਕਾਰੋਬਾਰੀਆਂ ਲਈ ਦਿਨ ਸਮਾਨਯ ਰਹਿਣ ਦੀ ਉਮੀਦ ਹੈ। ਅੱਜ ਤੁਸੀ ਆਪਣਾ ਖਾਲੀ ਸਮਾਂ ਮੰਦਿਰ, ਗੁਰੂਦੁਆਰੇ ਜਾਂ ਕੋਈ ਧਾਰਮਿਕ ਸਥਾਨ ਤੇ ਬੇਲੋੜੀਆਂ ਮੁਸ਼ਕਿਲਾਂ ਅਤੇ ਪਰੇਸ਼ਾਨੀਆਂ ਤੋਂ ਬਿਤਾ ਸਕਦੇ ਹੋ। ਅੱਜ ਜੀਵਨਸਾਥੀ ਦੀ ਨਾਲ ਸਪਸ਼ਟ ਵਾਦ ਵਿਵਾਦ ਹੋਣ ਦੀ ਸੰਭਾਵਨਾ ਹੈ।

**ਕੰਨਿਆ:** ਆਪਣੀ ਸਿਹਤ ਦੇ ਬਾਰੇ ਜ਼ਰੂਰਤ ਤੋਂ ਜ਼ਿਆਦਾ ਚਿੰਤਾ ਨਾ ਕਰੋ ਨਿੱਜਤਤਾ ਬਿਮਾਰੀ ਦੀ ਸਭ ਤੋਂ ਵੱਡੀ ਦਵਾਈ ਹੈ ਤੁਹਾਡਾ ਸਹੀ ਰਵੱਈਆ ਗਲਤ ਰਵੱਈਏ ਨੂੰ ਹਰਾਉਣ ਵਿਚ ਕਾਮਯਾਬ ਰਹੇਗਾ। ਅੱਜ ਅਦਾਲਤ ਦਾ ਫੈਂਸਲਾ ਤੁਹਾਡੇ ਹੱਕ ਵਿਚ ਆ ਸਕਦਾ ਹੈ ਜੇਕਰ ਤੁਸੀ ਪੈਸਿਆਂ ਨਾਲ ਜੁੜੇ ਮਾਮਲਿਆਂ ਵਿਚ ਸ਼ਾਮਿਲ ਹੁੰਦੇ ਹੋ ਇਸ ਨਾਲ ਤੁਹਾਨੂੰ ਆਰਥਿਕ ਲਾਭ ਹੋਵੇਗਾ। ਅੱਜ ਦਾ ਦਿਨ ਮਜ਼ੇ ਕਰਨ ਦੇ ਲਿਹਾਜ਼ ਨਾਲ ਵਧੀਆ ਹੈ ਇਸ ਲਈ ਆਪਣੀ ਪਸੰਦੀਦਾ ਚੀਜਾਂ ਅਤੇ ਕੰਮ ਦਾ ਲੁਤਫ ਲਵੋ। ਰੋਮਾਂਸ ਤੁਹਾਡੇ ਰਸਤੇ ਤੱਕ ਆਉਂਦਾ ਹੈ ਜਦੋਂ ਦੋਸਤੀ ਡੂੰਘਾ ਮੋੜ ਲੈਂਦੀ ਹੈ। ਆਪਣੇ ਪੇਸ਼ੇਵਰ ਹੁੱਨਰਾਂ ਨੂੰ ਵਧਾਕੇ ਆਪਣਾ ਕਰੀਅਰ ਵਿਚ ਨਵੇਂ ਦਰਵਾਜ਼ੇ ਖੋਲ ਸਕਦੇ ਹਨ ਤੁਹਾਨੂੰ ਆਪਣੇ ਉਪਾਰ ਸਫਲਤਾ ਮਿਲਣ ਦੀ ਸੰਭਾਵਨਾ ਹੈ ਤੁਸੀ ਸਭ ਹੁੱਨਰਾਂ ਨੂੰ ਨਿਖਾਰ ਕੇ ਹੋਰਾਂ ਤੋਂ ਬੇਹਤਰ ਬਣਾਉਣ ਦੀ ਕੋਸ਼ਿਸ਼ ਕਰੋ। ਦਿਨ ਦੀ ਸ਼ੁਰੂਆਤ ਭਾਂਵੇ ਥੋੜੀ ਥਕਾਵਟ ਭਰੀ ਹੋਵੇ ਪਰੰਤੂ ਦਿਨ ਜਿਸ ਤਰਾਂ ਵਿਕਾਸ ਕਰੇਗਾ ਤੁਹਾਡੇ ਲਈ ਵਧੀਆ ਨਤੀਜੇ ਆਉਣਗੇ ਦਿਨ ਦੇ ਅੰਤ ਵਿਚ ਤੁਸੀ ਆਪਣੇ ਆਪ ਲਈ ਸਮੇਂ ਦੀ ਭਾਲ ਕਰੋਂਗੇ ਅਤੇ ਕੁਝ ਕਰੀਬੀਆਂ ਨੂੰ ਮਿਲਣ ਦੀ ਯੋਜਨਾ ਬਣਾਉਂਗੇ। ਅੱਜ ਤੁਹਾਨੂੰ ਵਿਆਹੁਤਾ ਜੀਵਨ ਦੀ ਖੁਸ਼ਹਾਲੀ ਦੀ ਕਦਰ ਕਰਨ ਲਈ ਬਹੁਤ ਸਾਰੇ ਮੋਕੇ ਮਿਲਣਗੇ।

**ਤੁਲਾ :** ਬਜ਼ੁਰਗ ਲੋਕਾਂ ਨੂੰ ਆਪਣੀ ਸਿਹਤ ਦਾ ਖਿਆਲ ਰੱਖਣ ਦੀ ਖਾਸ ਲੋੜ ਹੈ। ਤੁਹਾਡੇ ਲਈ ਨਿਵੇਸ਼ ਕਰਨਾ ਕਈਂ ਵਾਰ ਬਹੁਤ ਲਾਭਦਾਇਕ ਸਾਬਿਤ ਹੋ ਸਕਦਾ ਹੈ ਅੱਜ ਤਹਾਨੰ ਇਹ ਗੱਲ ਸਮਝ ਵਿਚ ਆ ਜਾਵੇਗੀ ਕਿ ਕਿਸੇ ਪੁਰਾਣੇ ਨਿਵੇਸ਼ ਨਾਲ ਤੁਹਾਨੂੰ ਮੁਨਾਫਾ ਹੋ ਸਕਦਾ ਹੈ। ਘਰ ਨੂੰ ਸਜਾਉਣ ਤੋਂ ਇਲਾਵਾ ਬੱਚਿਆਂ ਦੀਆਂ ਲੋੜਾਂ ਤੇ ਵੀ ਧਿਆਨ ਦਿਉ। ਬੱਚਿਆਂ ਨੂੰ ਬਿਨਾਂ ਘਰ ਆਤਮਾ ਤੋਂ ਬਿਨਾਂ ਸ਼ਰੀਰ ਦੀ ਤਰਾਂ ਹੈ ਬੱਚੇ ਘਰ ਵਿਚ ਖੁਸ਼ੀਆਂ ਅਤੇ ਉਤਸ਼ਾਹ ਦੀ ਸੌਗਾਤ ਲਿਆਉਂਦੇ ਹਨ। ਤੁਸੀ ਨਾਲ ਮਿਲ ਕੇ ਕਿਤੇ ਘੁੰਮਣ ਫਿਰਨ ਜਾ ਕੇ ਆਪਣੇ ਪਿਆਰ ਭਰੇ ਜੀਵਨ ਵਿਚ ਉਰਜਾ ਦਾ ਸੰਚਾਰ ਕਰ ਸਕਦੇ ਹੋ। ਤੁਸੀ ਅੱਜ ਇਸ ਸੱਚਾਈ ਨੂੰ ਜਾਣਦੇ ਹੋਵੋਂਗੇ ਕਿ ਤੁਹਾਡਾ ਮਾਲਕ ਤੁਹਾਡੇ ਨਾਲ ਰੁਖਾ ਕਿਉਂ ਰਹਿੰਦਾ ਇਹ ਚੰਗਾ ਮਹਿਸੂਸ ਹੋਵੇਗਾ। ਖਾਲੀ ਸਮੇਂ ਦਾ ਆਨੰਦ ਉਠਾਉਣ ਲਈ ਤੁਹਾਨੂੰ ਲੋਕਾਂ ਤੋਂ ਦੂਰ ਹੋ ਕੇ ਆਪਣੇ ਪਸੰਦੀਦਾ ਕੰਮ ਕਰਨੇ ਚਾਹੀਦੇ ਹਨ ਅਜਿਹਾ ਕਰਕੇ ਤੁਹਾਡੇ ਵਿਚ ਸਾਕਾਰਤਮਕ ਬਦਲਾਅ ਵੀ ਆਵੇਗਾ। ਤੁਹਾਡੇ ਜੀਵਨਸਾਥੀ ਦੇ ਚਲਦੇ ਤੁਸੀ ਮਹਿਸੂਸ ਕਰੋਂਗੇ ਕਿ ਸਵਰਗ ਧਰਤੀ ਤੇ ਹੀ ਹੈ।

**ਬ੍ਰਿਸ਼ਚਕ :** ਘਰ ਅਤੇ ਦਫਤਰ ਵਿਚ ਕੁੱਝ ਦਬਾਅ ਤੁਹਾਨੂੰ ਗੁੱਸੈਲਾ ਬਣਾ ਸਕਦਾ ਹੈ। ਜਿਹੜੇ ਲੋਕਾਂ ਨੇ ਕਿਸੇ ਤੋਂ ਲਿਆ ਹੋਇਆ ਹੈ ਉਨਾਂ ਨੂੰ ਅੱਜ ਕਿਸੇ ਵੀ ਹਾਲਤ ਵਿਚ ਉਧਾਰ ਵਾਪਿਸ ਦੇਣਾ ਪੈ ਸਕਦਾ ਹੈ ਜਿਸ ਨਾਲ ਆਰਥਿਕ ਸਥਿਤੀ ਕਮਜ਼ੋਰ ਹੋ ਜਾਵੇਗੀ। ਬੱਚੇ ਤੁਹਾਨੂੰ ਆਪਣੀਆਂ ਉਪਲਬਧੀਆਂ ਨਾਲ ਗਰਵ ਦਾ ਅਨੁਭਵ ਕਰਾਉਣਗੇ। ਤੁਹਾਡੀ ਪਿਆਰ ਭਰੀ ਜ਼ਿੰਦਗੀ ਵਿਚ ਬੇਹਦ ਖਾਸ ਦਿਨ ਰਹਿਣ ਵਾਲਾ ਹੈ। ਅੱਜ ਤੁਹਾਡਾ ਕੋਈ ਲੁਕਿਆ ਵਿਰੋਧੀ ਤੁਹਾਡੇ ਪਿਆਰ ਨੂੰ ਗਲਤ ਸਾਬਿਤ ਕਰਨ ਦੀ ਕੋਸ਼ਿਸ਼ ਕਰੇਗਾ। ਜੇਕਰ ਤੁਸੀ ਰੁਝੇਵਿਆਂ ਤੋਂ ਬਾਅਦ ਵੀ ਆਪਣੇ ਲਈ ਸਮਾਂ ਕੱਢਣ ਦੇ ਯੋਗ ਹੋਵੋਂਗੇ ਤਾਂ ਤੁਹਾਨੂੰ ਇਸ ਦੀ ਸਹੀ ਵਰਤੋ ਕਰਨੀ ਸਿੱਖਣੀ ਚਾਹੀਦੀ ਹੈ ਅਜਿਹਾ ਕਰਨ ਨਾਲ ਤੁਸੀ ਆਪਣੇ ਭਵਿੱਖ ਨੂੰ ਸੁਧਾਰ ਸਕਦੇ ਹੋ। ਤੁਹਾਡਾ ਤੁਹਾਡੇ ਜੀਵਨਸਾਥੀ ਨਾਲ ਤਣਾਅਪੂਰਨ ਸੰਬੰਧ ਰਹਿ ਸਕਦਾ ਹੈ ਗੰਭੀਰ ਮਤਭੇਦ ਹੋ ਸਕਦੇ ਹਨ ਜੋ ਲੰਬੇ ਸਮੇਂ ਤੱਕ ਚੱਲਣਗੇ।

**ਧਨੂੰ:** ਆਪਣੀਆਂ ਨਾਕਾਰਾਤਮਕ ਭਾਵਨਾਵਾਂ ਅਤੇ ਬਿਰਤੀਆਂ ਨੂੰ ਕਾਬੂ ਵਿੱਚ ਰੱਖੋ ਤੁਹਾਡੀ ਰੂੜ੍ਹਵਾਦੀ ਸੋਚ ਪੁਰਾਣੇ ਖਿਆਲ ਤੁਹਾਡੀ ਪ੍ਰਗਤੀ ਵਿਚ ਅੜਚਣ ਬਣ ਸਕਦੀ ਹੈ ਉਸ ਦੀ ਦਿਸ਼ਾ ਬਦਲ ਸਕਦੇ ਹੋ ਅਤੇ ਤੁਹਾਨੂੰ ਰਾਹ ਵਿੱਚ ਅੱਗੇ ਕਈਂ ਮੁਸ਼ਕਿਲਾਂ ਖੜੀ ਕਰ ਸਕਦੀ ਹੈ। ਅੱਜ ਕੋਈ ਪੁਰਾਣਾ ਦੋਸਤ ਤੁਹਾਡੇ ਤੋਂ ਆਰਥਿਕ ਮਦਦ ਮੰਗ ਸਕਦਾ ਹੈ ਜੇਕਰ ਤੁਸੀ ਉਸਦੀ ਮਦਦ ਕਰਦੇ ਹੋ ਤਾਂ ਤੁਹਾਡੀ ਆਰਥਿਕ ਹਾਲਤ ਕਮਜ਼ੋਰ ਹੋ ਸਕਦੀ ਹੈ। ਪੋਤੇ ਤੋਂ ਅੱਜ ਕਾਫੀ ਖੁਸ਼ੀ ਮਿਲ ਸਕਦੀ ਹੈ। ਯਾਤਰਾ ਦੇ ਚਲਦੇ ਰੋਮਾਂਟਿਕ ਸੰਬੰਧਾਂ ਨੂੰ ਵਾਧਾ ਮਿਲੇਗਾ। ਤੁਹਾਨੂੰ ਕੰਮ ਕਾਰ ਵਿਚ ਪੇਸ਼ੇਵਰ ਉਪਲਬਧੀਆਂ ਅਤੇ ਲਾਭ ਮਿਲੇਗਾ । ਕੋਈ ਨਵਾਂ ਕੰਮ ਜਾਂ ਪ੍ਰੋਜੈਕਟ ਸ਼ੁਰੂ ਕਰਨ ਤੋਂ ਪਹਿਲਾਂ ਉਸ ਨਾਲ ਗੱਲਬਾਤ ਕਰੋ ਜਿਨਾਂ ਨੂੰ ਉਸ ਖੇਤਰ ਦਾ ਕਾਫੀ ਅਨੁਭਵ ਹੈ ਜੇਕਰ ਅੱਜ ਤੁਹਾਡੇ ਕੋਲ ਸਮਾਂ ਹੈ ਤਾਂ ਉਨਾਂ ਨੂੰ ਮਿਲੋ ਉਨਾਂ ਤੋਂ ਸੁਝਾਅ ਅਤੇ ਸਲਾਹ ਲਵੋ। ਤੁਹਾਡਾ ਜੀਵਨ ਸਾਥੀ ਅੱਜ ਤੁਹਾਨੂੰ ਖੁਸ਼ਹਾਲ ਬਣਾਉਣ ਲਈ ਅੱਜ ਬਹੁਤ ਸਾਰੀਆਂ ਕੋਸ਼ਿਸ਼ਾਂ ਕਰੇਗਾ।

**ਮਕਰ :** ਅੱਜ ਤੁਸੀ ਖੁਦ ਨੂੰ ਰੋਜ਼ਾਨਾ ਦੀ ਤਰਾਂ ਘੱਟ ਉਰਜਾਵਾਨ ਮਹਿਸੂਸ ਕਰੋਂਗੇ ਸਮੇਂ ਨੂੰ ਜ਼ਰੂਰਤ ਤੋਂ ਜ਼ਿਆਦਾ ਕੰਮ ਦੇ ਨਿੱਚੇ ਨਾ ਦਬਾਉ ਥੋੜਾ ਆਰਾਮ ਕਰੋ ਅਤੇ ਅੱਜ ਦੇ ਕੰਮਾਂ ਨੂੰ ਕੱਲ੍ਹ ਤੇ ਟਾਲ ਦਿਉ। ਸੰਭਵ ਹੈ ਕਿ ਅੱਜ ਤੁਹਾਨੂੰ ਪੈਸੇ ਨਾਲ ਜੁੜੀ ਕੋਈ ਮੁਸ਼ਕਿਲ ਆ ਸਕਦੀ ਹੈ ਪਰ ਇਸ ਦੇ ਨਾਲ ਤੁਹਾਡੀ ਸਮਝਦਾਰੀ ਅਤੇ ਸੂਝ ਨਾਲ ਤੁਸੀ ਮੇਜ ਨੂੰ ਬਦਲ ਸਕਦੇ ਹੋ ਅਤੇ ਘਾਟੇ ਨੂੰ ਲਾਭ ਵਿਚ ਬਦਲ ਸਕਦੇ ਹੋ। ਵਧੀਆ ਦਿਨ ਹੈ ਜਦੋ ਤੁਸੀ ਸਭ ਦੇ ਧਿਆਨ ਨੂੰ ਆਪਣੀ ਤਰਫ ਖਿੱਚੋਂਗੇ ਤੁਹਾਡੇ ਸਾਹਮਣੇ ਚੁਣਨ ਦੇ ਲਈ ਕਈਂ ਚੀਜਾਂ ਹੋਣਗੀਆਂ ਅਤੇ ਸਮੱਸਿਆ ਇਹ ਹੋਵੇਗੀ ਕਿ ਕਿਸ ਨੂੰ ਪਹਿਲਾਂ ਚੁਣਿਆ ਜਾਵੇ। ਪਿਆਰ ਬੇਹਦ ਹੈ ਪਿਆਰ ਅਸੀਮਤ ਹੈ ਇਹ ਤੁਸੀ ਪਹਿਲਾਂ ਸੁਣਿਆਂ ਹੋਵੇਗਾ ਪਰੰਤੂ ਅੱਜ ਤੁਸੀ ਇਸ ਨੂੰ ਅਨੁਭਵ ਕੋਰੋਂਗੇ। ਤੁਹਾਡਾ ਦਿਮਾਗ ਕੰਮਕਾਰ ਦੀਆਂ ਉਲਝਣਾ ਵਿਚ ਫਸਿਆ ਰਹੇਗਾ ਜਿਸ ਦੇ ਚਲਦੇ ਤੁਸੀ ਪਰਿਵਾਰ ਅਤੇ ਦੋਸਤਾਂ ਲਈ ਸਮਾਂ ਨਹੀਂ ਕੱਢ ਪਾਉਂਗੇ। ਇਸ ਰਾਸ਼ੀ ਦੇ ਵੱਡੇ ਅੱਜ ਦੇ ਦਿਨ ਆਪਣੇ ਪੁਰਾਣੇ ਦੋਸਤਾਂ ਨੂੰ ਮਿਲਣ ਜਾ ਸਕਦੇ ਹਨ। ਤੁਹਾਡਾ ਪਤੀ ਪਤਨੀ ਦਾ ਛੋਟੇ ਮਸਲਿਆਂ ਨੂੰ ਲੈ ਕੇ ਝਗੜਾ ਹੋ ਸਕਦਾ ਹੈ ਪਰ ਇਹ ਇਕ ਲੰਬੇ ਸਮੇਂ ਦੇ ਆਧਾਰ ਤੇ ਵਿਆਹ ਨੂੰ ਖਰਾਬ ਕਰ ਸਕਦਾ ਹੈ ਸਾਵਧਾਨ ਰਹੋ ਕਿ ਦੂਜਿਆਂ ਦੇ ਕਹਿਣ ਤੇ ਸੁਝਾਵਾਂ ਤੇ ਭਰੋਸਾ ਨਾ ਕਰੋ।

**ਕੁੰਭ:** ਦੂਸਰਿਆਂ ਦੀ ਆਲੋਚਨਾ ਕਰਨ ਦੀ ਤੁਹਾਡੀ ਆਦਤ ਦੇ ਕਾਰਨ ਤੁਹਾਨੂੰ ਵੀ ਆਲੋਚਨਾ ਦਾ ਸ਼ਿਕਾਰ ਹੋਣਾ ਪਵੇਗਾ ਆਪਣਾ ਸੈਂਸ ਆਫ ਹਾਸਾ ਦਰੁਸਤ ਰੱਖੋ ਅਤੇ ਪਲਟ ਕੇ ਤਲਖ ਜਵਾਬ ਦੇਣ ਤੋਂ ਬਚੋ ਇਸ ਤਰਾਂ ਕਰਨ ਤੇ ਤੁਸੀ ਆਸਾਨੀ ਨਾਲ ਦੂਸਰਿਆਂ ਦੀ ਟਿੱਪਣੀਆਂ ਤੋਂ ਛੁੱਟਕਾਰਾ ਪਾ ਲਵੋਂਗੇ। ਅੱਜ ਤੁਹਾਡੀ ਕੋਈ ਚਲ ਸੰਪਤੀ ਚੋਰੀ ਹੋ ਸਕਦੀ ਹੈ ਇਸ ਲਈ ਜਿੰਨਾਂ ਹੋ ਸਕੇ ਇਸ ਦਾ ਧਿਆਨ ਰੱਖੋ। ਰਿਸ਼ਤੇਦਾਰ ਦੇ ਨਾਲ ਆਪਣੇ ਸੰਬੰਧਾਂ ਨੂੰ ਫਿਰ ਤੋਂ ਤਰੋਤਾਜ਼ਾ ਕਰਨ ਦਾ ਦਿਨ ਹੈ। ਗਲਤ ਸੰਚਾਰ ਅਤੇ ਇਕ ਸੰਦੇਸ਼ ਤੁਹਾਡੇ ਦਿਨ ਨੂੰ ਨਿਰਾਸ਼ਾਜਨਕ ਬਣਾ ਸਕਦੀ ਹੈ। ਕੰਮ ਕਾਰ ਵਿਚ ਜਿਸਦੇ ਨਾਲ ਤੁਹਾਡੀ ਸਭ ਤੋਂ ਘੱਟ ਬਣਦੀ ਹੈ ਉਸ ਨਾਲ ਚੰਗੀ ਗੱਲਬਾਤ ਹੋ ਸਕਦੀ ਹੈ। ਤੁਹਾਨੂੰ ਆਪਣੇ ਖਾਲੀ ਸਮੇਂ ਦੀ ਵਰਤੋ ਕਰਨੀ ਸਿੱਖਣੀ ਹੋਵੇਗੀ ਜਾਂ ਫਿਰ ਤੁਸੀ ਜ਼ਿੰਦਗੀ ਵਿਚ ਪਿੱਛੇ ਰਹਿ ਜਾਵੋਂਗੇ। ਲੋਕਾਂ ਦੀ ਦਖਲ ਅੰਦਾਜ਼ੀ ਕਾਰਨ ਵਿਆਹੁਤ ਸੰਬੰਧਾ ਵਿਚ ਮੁਸ਼ਕਿਲ ਖੜੀ ਹੋ ਸਕਦੀ ਹੈ।

**ਮੀਨ:** ਤਨਾਵ ਅਤੇ ਘਬਰਾਹਟ ਤੋਂ ਬਚੋ ਕਿਉਂ ਕਿ ਇਹ ਤੁਹਾਡੀ ਸਿਹਤ ਤੇ ਅਸਰ ਪਾ ਸਕਦੀ ਹੈ। ਤੁਸੀ ਪੈਸੇ ਦੀ ਕੀਮਤ ਨੂੰ ਚੰਗੀ ਤਰਾਂ ਜਾਣਦੇ ਹੋ ਇਸ ਲਈ ਅੱਜ ਦੇ ਦਿਨ ਤੁਹਾਡੇ ਦੁਆਰਾ ਬਚਾਇਆ ਗਿਆ ਧੰਨ ਭਵਿੱਖ ਵਿਚ ਕੰਮ ਆ ਸਕਦਾ ਹੈ ਅਤੇ ਤੁਸੀ ਕਿਸੇ ਵੱਡੀ ਮੁਸ਼ਕਿਲ ਵਿਚੋਂ ਨਿਕਲ ਸਕਦੇ ਹੋ। ਆਪਣੇ ਪਰਿਵਾਰ ਦੇ ਮੈਂਬਰਾਂ ਦੀਆਂ ਲੋੜਾਂ ਦਾ ਧਿਆਨ ਰੱਖੋ ਅੱਜ ਤੁਹਾਡੀ ਪ੍ਰਾਥਮਿਕਤਾ ਹੋਣੀ ਚਾਹੀਦੀ ਹੈ। ਆਪਣੇ ਪ੍ਰੇਮੀ ਦੀ ਨਾਰਾਜ਼ਗੀ ਦੇ ਬਾਵਜੂਦ ਆਪਣਾ ਪਿਆਰ ਜ਼ਾਹਿਰ ਨਾ ਕਰੋ। ਸਾਂਝੀਦਾਰੀ ਅਤੇ ਜੁੜੇ ਉੱਦਮਾਂ ਤੋਂ ਦੂਰ ਰਹੋ। ਯਾਤਰਾ ਦੇ ਮੋਕਿਆਂ ਨੂੰ ਹੱਥ ਤੋਂ ਨਹੀਂ ਦਿੱਤਾ ਜਾਣਾ ਚਾਹੀਦਾ। ਇਕ ਕਰੀਬੀ ਦੋਸਤ ਜਾਂ ਗੁਆਂਢੀ ਦੀ ਵਜਾਹ ਨਾਲ ਅੱਜ ਵਿਆਹੁਤ ਜੀਵਨ ਤਕਰਾਰ ਸੰਭਵ ਹੈ।

# ਰਸਮਾਂ ਰਿਵਾਜ਼ਾਂ ਦੀ ਆੜ 'ਚ ਵਿਆਹ 'ਤੇ ਕੀਤੀ ਜਾ ਰਹੀ ਫਜ਼ੂਲ ਖਰਚੀ?

ਪੂਰਾ ਲੇਖ ਪੜ੍ਹਨ ਲਈ ਪਿਛਲੇ ਅੰਕ ਨੂੰ ਜੋੜੋ

**ਕੰਗਣਾ ਖੇਡਣ ਦੀ ਰਸਮ,**

ਪੰਜਾਬੀ ਵਿਆਹਾਂ ਵਿੱਚ ਕੰਗਣਾ ਖੇਡਣ ਦੀ ਰਸਮ ਵੀ ਕੀਤੀ ਜਾਂਦੀ ਹੈ। ਆਨੰਦ ਕਾਰਜ ਵਾਲੇ ਦਿਨ ਤੋਂ ਅਗਲੇ ਦਿਨ ਕੀਤੀ ਕੰਗਣਾ ਖੇਡਣ ਦੀ ਰਸਮ ਕੀਤੀ ਜਾਂਦੀ ਹੈ।ਕੰਗਣਾ ਖੇਡਣ ਦੀ ਰਸਮ ਵਿੱਚ ਵੱਟਣਾ ਮਲਣ ਵਾਲੇ ਦਿਨ ਜਿਹੜੇ ਗਾਨੇ ਬੰਨੇ ਹੁੰਦੇ ਹਨ, ਇਸ ਰਸਮ ਵਿੱਚ ਲਾੜਾ-ਲਾੜੀ ਇੱਕ-ਦੂਜੇ ਦੇ ਗੁੱਟਾਂ ਤੇ ਬੰਨੇ ਗਾਨੇ ਖੋਲਦੇ ਹਨ।ਨੈਣ ਪਰਾਂਤ ਵਿੱਚ ਪਾਣੀ ਪਾ ਕੇ ਵਿੱਚ ਥੋੜਾ ਜਿਹਾ ਦੁੱਧ ਪਾ ਦਿੰਦੀ ਹੈ,ਜਿਸਨੂੰ ਕੱਚੀ ਲੱਸੀ ਕਿਹਾ ਜਾਂਦਾ ਹੈ। ਕਈ ਥਾਵਾਂ ਤੇ ਪਰਾਂਤ ਵਿੱਚ ਕੱਚੀ ਲੱਸੀ ਦੀ ਜਗ੍ਹਾ ਚੌਲ ਤੇ ਹਲਦੀ ਵੀ ਪਾਣੀ ਵਿੱਚ ਘੋਲ ਦਿੱਤੇ ਜਾਂਦੇ ਹਨ। ਪਹਿਲਾਂ ਲਾੜਾ-ਲਾੜੀ ਦਾ ਕੰਗਣਾ ਖੋਲਦਾ ਹੈ, ਫਿਰ ਲਾੜੀ-ਲਾੜੇ ਦੇ ਗਾਨੇ ਦੀਆਂ ਗੰਢਾਂ ਖੋਲਦੀ ਹੈ।ਫਿਰ ਨੈਣ ਵਹੁਟੀ ਦੀ ਛਾਂਪ ਲੈ ਕੇ ਜਾਂ ਇੱਕ ਚਾਂਦੀ ਦਾ ਸਿੱਕਾ ਪਰਾਂਤ ਵਿੱਚ ਸੁੱਟ ਦਿੰਦੀ ਹੈ। ਲਾੜਾ-ਲਾੜੀ ਦੋਹਾਂ ਨੂੰ ਇੱਕ ਦੂਜੇ ਦੇ ਸਾਹਮਣੇ ਬਿਠਾ ਦਿੱਤਾ ਜਾਂਦਾ ਹੈ।ਦੋਹ੍ਹਾਂ ਦੇ ਵਿਚਕਾਰ ਪਰਾਂਤ ਰੱਖ ਦਿੱਤੀ ਜਾਂਦੀ ਹੈ। ਫਿਰ ਦੋਹਾਂ ਨੂੰ ਪਰਾਂਤ ਵਿੱਚੋਂ ਸਿੱਕਾ ਜਾਂ ਛਾਂਪ ਲੱਭਣ ਲਈ ਕਿਹਾ ਜਾਂਦਾ ਹੈ। ਸਿੱਕਾ ਜਾਂ ਛਾਂਪ ਸੱਤ ਵਾਰੀ ਪਰਾਂਤ ਵਿੱਚ ਸੁੱਟਿਆ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਜਿਹੜਾ ਸੱਤਵੀਂ ਵਾਰ ਛਾਂਪ ਜਾਂ ਸਿੱਕਾ ਪਹਿਲਾ ਲੱਭਦਾ ਹੈ, ਉਸਦਾ ਰੋਹਬ ਦੂਜੇ ਤੇ ਸਾਰੀ ਉਮਰ ਰਹਿੰਦਾ ਹੈ ਅਤੇ ਸਿੱਕਾ ਲੱਭਣ ਵਾਲੇ ਨੂੰ ਚੁਸਤ ਵੀ ਸਮਝਿਆਂ ਜਾਂਦਾ ਹੈ। ਇਸ ਰਸਮ ਪਿੱਛੇ ਅਸਲ ਕਾਰਨ ਇਹ ਵੀ ਹੈ ਕਿ ਪੁਰਾਣੇ ਸਮੇਂ ਵਿੱਚ ਮੁੰਡੇ ਕੁੜੀ ਨੇ ਵਿਆਹ ਤੋਂ ਪਹਿਲਾਂ ਇੱਕ-ਦੂਜੇ ਨੂੰ ਵੇਖਿਆ ਨਹੀਂ ਹੁੰਦਾ ਸੀ, ਜਦੋਂ ਉਹ ਪਾਣੀ ਵਿੱਚ ਇੱਕ ਦੂਸਰੇ ਦੇ ਹੱਥਾਂ ਨੂੰ ਛੂੰਹਦੇ ਸਨ ਤਾਂ, ਇਹ ਉਹਨਾਂ ਦਾ ਪਹਿਲਾ ਸਰੀਰਕ ਸਬੰਧ ਹੁੰਦਾ ਸੀ,ਜੋ ਉਹਨਾਂ ਦੀ ਇੱਕ ਦੂਜੇ ਤੋਂ ਸੰਗ ਨੂੰ ਕੁਝ ਘੱਟ ਕਰ ਦਿੰਦਾ ਹੈ।ਉਹਨਾਂ ਨੂੰ ਸ਼ਰਮਾਉਣ ਤੋਂ ਬਚਾਉਣ ਲਈ ਪਰਾਂਤ ਵਿੱਚ ਕੱਚੀ ਲੱਸੀ ਜਾਂ ਹਲਦੀ ਪਾਈ ਜਾਂਦੀ ਹੈ, ਤਾਂ ਜੋ ਉਹਨਾਂ ਦੇ ਹੱਥ ਕੋਲ ਖੜੇ ਲੋਕਾਂ ਨੂੰ ਨਜ਼ਰ ਨਾ ਆਉਣ।ਇਸ ਤਰਾਂ ਇਹ ਰਸਮ ਨਵੀਂ ਜੋੜੀ ਦੀ ਇੱਕ ਦੂਜੇ ਤੋਂ ਸੰਗ ਖਤਮ ਕਰਨ ਦੇ ਉਦੇਸ਼ ਨਾਲ ਵੀ ਹੋਂਦ ਵਿੱਚ ਆਈ।

ਵਿਆਹ ਦੀਆਂ ਰਸਮਾਂ ਦੀ ਸਾਰਥਕਤਾ, ਵਿਆਹ ਵਿੱਚ ਨਿਭਾਉਣ ਵਾਲੀਆਂ ਇਹ ਸਾਰੀਆਂ ਰਸਮਾਂ ਦਾ ਆਮ ਜੀਵਨ ਵਿੱਚ ਬਹੁਤ ਵੱਡਾ ਸਥਾਨ ਹੈ ਇਹ ਸਾਰੀਆਂ ਰਸਮਾਂ ਨੂੰ ਨਿਭਾਉਣ ਪਿੱਛੇ ਅਨੇਕਾਂ ਹੀ ਸੱਭਿਆਚਾਰਕ ਅਤੇ ਸਮਾਜਿਕ ਕਾਰਣ ਹੁੰਦੇ ਹਨ। ਵਿਆਹ ਦੀਆਂ ਰਸਮਾਂ ਰਾਹੀਂ ਮਨੁੱਖੀ ਰਿਸ਼ਤਿਆਂ ਦੀ ਆਪਸੀ ਸਾਂਝ ਨੂੰ ਪਛਾਣਿਆ ਜਾਂਦਾ ਹੈ ਜੋ ਕਿ ਮਨੁੱਖੀ ਜੀਵਨ ਦੀ ਬੁਨਿਆਦ ਹਨ। ਵਿਆਹ ਨਾਲ ਸੰਬੰਧਿਤ ਰਸਮਾਂ ਦੀ ਪੂਰਤੀ ਵਧੇਰੇ ਕਰਕੇ ਸਮਾਜਿਕ ਕਦਰਾਂ ਦੀ ਪੂਰਤੀ ਹਿੱਤ ਕੀਤੀ ਜਾਂਦੀ ਹੈ ਜਦੋਂ ਕਿ ਜਨਮ ਅਤੇ ਮੌਤ ਨਾਲ ਸੰਬੰਧਿਤ ਰਸਮਾਂ ਵਿੱਚ ਦੈਵੀ-ਸ਼ਕਤੀਆਂ ਦੀ ਹੋਂਦ ਅਕਸਰ ਸ਼ਾਮਿਲ ਹਨ। ਵਿਆਹ ਸਮੇਂ ਦੀਆ ਰਸਮਾਂ ਦਾ ਮੁੱਖ ਟੀਚਾ ਵਿਆਹ ਸੰਬੰਧਾਂ ਨੂੰ ਸੁਖਾਵਾਂ ਤੇ ਮਨੋਰੰਜਨ ਭਰਪੂਰ ਬਣਾਉਣਾ ਤੇ ਸੰਤਾਨ ਉਤਪਾਦਨ ਕਰਨਾ ਹੁੰਦਾ ਹੈ।"

ਪਰ ਅਜੋਕੇ ਸਮੇਂ ਵਿੱਚ ਵਿਆਹ ਦੀਆਂ ਇਹਨਾਂ ਰਸਮਾਂ ਨੂੰ ਨਿਭਾਉਣ ਦੀ ਪਰੰਪਰਾ ਹੌਲੀ-ਹੌਲੀ ਘੱਟਦੀ ਜਾ ਰਹੀ ਹੈ। ਇਹਨਾਂ ਨੂੰ ਸੰਭਾਲਣ ਅਤੇ ਅੱਗੇ ਤੋਰਨ ਲਈ ਲੋੜੀਂਦੇ ਉਪਰਾਲੇ ਕਰਨ ਦੀ ਲੋੜ ਹੈ। ਰਸਮ ਤੇ ਨਾਮ ਤੇ ਫਜ਼ੂਲ ਖਰਚੀ ਵਧਾਈ ਜਾਂਦੀ ਹੈ। ਰਸਮਾਂ ਰਿਵਾਜ਼ਾਂ ਵਿੱਚ ਪਰਿਵਰਤਨ ਆਉਣਾ ਕੀ ਸਹੀ ਹੈ,??

ਵਿਆਹ ਪ੍ਰਬੰਧ ਇੱਕ ਅਜਿਹਾ ਪ੍ਰਬੰਧ ਹੈ ਜਿਸ ਵਿੱਚ ਬਹੁਤ ਸਾਰੀਆਂ ਰਹੁ-ਰੀਤਾਂ ਸ਼ਾਮਿਲ ਹੁੰਦੀਆਂ ਹਨ। ਜੋ ਵਿਆਹ ਦੇ ਨੇਪਰੇ ਚੜ੍ਹਨ ਤੋਂ ਬਾਅਦ ਤੱਕ ਵੀ ਨਿਭਾਈਆਂ ਜਾਂਦੀਆ ਹਨ। ਪਰ ਅਜੋਕਾ ਸਮਾਂ 21ਵੀਂ ਸਦੀ ਤੇ ਗਲੋਬਲਾਈਜੇਸ਼ਨ ਦਾ ਹੈ ਜਿਸ ਦੇ ਪ੍ਰਭਾਵ ਸਦਕਾ ਇਸ ਵਿੱਚ ਹੁਣ ਤੱਕ ਬਹੁਤ ਸਾਰੀਆਂ ਤਬਦਲੀਆਂ ਵਾਪਰਦੀਆਂ ਦਿਖਾਈ ਦੇ ਰਹੀਆਂ ਹਨ। ਨਿਰੰਤਰ ਪਰਿਵਰਤਨ ਪ੍ਰਕਿਰਤੀ ਦਾ ਅਟੱਲ ਨਿਯਮ ਹੈ। ਇਹ ਨਿਯਮ ਮਨੁੱਖੀ ਸਮਾਜ ਤੇ ਵੀ ਪੂਰਾ ਢੁੱਕਦਾ ਹੈ। "ਰਸਮ ਰਿਵਾਜ ਸਮਾਜਿਕ ਅਤੇ ਭਾਈਚਾਰਕ ਕਾਰਜ ਨਾਲ ਸੰਬੰਧਿਤ ਹੁੰਦੇ ਹਨ। ਪ੍ਰਕਿਰਤੀ ਦੇ ਵਿਰੋਧ ਵਿੱਚ ਅੱਜ ਦਾ ਮਨੁੱਖ ਆਪਣੇ ਆਪ ਨੂੰ ਇਕੱਲਾ ਅਤੇ ਅਸੁਰੱਖਿਅਤ ਮਹਿਸੂਸ ਨਹੀਂ ਕਰਦਾ ਇਸ ਲਈ ਰਸਮ-ਰਿਵਾਜਾਂ ਦਾ ਰੂਪ ਰਹਿ ਕੇ ਸੈਕੂਲਰ ਹੁੰਦਾ ਜਾ ਰਿਹਾ ਹੈ। ਅੱਜ ਪੁਰਾਣੇ ਰਸਮ-ਰਿਵਾਜਾਂ ਨੂੰ ਵਹਿਮ-ਭਰਮ ਦਰਸਾ ਕੇ ਉਨ੍ਹਾਂ ਨੂੰ ਮੰਨਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਅੱਜ ਸਿੱਖਿਆ ਦੇ ਪ੍ਰਭਾਵ ਅਤੇ ਇਸਤ੍ਰੀ ਦੀ ਆਜ਼ਾਦੀ ਕਰਕੇ ਲੋਕਾਂ ਦਾ ਵਿਆਹ ਪ੍ਰਤੀ ਨਜ਼ਰੀਆ ਬਦਲ ਗਿਆ ਹੈ।

'ਜਿਸ ਤਰ੍ਹਾਂ ਅੱਜ ਵਿਆਹ ਲਈ ਨਾਈ ਰਿਸ਼ਤਾ ਨਹੀਂ ਲੱਭਦਾ ਕਈ ਵਾਰ ਆਪਸੀ ਸਹਿਯੋਗ ਨਾਲ ਮਿਲਦੇ ਹੀ ਵਿਆਹ ਤਹਿ ਕਰ ਲਏ ਜਾਂਦੇ ਹਨ। ਗੋਤ ਛੱਡਣ ਦਾ ਰਿਵਾਜ ਵੀ ਘੱਟਦਾ ਜਾ ਰਿਹਾ ਹੈ। ਪੰਜਾਬ ਵਿੱਚ ਵਿਆਹ ਸੰਬੰਧੀ ਸਮਾਜਿਕ ਰੋਕਾਂ ਸਨ ਉਹ ਕਮਜ਼ੋਰ ਪੈ ਗਈਆਂ ਹਨ। ਰੀਤਾਂ-ਰਸਮਾਂ ਨਿਯਮਾਂ ਤੇ ਲੋਕਗੀਤਾਂ ਵਿੱਚ ਵੀ ਬਦਲਾ ਤੋਂ ਆਇਆ ਹੈ। ਪੰਜਾਬ ਵਿੱਚ ਵਿਆਹ ਮੁੰਡੇ-ਕੁੜੀ ਦੀ ਜਨਮ ਕੁੰਡਲੀ ਮਿਲਾ ਕੇ ਜਾਤ/ਗੋਤ ਪਰਖ ਕੇ ਜਾਇਦਾਦ ਸ਼ੁੱਭ ਦਿਨ ਦਾ ਧਿਆਨ ਰੱਖ ਕੇ ਕੀਤੇ ਜਾਂਦੇ ਰਹੇ ਹਨ।

ਪਰ ਅੱਜਕੱਲ ਜ਼ਿਆਦਾਤਰ ਲੋਕ ਮੁੰਡੇ ਕੁੜੀ ਦੀ ਵਿਆਪਕ ਪੜ੍ਹਾਈ ਸੁਹੱਪਣ ਉਮਰ ਅਤੇ ਗੁਣ ਆਦਿ ਪੱਖਾਂ ਨੂੰ ਧਿਆਨ ਵਿੱਚ ਰੱਖ ਕੇ ਆਪਣੇ ਬੱਚਿਆਂ ਦੇ ਵਿਆਹ ਕਰਨ ਲੱਗ ਪਏ ਹਨ।" "ਕੁਝ ਦਹਾਕੇ ਪਹਿਲਾਂ ਮਾਪੇ ਆਪਣੀ ਔਲਾਦ ਦਾ ਵਿਆਹ ਨਾਈ ਜਾਂ ਬਾਮਣ ਦੁਆਰਾ ਪਈ ਦੱਸ ਮੁਤਾਬਕ ਕਰ ਦਿੰਦੇ ਹਨ। ਨਤੀਜੇ ਵਜੋਂ ਨਾ ਤਾਂ ਨਾਈਆਂ ਦੁਆਰਾ ਕੀਤੇ, ਬਹੁਤੇ ਰਿਸ਼ਤੇ ਮਿਲਦੇ ਹਨ ਤੇ ਨਾ ਹੀ ਉਨ੍ਹਾਂ ਸੰਬੰਧੀ ਗੀਤ ਗਾਏ ਜਾਂਦੇ ਹਨ ਜਿਵੇਂ: "ਨਾਈਆ ਤੇ ਬੱਚੇ ਮਰਨ ਬਾਮਣ ਦੀ ਜੜ ਜਾ। ਪੰਜ ਦਰਿਆ ਦਾ ਛੋਕਰਾ ਦਿੱਤਾ ਝੋਲੀ ਪਾ।' 'ਸਮੇਂ ਦੇ ਪਰਿਵਰਤਨ ਕਾਰਨ ਨਾਈ ਦਾ ਕਾਰਜ ਹੁਣ ਖਤਮ ਹੋ ਗਿਆ ਹੈ। ਪੂਰਵ ਆਧੁਨਿਕਤਾ ਕਾਲ ਵਿੱਚ ਕੁੜੀ ਅਤੇ ਮੁੰਡੇ ਦੇ ਵਿਆਹ ਸੰਬੰਧੀ ਰਾਏ ਨਹੀਂ ਸੀ ਲਈ ਜਾਂਦੀ ਪਰ ਅੱਜ ਸਥਿਤੀ ਬਿਲਕੁਲ ਵੱਖਰੀ ਹੈ ਦੋਵੇਂ ਇੱਕ ਦੂਜੇ ਨੂੰ ਜਾਣ ਸਕਦੇ ਹਨ ਕਿਉਂਕਿ ਸਾਰੀ ਉਮਰ ਉਨ੍ਹਾਂ ਨੇ ਇਕੱਠਿਆਂ ਬਿਤਾਉਣੀ ਹੁੰਦੀ ਹੈ। ਆਵਾਜਾਈ ਦੇ ਸਾਧਨਾਂ ਦੇ ਵਿਕਸਤ ਹੋਣ ਤੋਂ ਪਹਿਲਾਂ ਕੁੜੀ ਦਾ ਵਿਆਹ ਬਹੁਤੀ ਦੂਰ ਨਹੀਂ ਸੀ ਕੀਤਾ ਜਾਂਦਾ ਨਾ ਹੀ ਉਸ ਪਿੰਡ ਵਿੱਚ ਕੀਤਾ ਜਾਂਦਾ ਸੀ ਜਿਥੋਂ ਦੀ ਉਹ ਪਹਿਲਾਂ ਰਹਿਣ ਵਾਲੀ ਹੁੰਦੀ ਸੀ। ਪਰ ਹੁਣ ਇਸ ਗੱਲ ਦੀ ਪ੍ਰਵਾਹ ਨਾ ਕਰਦਿਆਂ ਗਲੀ-ਮੁਹੱਲੇ ਵਿੱਚ ਵੀ ਵਿਆਹ ਕਰ ਦਿੱਤੇ ਜਾਂਦੇ ਹਨ। ਦੂਜੇ ਪਾਸੇ ਪਰਵਾਸ ਵਿੱਚ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੀਆ ਆਦਿ ਯੂਰਪੀ ਦੇਸ਼ਾਂ ਵਿੱਚ ਵਿਆਹ ਕਰਨ ਤੋਂ ਗੁਰੇਜ਼ ਨਹੀਂ ਕਰਦੇ ਸਗੋਂ ਚਾਅ ਨਾਲ ਕਰਦੇ ਹਨ।



ਵਿਆਹ ਤੋਂ ਪਹਿਲਾਂ ਸ਼ਗਨ ਕਰਨ ਸਮੇਂ ਵਿਚੋਂ ਪਰੋਖੇ ਹੋ ਕੇ ਮਹਿੰਗੀਆਂ ਸੁਗਾਤਾਂ ਦੇ ਰਿਵਾਜ ਪੈਂਦੇ ਜਾ ਰਹੇ ਹਨ। ਸੁਗਾਤਾਂ ਦੇਣ ਉਪਰੰਤ ਮੁੰਡੇ ਨੂੰ ਮੁੰਦਰੀ, ਕੜਾ ਵੀ ਪਾਇਆ ਜਾਣ ਲੱਗ ਪਿਆ ਹੈ। ਇਸ ਰਸਮ ਦੀ ਪੂਰਤੀ ਜਿਥੇ ਪਹਿਲਾਂ ਗੁੜ ਦੀ ਰੋੜੀ ਨਾਲ ਕੀਤੀ ਜਾਂਦੀ ਸੀ ਉਥੇ ਹੁਣ ਮਠਿਆਈ ਵੰਡੀ ਜਾਂਦੀ। ਵਿਆਹ ਦੀ ਸੂਚਨਾ ਘਰ ਵਿੱਚ ਜਾਂ ਸੱਦਾ ਪੱਤਰ ਦੇਣ ਲਈ ਗੰਢਾ ਫੇਰਨ ਦਾ ਰਿਵਾਜ ਖਤਮ ਹੋ ਗਿਆ ਹੈ ਅਤੇ ਭੇਲੀ ਦੇਣ ਦਾ ਰਿਵਾਜ ਘੱਟ ਰਿਹਾ ਹੈ। ਅੱਜ ਗੁੜ ਦੀ ਭੇਲੀ ਦੀ ਥਾਂ ਮਠਿਆਈ ਨੇ ਲੈ ਲਈ ਹੈ। ਮਸ਼ੀਨੀ ਯੁੱਗ ਦੀ ਆਮਦ ਤੋਂ ਪਹਿਲਾ ਵਿਆਹ ਦਾ ਕਾਰਜ ਸਹੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਕਣਕ ਪੀਹਣੀ, ਦਾਣਾ ਪੀਹਣਾ, ਬੇਸਣ ਬਣਾਉਣਾ, ਗੋਟੇ ਲਾਉਣਾ, ਕਸੀਦੇ ਕੱਢਣੇ ਆਦਿ ਸਭ ਕਾਰਜ ਘਰਾਂ ਵਿੱਚ ਹੀ ਕੀਤੇ ਜਾਂਦੇ ਹਨ ਪਰ ਅੱਜ ਇਹ ਕਾਰਜ ਮਸ਼ੀਨੀ ਚੱਕੀਆਂ ਕਰਦੀਆਂ ਹਨ ਵਿਆਹ ਸੰਬੰਧੀ ਰਸਮਾਂ ਅਤੇ ਉਨ੍ਹਾਂ ਨਾਲ ਜੁੜੇ ਲੋਕਗੀਤ ਆਪਣੇ ਫਲਸਫੇ ਦਾ ਸੰਚਾਰ ਕਰਦੇ ਆ ਰਹੇ ਹਨ। ਵਿਆਹ ਦੇ ਮੌਕੇ ਤੇ ਨਿਭਾਈਆਂ ਜਾਂਦੀਆਂ ਰਸਮਾਂ ਅਤੇ ਉਨ੍ਹਾਂ ਨਾਲ ਸੰਬੰਧਿਤ ਲੋਕਗੀਤ ਢੁੱਕਵਾਂ ਮੌਕਾ ਮੇਲ ਸਿਰਜਦੇ ਹੋਏ ਵਾਤਾਵਰਣ ਨੂੰ ਸਜੀਵ ਬਣਾ ਦਿੰਦੇ ਹਨ।'

ਵਿਆਹ ਸੰਬੰਧੀ ਰਹੁ-ਰੀਤਾਂ ਅਤੇ ਰਸਮ ਵਿੱਚ ਇੱਕ ਅਹਿਮ ਰਸਮ ਨਾਨਕਾ ਹੁੰਦਾ ਹੈ। ਨਾਨਕ ਛੱਕ ਕੰਨਿਆਂ ਦੇ ਦਾਜ ਦਾ ਅਹਿਮ ਹਿੱਸਾ ਹੈ ਜਿਹੜਾ ਕਿ ਉਸਦੇ ਨਾਨਕਿਆਂ ਵਲੋਂ ਦਿੱਤਾ ਜਾਂਦਾ ਹੈ। ਇਸ ਲਈ ਨਵੇਂ ਪਰਿਵਾਰ ਦਾ ਘਰ ਵਸਾਉਣ ਦੀ ਲੋੜ ਦੀਆਂ ਮੁਢਲੀਆਂ ਵਸਤਾਂ ਮੰਜੇ, ਭਾਂਡੇ, ਕੱਪੜੇ ਆਦਿ ਰਲ-ਮਿਲ ਕੇ ਇਕੱਠੇ ਕੀਤੇ ਜਾਂਦੇ ਸਨ। ਭਾਵੇਂ ਪੁਰਾਣੇ ਸਮੇਂ ਵਿੱਚ ਮੱਝਾਂ-ਗਾਵਾਂ ਜਾਂ ਊਠ, ਘੋੜੇ ਆਦਿ ਵੀ ਦਿੰਦੇ ਰਹੇ ਹਨ ਪਰ ਅੱਜਕੱਲ ਇਸਦਾ ਰਿਵਾਜ ਨਹੀਂ ਰਿਹਾ।' ਪਰ ਅੱਜਕਲ ਇਸਦੀ ਜਗ੍ਹਾ ਮੋਟਰਾਂ-ਗੱਡੀਆਂ ਨੇ ਲੈ ਲਈ ਹੈ ਵਿਆਹ ਵਿੱਚ ਗੱਡੀਆਂ ਦੇਣ ਦਾ ਰਿਵਾਜ ਚਲ ਪਿਆ ਹੈ। ਕੁੜੀਆਂ ਆਪਣੇ ਪਸੰਦ ਦਾ ਸਮਾਨ ਖਰੀਦਣ ਲੱਗ ਪਈਆਂ ਹਨ। ਉਹ ਨਾਨਕਿਆਂ ਵਾਲਾ ਚੂੜਾ ਪਹਿਲੀ ਹੀ ਆਪਣੀ ਪਸੰਦ ਦਾ ਬਣਾ ਲੈਂਦੀ ਹੈ। ਪਹਿਲਾਂ ਨਾਨਕਿਆਂ ਦਾ ਕਈ ਦਿਨ ਪਹਿਲਾਂ ਆਉਣ ਦਾ ਰਿਵਾਜ ਪ੍ਰਚਲਿਤ ਸੀ। ਪਰ ਅੱਜ ਆਪੋ-ਆਪਣੇ ਦੇਸ਼ਾਂ ਤੋਂ ਵਿਹਲ ਨਾ ਹੋਣ ਕਾਰਨ ਨਾਨਕੇ ਵਿਆਹ ਸਮੇਂ ਆਉਣ ਲੱਗ ਪਏ ਹਨ।'

ਅੱਜਕੱਲ ਮਹਿੰਦੀ ਲਾਉਣ ਦਾ ਕਾਰਜ ਬਿਊਟੀ-ਪਾਰਲਰਾਂ ਤੇ ਨਿਭਾਇਆ ਜਾਂਦਾ ਹੈ ਇਸ ਸੰਬੰਧੀ ਗਾਏ ਜਾਣ ਵਾਲੇ ਗੀਤਾਂ ਦਾ ਰੁਝਾਨ ਘੱਟ ਰਿਹਾ ਹੈ। ਅੱਜ ਤੋਂ ਦੋ ਦਹਾਕੇ ਪਹਿਲਾਂ ਜੰਝ ਚੜ੍ਹਨ ਤੋਂ ਪਹਿਲਾਂ ਨਾਈ ਜਾਂ ਨਾਇਣ ਵਲੋਂ ਮੁੰਡੇ-ਕੁੜੀ ਨੂੰ ਇਸਨਾਨ ਕਰਵਾਇਆ ਜਾਂਦਾ ਸੀ। ਵਟਣਾ ਮਲਦੇ ਹੋਏ ਅਨੇਕਾਂ ਰਹੁ-ਰੀਤਾਂ ਦੀ ਪਾਲਣਾ ਕੀਤੀ ਜਾਂਦੀ ਸੀ। ਅੱਜ ਵਿਆਹ ਦੀ ਰਸਮ ਇੱਕ ਦਿਨ ਵਿੱਚ ਹੀ ਨੇਪਰੇ ਚੜ੍ਹ ਜਾਂਦੀ ਹੈ। ਪਰ ਕੁਝ ਦਹਾਕੇ ਪਹਿਲਾਂ ਬਰਾਤ ਮੁੰਡੇ ਦੇ ਸਹੁਰੇ ਦੋ ਰਾਤਾਂ ਰਹਿੰਦੀ। ਪਹਿਲਾਂ ਵਿਆਹ ਪਿੰਡ ਵਿੱਚ ਕਨਾਤਾਂ ਲਾ ਕੇ ਕੀਤੇ ਜਾਂਦੇ ਸਨ ਜਾਂ ਧਰਮਸ਼ਾਲਾ ਵਿੱਚ ਬਰਾਤ ਦੇ ਰਹਿਣ ਦਾ ਇੰਤਜਾਮ ਕੀਤਾ ਜਾਂਦਾ ਸੀ। ਉਸ ਸਮੇਂ ਦੁਪਹਿਰੇ ਜੰਝ ਚੜਦੀ ਸੀ ਜਿਸਦਾ ਜ਼ਿਕਰ ਲੋਕਗੀਤਾਂ ਵਿੱਚ ਆਉਂਦਾ ਹੈ, ਹੱਥ ਕੰਗਣਾ ਮੁੱਖ ਮੋਹਿੜਾ। ਛੋਲੇ ਬਾਜੂ ਬੰਦ, ਸਿਖਰ ਦੁਪਹਿਰੇ ਜੰਝ ਚੜ੍ਹਿਆ , ਤੇਰਾ ਚੋ ਚੋ ਪੈਂਦਾ ਏ ਵੀਰਨਾ ਮੇਰਿਆ ਏ ਰੰਗ। ਪਰ ਅੱਜਕੱਲ ਜੰਝ ਗੱਡੀਆਂ ਕਾਰਾਂ ਜਾਂ ਬੱਸਾਂ ਵਿੱਚ ਜਾਣ ਲੱਗੀ ਹੈ ਕਈ ਥਾਈਂ ਵਿਆਹ ਮੈਰਿਜ ਪੈਲੇਸਾਂ ਵਿੱਚ ਹੁੰਦੇ ਹਨ। ਜੰਝ ਦੂਰੋਂ ਆਉਣ ਕਰਕੇ ਸਵੇਰੇ ਹੀ ਚੜਦੀ ਤੇ ਸ਼ਾਮ ਤੱਕ ਆਪਣੇ ਘਰ ਵਾਪਿਸ ਮੁੜ ਪੈਂਦੀ ਹੈ। ਬਰਾਤ ਵਿਦਾ ਹੋਣ ਉਪਰੰਤ ਛੱਜ ਤੋੜਨ ਦੀ ਰਸਮ ਕੀਤੀ ਜਾਂਦੀ ਸੀ ਇਸ ਰਸਮ ਦੌਰਾਨ ਸਿੱਠਣੀਆਂ ਦੇਣ ਅਤੇ ਸਵਾਂਗ ਕਰਨ ਦਾ ਦੌਰ ਵੀ ਹੁਣ ਘੱਟ ਗਿਆ। ਮੂਵੀ ਬਣਾਉਣ ਲਈ ਬਸ ਥੋੜਾ ਜਿਹਾ ਸ਼ਗਨ ਕਰ ਲਿਆ ਜਾਂਦਾ ਹੈਂ।

ਅੱਜ ਦੇ ਦੌਰ ਵਿੱਚ ਮਿਲਣੀਆਂ ਦੀ ਗਿਣਤੀ ਵਧ ਗਈ ਹੈ, ਇਸ ਲਈ ਕੁੜੀ ਵਾਲਿਆਂ ਦਾ ਖਰਚ ਵਧਣ ਲੱਗ ਪਿਆ ਹੈ। ਅੱਜਕੱਲ ਰੀਬਨ ਕੱਟਣ ਸਮੇਂ ਦੋਵੇਂ ਧਿਰ ਸਿੱਠਣੀਆਂ ਦੇਣ ਦੀ ਬਜਾਇ ਇਤਰ ਦਾ ਛਿੜਕਾਅ ਦਾ ਮਨੋ ਫਾਲ ਕਰਨ ਲੱਗ ਪਏ ਹਨ। ਪਹਿਲਾ ਫੇਰਿਆਂ ਦੌਰਾਨ ਕੁੜੀ ਵਲੋਂ ਦੋਸੜਾ ਲਿਆ ਜਾਂਦਾ ਹੈ। ਵਿਆਹ ਮੰਡਪ ਬੈਠੀ ਕੁੜੀ ਦੇ ਉਪਰ ਖੱਦਰ ਦਾ ਚਿੜੀਆਂ ਦਾ ਚੋਪ ਦਿੱਤਾ ਜਾਂਦਾ ਸੀ। ਪਹਿਲਾਂ ਸਮੇਂ ਵਿੱਚ ਜੰਝ ਨੂੰ ਬੰਨਿਆਂ ਜਾਂਦਾ ਸੀ। ਦੋ ਕੁ ਦਹਾਕੇ ਪਹਿਲਾਂ ਲਾੜਾ ਸਾਲੀਆਂ ਨੂੰ ਸੁਗਾਤ ਦੇਣ ਲਈ ਚਾਂਦੀ ਦੇ ਛੱਲੇ ਲਿਆਉਂਦਾ ਸੀ। ਪਰ ਅੱਜ ਛੱਲੇ ਦੀ ਜਗ੍ਹਾ ਕਲੀਚੜੀਆਂ ਵੀ ਪਾਈਆਂ ਜਾਂਦੀਆਂ ਹਨ। ਅੱਜਕੱਲ ਸਭ ਕੁਝ ਬਦਲ ਰਿਹਾ ਹੈ। ਕੁੜੀ ਨੂੰ ਬਜ਼ਾਰੋਂ ਤਿਆਰ ਕੀਤੀ ਪੁਸ਼ਾਕ ਪੁਆਈ ਜਾਂਦੀ ਹੈ। ਸਾਰਾ ਸਮਾਨ ਬਾਜ਼ਾਰੋਂ ਜਾਣ ਕਰਕੇ ਵਿਆਹ ਦੇ ਬਹੁਤ ਗੀਤ ਆਲੋਪ ਹੁੰਦੇ ਜਾ ਰਹੇ ਹਨ। ਪਹਿਲਾਂ ਡੋਲੀ ਨੂੰ ਕਹਾਰ ਛੱਡ ਕੇ ਆਉਂਦੇ ਸਨ। ਡੋਲੀ ਬੱਸ ਵਿੱਚ ਲਿਆਂਦੀ ਜਾਣ ਲੱਗ ਪਈ ਹੈ। ਪਰ ਹੁਣ ਮਹਿੰਗੀ ਤੋਂ ਮਹਿੰਗੀ ਗੱਡੀ ਜਾਂ ਕਈ ਥਾਂ ਹਵਾਈ ਜਹਾਜ਼ ਵਿੱਚ ਡੋਲੀ ਆਉਣ ਦੀਆਂ ਗੱਲਾਂ ਵੀ ਸੁਣੀਦੀਆਂ ਹਨ। ਡੋਲੀ ਕਿਸੇ ਵਿੱਚ ਵੀ ਆਵੇ ਪਰ ਗੀਤ ਡੋਲੀ ਸੰਬੰਧੀ ਹੀ ਗਾਏ ਜਾਂਦੇ ਹਨ। "ਅਣਵੰਡੇ ਪੰਜਾਬ ਦੇ ਲੋਕਗੀਤ ਹਿੰਦੂ ਮੁਸਲਮਾਨ ਅਤੇ ਸਿੱਖ ਇਸਾਈ ਸਾਰੇ ਫਿਰਕਿਆਂ ਦੀ ਸਾਂਝੀ ਸੰਪਤੀ ਰਹੇ ਹਨ। ਪਰ ਭਾਵੇਂ ਇਨ੍ਹਾਂ ਫਿਰਕਿਆਂ ਵਿੱਚ ਵਿਆਹ ਸੰਬੰਧੀ ਕੁੱਝ ਰਸਮਾਂ ਵੱਖੋ-ਵੱਖਰੀਆਂ ਪਰ ਘੋੜੀਆਂ ਸੁਹਾਗ ਸਿੱਠਣੀਆਂ ਅਤੇ ਛੰਦ ਆਦਿ ਲੋਕਗੀਤ ਸਭ ਫਿਰਕਿਆਂ ਵਿੱਚ ਇਕੋ ਜਿਹੇ ਹਨ। ਮਸ਼ੀਨੀ ਦੌਰ ਤੋਂ ਪਹਿਲਾਂ ਰੀਤਾਂ ਅਤੇ ਗੀਤਾਂ ਦਾ ਦੌਰ ਕਈ ਦਿਨ ਪਹਿਲਾਂ ਸ਼ੁਰੂ ਹੋ ਜਾਂਦਾ ਸੀ। ਪੱਛਮੀ ਸਭਿਅਤਾ ਤੇ ਪ੍ਰਭਾਵ ਸਦਕਾ ਪੰਜਾਬੀਆਂ ਦੇ ਪੁਸ਼ਾਕ ਵਿੱਚ ਵੀ ਢੇਰ ਅੰਤਰ ਆਇਆ ਹੈ।

ਅੱਜਕੱਲ ਦੀਆਂ ਕੁੜੀਆਂ ਫੈਸ਼ਨਦਾਰ, ਮੇਰੀ ਮਾਂ ਤੋਬਾ ਤੋਬਾ, ਸਾੜੀ ਨਾ ਪਾਉਂਦੀਆ ਸੂਟ ਨਾ ਪਾਉਂਦੀਆਂ :ਪੈਂਟ ਸਜਾਉਂਦੀਆਂ ਮੁੰਡਿਆਂ ਨਾਲ। "ਅੱਜ ਜਿਥੇ ਲੋਕਗੀਤ ਗਾਏ ਨਹੀਂ ਗਾਇਕ ਬੁਲਾਏ ਜਾਂਦੇ ਹਨ। ਪਰਿਵਰਤਨ ਨਾਲ ਖੁਦ ਨਈਆਂ ਧੁਨਾਂ ਬਣਾਉਣ ਵਾਲੇ ਕਲਾਕਾਰਾਂ ਵਲੋਂ ਲੋਕਗੀਤਾਂ ਨੂੰ ਕਲਾਸੀਕਲ ਛੋਹ ਪ੍ਰਦਾਨ ਕੀਤਾ ਜਾਂਦਾ ਹੀ ਹੈ।'

ਇਸ ਤਰ੍ਹਾਂ ਅੱਜ ਲੋਕਗੀਤਾਂ ਦੀ ਜਗ੍ਹਾ ਡੀ.ਜੇ. ਸਿਸਟਮ ਨੇ ਲੈ ਲਈ ਹੈ। ਜੋ ਪੰਜਾਬੀਅਤ ਛੱਕੇ ਤੇ ਟੰਗਦੇ ਹੋਣੇ ਲੱਚਰਤਾ ਸੰਬੰਧੀ ਗੀਤ ਵੀ ਉਚੀ-ਉਚੀ ਧੁਨਾ ਵਿੱਚ ਬਜਾਏ ਜਾਂਦੇ ਹਨ। ਲੋਕ ਆਪਣੇ ਮਨ ਪਸੰਦ ਦਾ ਪਹਿਰਾਵਾ ਪਾਉਂਦੇ ਹਨ। ਅੰਗਰੇਜ਼ਾਂ ਨੇ ਕਈ ਵਰ੍ਹੇ ਰਾਜ ਕੀਤਾ। ਪੰਜਾਬੀ ਸਭਿਆਚਾਰ ਤੇ ਕਈ ਪੱਖੋਂ ਉਨ੍ਹਾਂ ਦਾ ਪ੍ਰਭਾਵ ਪਿਆ ਹੈ। ਸਿੱਖਿਆ ਦੇ ਪ੍ਰਭਾਵ ਅਧੀਨ ਜਾਂ ਬਦਲਦੇ ਦੌਰ ਨਾਲ ਟਾਟਾਂ ਪਲੜਾ, ਤੱਪੜਾਂ ਤੇ ਬੈਠ ਕੇ ਖਾਣ ਦੇ ਰਿਵਾਜ ਦੀ ਜਗ੍ਹਾ ਹੁਣ ਪੰਜਾਬੀਆਂ ਨੇ ਕੁਰਸੀਆ ਮੇਜਾਂ ਉਤੇ ਬੈਠ ਕੇ ਖਾਣਾ ਖਾਣ ਦਾ ਪ੍ਰਭਾਵ ਕਬੂਲਿਆ ਹੈ। ਖਾਣ-ਪੀਣ ਦਾ ਪ੍ਰਬੰਧ ਵੀ ਕੁਝ ਵੱਖਰੇ ਕਿਸਮ ਦਾ ਹੋਣ ਲੱਗਿਆ ਹੈ। ਜੋ ਘਰੇਲੂ ਨਾਲੋਂ ਬਾਜ਼ਾਰੂ ਜ਼ਿਆਦਾ। ਵਿਆਹ ਮੈਰਿਜ ਪੈਲੇਸਾਂ ਵਿੱਚ ਹੋਣ ਲੱਗੇ ਹਨ। ਇਸ ਨਾਲ ਹੁਣ ਸਾਰੀਆਂ ਰਸਮਾਂ ਖਤਮ ਹੋ ਰਹੀਆਂ ਹਨ।

ਸਮੇਂ ਦੀ ਲੋੜ ਮੁਤਾਬਕ ਆਏ ਇਨ੍ਹਾਂ ਪਰਿਵਰਤਨਾਂ ਨੂੰ ਤਿਲਾਂਜਲੀ ਦੇ ਕੇ ਵਿਆਹ ਦੀਆਂ ਰਸਮਾਂ ਵੀ ਬਹੁਗਤ ਨੂੰ ਸੰਖੇਪਤਾ ਕੀਤਾ ਹੈ ਪਰ ਫਿਰ ਵੀ ਲੋੜ ਤੋਂ ਵੱਧ ਖਰਚਾ ਵਧਿਆ ਹੈ। ਇਸ ਤਰ੍ਹਾਂ ਪੰਜਾਬੀ ਵਿਆਹ ਦੀਆਂ ਰਸਮਾਂ ਵਿੱਚ ਸਮੇਂ ਦੌਰ ਨਾਲ ਚੱਲਦੇ-ਚੱਲਦੇ ਤਬਦੀਲੀਆਂ ਆਈਆਂ ਹਨ।

ਵਿਆਹ ਵਿੱਚ ਰਸਮਾਂ ਰਿਵਾਜ਼ਾਂ ਦੀ ਆੜ ਵਿੱਚ ਫਾਲਤੂ ਖਰਚੇ ਨੇ ਲੋਕਾਂ ਦੀ ਕਮਰ ਤੋੜ ਦਿੱਤੀ ਹੈ,ਇਹ ਫਾਲਤੂ ਖਰਚਾ ਨੱਕ ਰੱਖਣ ਲਈ ਵੀ ਕੀਤਾ ਜਾ ਰਿਹਾ ਹੈ, ਇੱਕ ਨੇ ਵੱਡੀ ਗੱਡੀ ਦਿੱਤੀ ਤਾਂ ਸਾਨੂੰ ਵੀ ਵੱਡੀ ਗੱਡੀ ਹੀ ਚਾਹੀਦੀ ਹੈ, ਇੱਕ ਕੁੜੀ ਨੇ ਲਹਿੰਗਾ ਲੱਖ ਦਾ ਪਾਇਆ ਹੈ ਤਾਂ ਦੂਸਰੀ ਵੀ ਲੱਖ ਦੇ ਲਹਿੰਗੇ ਤੇ ਹੀ ਉਂਗਲ ਰੱਖੇਗੀ। ਅਮੀਰਾਂ ਦਾ ਚੋਚਲਾਪਨ ਮਿਡਲ ਕਲਾਸ ਤੇ ਗਰੀਬ ਲੋਕਾਂ ਨੂੰ ਵੀ ਲੈ ਡੁੱਬਿਆ ਹੈ। ਵਿਆਹਾਂ ਵਿੱਚ ਹੋਰ ਵਾਧੂ ਖਰਚੇ ਨੇ ਲੋਕਾਂ ਨੂੰ ਡਿਪਰੈਸ਼ਨ ਅਤੇ ਖੁਦਕੁਸ਼ੀਆਂ ਦਾ ਰਾਹ ਅਪਣਾਉਣ ਲਈ ਰਸਤਾ ਸਾਫ ਕਰ ਦਿੱਤਾ ਹੈ, ਇਨਸਾਨ ਆਪਣੀ ਔਕਾਤ ਭੁੱਲ ਕੇ ਦਿਖਾਵੇ ਦੇ ਚੱਕਰ ਵਿੱਚ ਪੈ ਗਿਆ ਹੈ। ਜਿਸ ਦਾ ਖਮਿਆਜਾ ਅਸੀਂ ਭੁਗਤ ਵੀ ਰਹੇ ਹਾਂ ਤੇ ਆਉਣ ਵਾਲੀਆਂ ਪੀੜੀਆਂ ਵੀ ਭੁਗਤਣਗੀਆਂ।

ਸਮਾਪਤ

ਦਵਿੰਦਰ ਕੌਰ ਖੁਸ਼ ਧਾਲੀਵਾਲ,
ਖੋਜਕਰਤਾ, ਧੂਰਕੋਟ ਮੋਗਾ
8847227740

# (ਕਿੰਨਾ ਔਖਾ ਹੁੰਦਾ ਹੈ)

ਕਿੰਨਾ ਔਖਾ ਹੁੰਦਾ ਹੈ
ਉਸ ਇਨਸਾਨ ਨਾਲ ਰਹਿਣਾ
ਜਿਸ ਨੇ ਤਾਉਮਰ ਦੁੱਖ ਹੀ ਦਿੱਤੇ ਹੋਣ

ਕਿੰਨਾ ਔਖਾ ਹੁੰਦਾ ਹੈ
ਹਰ ਵੇਲੇ ਉਸ ਦੀਆਂ
ਘੂਰਦੀਆਂ ਨਜ਼ਰਾਂ ਨੂੰ
ਬਰਦਾਸ਼ਤ ਕਰਨਾ

ਕਿੰਨਾ ਔਖਾ ਹੁੰਦਾ ਹੈ
ਜਿਸਨੇ ਹਰੇਕ ਸਾਹਮਣੇ
ਬੇਇੱਜ਼ਤ ਕੀਤਾ ਹੋਏ
ਉਸ ਅਪਮਾਨ ਨੂੰ ਸਹਿਣਾ

ਕਿੰਨਾ ਔਖਾ ਹੁੰਦਾ ਹੈ
ਕਿਸੇ ਨੂੰ ਮਿਲਣ ਨਾ ਦੇਣਾ
ਤੇ ਇਹ ਕਹਿਣਾ ਪਏ ਕਿ
ਤੂੰ ਸਾਡੇ ਘਰ ਨਾ ਆਈਂ

ਕਿੰਨਾ ਔਖਾ ਹੁੰਦਾ ਹੈ
ਜਦ ਭੁੱਬੀ ਰੋਣ ਤੇ ਦਿਲ ਕਰੇ
ਤੇ ਜ਼ਬਰਦਸਤੀ ਦਾ ਮੁਸਕਰਾਉਣਾ

ਕਿੰਨਾ ਔਖਾ ਹੁੰਦਾ ਹੈ
ਆਪਣੇ ਹਾਰ ਸ਼ਿੰਗਾਰ ਤੇ
ਡਿਜ਼ਾਇਨਰ ਸੂਟਾਂ ਪਿੱਛੇ
ਆਪਣੇ ਦਰਦ ਨੂੰ ਛੁਪਾਉਣਾ

ਕਿੰਨਾ ਔਖਾ ਹੁੰਦਾ ਹੈ
ਦਿਲ ਵਿੱਚ ਹਜ਼ਾਰਾਂ ਗੱਲਾਂ ਹੋਣ ਪਰ
ਉਹਨਾਂ ਨੂੰ ਸਾਂਝਾ ਕਰਨ ਵਾਲਾ ਕੋਈ ਨਾ
ਹੋਏ

ਕਿੰਨਾ ਔਖਾ ਹੁੰਦਾ ਹੈ
ਜਦ ਉਹ ਆਪਣੇ ਹੀ ਘਰ ਵਿੱਚ
ਬੇਗਾਨਿਆਂ ਵਾਂਗ ਮਹਿਸੂਸ ਕਰਦਾ ਹੈ

ਕਿੰਨਾ ਔਖਾ ਹੁੰਦਾ ਹੈ
ਆਪਣੀਆਂ ਇੱਛਾਵਾਂ ਨੂੰ ਮਾਰ ਕੇ
ਜ਼ਿੰਦਗੀ ਨੂੰ ਬਤੀਤ ਕਰਨਾ

ਕਿੰਨਾ ਔਖਾ ਹੁੰਦਾ ਹੈ
ਜਦ ਉਹ ਉੱਡਣਾ ਤਾਂ ਚਾਹੁੰਦਾ
ਹੈ ਪਰ
ਉਸਦੇ ਪਰ ਕੱਟੇ ਹੋਏ ਹੁੰਦੇ ਨੇ

ਕਿੰਨਾ ਔਖਾ ਹੁੰਦਾ ਹੈ
ਜਦ ਇਨਸਾਨ ਮਰਨਾ ਚਾਹ ਕੇ
ਵੀ ਮਰ ਨਾ ਸਕੇ

ਕਿੰਨਾ ਔਖਾ ਹੁੰਦਾ ਹੈ
ਹਰ ਪੱਲ ਸਬਰ ਦੇ ਘੁੱਟ
ਭਰਦੇ ਰਹਿਣਾ

ਕਿੰਨਾ ਔਖਾ ਹੁੰਦਾ ਹੈ
ਹਰ ਪੱਲ ਸੱਭ ਸਹਿੰਦੇ ਰਹਿਣਾ
ਤੇ ਕੁਝ ਨਾ ਕਰ ਸਕਣਾ

ਐਸੀ ਜ਼ਿੰਦਗੀ ਜਿਉਣਾ
ਕਿੰਨਾ ਔਖਾ ਹੁੰਦਾ ਹੈ
ਕਿੰਨਾ ਔਖਾ ਹੁੰਦਾ ਹੈ



(ਰਮਿੰਦਰ ਰੰਮੀ)

# ਮਾਂ ਨੇ ਪੁੱਤ ਨੂੰ 24 ਵੋਟਾਂ ਨਾਲ ਹਰਾ ਕੇ ਜਿੱਤੀ ਸਰਪੰਚੀ



ਫ਼ਿਰੋਜ਼ਪੁਰ : ਪੰਜਾਬ ਦੀਆਂ 9398 ਪੰਚਾਇਤਾਂ ਵਿਚ ਸਰਪੰਚ ਅਤੇ ਪੰਚ ਦੇ ਅਹੁਦੇ ਲਈ ਮੰਗਲਵਾਰ ਨੂੰ ਵੋਟਿੰਗ ਹੋਈ ਅਤੇ ਦੇਰ ਸ਼ਾਮ ਚੋਣ ਨਤੀਜੇ ਐਲਾਨ ਕੀਤੇ। ਇਸੇ ਦੌਰਾਨ ਫਿਰੋਜ਼ਪੁਰ ਵਿਚ ਇਕ ਬਹੁਤ ਹੀ ਰੋਮਾਂਚਿਕ ਮੁਕਾਬਲਾ ਦੇਖਣ ਨੂੰ ਮਿਲਿਆ, ਜਿੱਥੇ ਇਕ ਮਾਂ ਅਤੇ ਬੇਟੇ ਵਿਚਕਾਰ ਟੱਕਰ ਹੋ ਰਹੀ ਸੀ ਪਰ ਜਦੋਂ ਚੋਣ ਨਤੀਜੇ ਸਾਹਮਣੇ ਆਏ ਤਾਂ ਬੇਟੇ ਨੂੰ ਮਾਂ ਦੇ ਹੱਥੋਂ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਮਾਂ ਚੋਣ ਜਿੱਤ ਕੇ ਪਿੰਡ ਦੀ ਸਰਪੰਚ ਬਣ ਗਈ। ਫਿਰੋਜ਼ਪੁਰ ਦੇ ਪਿੰਡ ਕੋਠੇ ਕਿੱਲੀ ਵਿਚ ਸਰਪੰਚੀ ਦੀਆਂ ਚੋਣਾਂ ਦੌਰਾਨ ਇਕ ਮਾਂ ਅਤੇ ਪੁੱਤ ਦੇ ਵਿਚਾਲੇ ਫਸਵਾਂ ਮੁਕਾਬਲਾ ਦੇਖਣ ਨੂੰ ਮਿਲਿਆ, ਪਰ ਚੋਣ ਨਤੀਜੇ ਆਉਣ ਤੋਂ ਬਾਅਦ ਸੁਮਿੱਤਰਾ ਬਾਈ ਨੇ ਆਪਣੇ ਬੇਟੇ ਨੂੰ 24 ਵੋਟਾਂ ਦੇ ਨਾਲ ਹਰਾ ਕੇ ਸਰਪੰਚੀ ਹਾਸਲ ਕਰ ਲਈ। ਦਰਅਸਲ ਸੁਮਿੱਤਰਾ ਬਾਈ ਦਾ ਵੱਡੇ ਬੇਟੇ ਨੇ ਸਰਪੰਚੀ ਲਈ ਕਾਗਜ਼ ਦਾਖ਼ਲ ਕੀਤੇ ਸੀ ਪਰ ਉਸ ਦੇ ਕਾਗਜ਼ ਰੱਦ ਹੋ ਗਏ, ਜਿਸ ਤੋਂ ਬਾਅਦ ਸੁਮਿੱਤਰਾ ਬਾਈ ਰਿਕਵਰਿੰਗ ਕੈਂਡੀਡੇਟ ਸੀ, ਇਸ ਕਰਕੇ ਉਸ ਨੂੰ ਉਮੀਦਵਾਰ ਬਣਾ ਦਿੱਤਾ ਗਿਆ ਪਰ ਇਸੇ ਦੌਰਾਨ ਉਸ ਦਾ ਛੋਟਾ ਬੇਟਾ ਬੋਹੜ ਸਿੰਘ ਆਪਣੀ ਮਾਂ ਦੇ ਖਿਲਾਫ਼ ਖੜ੍ਹਾ ਗਿਆ। ਸੁਮਿੱਤਰਾ ਬਾਈ ਨੇ ਆਖਿਆ ਕਿ ਜੇਕਰ ਅੱਜ ਇਸ ਖ਼ੁਸ਼ੀ ਵਿਚ ਉਨ੍ਹਾਂ ਦਾ ਬੇਟਾ ਵੀ ਸ਼ਾਮਲ ਹੁੰਦਾ ਤਾਂ ਬਹੁਤ ਚੰਗਾ ਹੁੰਦਾ। ਦੱਸ ਦਈਏ ਕਿ ਪਿੰਡ ਕੋਠੇ ਕਿੱਲੀ ਵਿਚ 254 ਲੋਕਾਂ ਨੇ ਆਪਣੇ ਵੋਟ ਅਧਿਕਾਰ ਦੀ ਵਰਤੋਂ ਕੀਤੀ, ਜਿਨ੍ਹਾਂ ਵਿਚੋਂ ਸੁਮਿੱਤਰਾ ਬਾਈ ਨੂੰ 129 ਵੋਟਾਂ ਮਿਲੀਆਂ ਜਦਕਿ ਉਸ ਦੇ ਬੇਟੇ ਬੋਹੜ ਸਿੰਘ ਨੂੰ 105 ਵੋਟਾਂ ਹੀ ਪੈ ਸਕੀਆਂ।








# ਲੰਗਰ

ਲੰਗਰ ਦੀ ਸ਼ੁਰੂਆਤ ਸਿੱਖ ਧਰਮ ਦੇ ਬਾਨੀ ਅਤੇ ਪਹਿਲੇ ਸਿੱਖ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ ਤਾਂ ਕੇ ਲੋੜਵੰਦ ਸ਼ਰਧਾਲੂਆਂ ਨੂੰ ਬਿਨਾਂ ਕਿਸੇ ਭੇਦਭਾਵ ਦੇ ਪ੍ਰਸ਼ਾਦਾ ਛਕਾਇਆ ਜਾਵੇ। ਇਸ ਦਾ ਮੁੱਖ ਮੰਤਵ ਧਰਮ ਦੇ ਸਿਧਾਂਤ ਨੂੰ ਕਾਇਮ ਰੱਖਦੇ ਹੋਏ ਅਤੇ ਲੋਕਾਂ ਵਿੱਚ ਏਕਤਾ ਨੂੰ ਉਤਸ਼ਾਹਿਤ ਕਰਨਾ ਸੀ ਤੇ ਇਹ ਸੁਨਿਸ਼ਚਿਤ ਕਰਨਾ ਸੀ ਕੇ ਕੋਈ ਗਰੀਬ ਭੁੱਖਾ ਨਾ ਰਹੇ ਤੇ ਕੁਪੋਸ਼ਣ ਦਾ ਸ਼ਿਕਾਰ ਨਾ ਬਣੇ। ਲੰਗਰ ਦਾ ਇਹ ਵਿਲੱਖਣ ਸੰਕਲਪ ਉੱਤਰੀ ਭਾਰਤੀ ਰਾਜ ਪੰਜਾਬ ਵਿੱਚ ਲਗਭਗ 1500 ਈ. ਸਿੱਖ ਧਰਮ ਵਿੱਚ ਪੇਸ਼ ਕੀਤਾ ਗਿਆ ਸੀ, ਜੋ ਕਿ ਧਰਮ, ਜਾਤ, ਰੰਗ, ਨਸਲ, ਉਮਰ, ਲਿੰਗ ਜਾਂ ਸਮਾਜਿਕ ਰੁਤਬੇ ਦੀ ਪਰਵਾਹ ਕੀਤੇ ਬਿਨਾਂ ਸਾਰੇ ਲੋਕਾਂ ਵਿੱਚ ਬਰਾਬਰਤਾ ਬਰਕਰਾਰ ਰੱਖਣ ਲਈ ਤਿਆਰ ਕੀਤਾ ਗਿਆ ਸੀ। ਬਾਬੇ ਨਾਨਕ ਦੁਆਰਾ ਸ਼ੁਰੂ ਕੀਤਾ ਗਿਆ ਲੰਗਰ ਅੱਜ ਵੀ ਬਿਨਾਂ ਕਿਸੇ ਰੋਕ ਟੋਕ ਦੇ ਨਿਰੰਤਰ ਚੱਲ ਰਿਹਾ ਹੈ ਤੇ ਸਿੱਖ ਧਰਮ ਦੀ ਸ਼ਾਨ ਤੇ ਵਿਲੱਖਣਤਾ ਪੇਸ਼ ਕਰਦਾ ਹੈ।

ਗੁਰੂ ਨਾਨਕ ਦੇਵ ਜੀ ਦੁਆਰਾ ਸ਼ੁਰੂ ਕੀਤੀ ਗਈ 'ਲੰਗਰ' ਦੀ ਪਰੰਪਰਾ ਨੂੰ ਅੱਗੇ ਜਾ ਕੇ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਗੋਇੰਦਵਾਲ ਵਿਖੇ ਇਸ ਸਾਂਝੇਦਾਰੀ ਅਤੇ ਬਰਾਬਰਤਾ ਦੇ ਸੰਕਲਪ ਨੂੰ ਸੰਸਥਾਗਤ ਰੂਪ ਦਿੱਤਾ ਗਿਆ। ਇਕ ਵਾਰ ਗੁਰੂ ਅਮਰ ਦਾਸ ਜੀ ਨੂੰ ਮਿਲਣ ਆਇਆ ਮੁਗਲ ਬਾਦਸ਼ਾਹ ਅਕਬਰ ਵੀ ਲੰਗਰ ਦੀ ਰਵਾਇਤ ਤੋਂ ਬੜਾ ਪ੍ਰਭਾਵਿਤ ਹੋਇਆ ਤੇ ਬਾਕੀ ਸੰਗਤ ਨਾਲ ਪੰਗਤ ਵਿਚ ਭੁੰਝੇ ਬੈਠ ਕੇ ਲੰਗਰ ਛਕਿਆ। ਇਹ ਇੱਕ ਅਜਿਹੀ ਪ੍ਰਕਿਰਿਆ ਹੈ ਜਿੱਥੇ ਸਿੱਖ ਆਪਣੀ ਸ਼ਰਧਾ ਨਾਲ ਲੋੜਵੰਦ ਲੋਕਾਂ ਲਈ ਭੋਜਨ ਮੁਹੱਈਆ ਕਰਨ ਲਈ ਆਪਣੀ ਇਮਾਨਦਾਰ ਕਮਾਈ ਨੂੰ ਸਾਂਝਾ ਕਰਦੇ ਹਨ। ਆਪਣੀ ਨੇਕ ਕਮਾਈ ਵਿਚੋਂ ਦਸਵੰਦ ਕੱਢਣ ਦੀ ਪਰੰਪਰਾ ਦੀ ਸ਼ੁਰੂਆਤ ਹੋਈ ਲ ਇਹ ਇੱਕ ਕ੍ਰਾਂਤੀਕਾਰੀ ਸੰਕਲਪ ਹੈ। 16ਵੀਂ ਸਦੀ ਦੇ ਭਾਰਤ ਦਾ ਜਾਤੀ-ਕ੍ਰਮਬੱਧ ਸਮਾਜ ਜਿੱਥੇ ਸਿੱਖ ਧਰਮ ਦੀ ਸ਼ੁਰੂਆਤ ਹੋਈ, ਸਮਾਨਤਾ ਦੇ ਆਦਰਸ਼ਾਂ ਤੋਂ ਇਲਾਵਾ, ਲੰਗਰ ਦੀ ਪਰੰਪਰਾ ਸਮੁੱਚੀ ਮਨੁੱਖਤਾ ਦੀ ਸਾਂਝੀਵਾਲਤਾ, ਭਾਈਚਾਰੇ, ਸਮਾਵੇਸ਼ ਅਤੇ ਏਕਤਾ ਦੀ ਨੈਤਿਕਤਾ ਨੂੰ ਦਰਸਾਉਂਦੀ ਹੈ। ਇਹ ਕਈ ਸਦੀਆਂ ਤੋਂ ਨਿਰੰਤਰ ਵਰਤਦਾ ਵਰਤਾਰਾ ਸਿੱਖ ਧਰਮ ਨੂੰ ਦੂਜੇ ਧਰਮਾਂ ਨਾਲ ਅਲਹਿਦਾ ਕਰਦਾ ਹੈ ਲ ਲੰਗਰ ਗੁਰਦੁਆਰਿਆਂ ਦਾ ਇੱਕ ਮਹੱਤਵਪੂਰਨ ਅਤੇ ਅਨਿੱਖੜਵਾਂ ਅੰਗ ਹੈ। ਸਿੱਖ ਜਿੱਥੇ ਵੀ ਹਨ, ਉਨ੍ਹਾਂ ਨੇ ਸਾਰਿਆਂ ਲਈ ਲੰਗਰ ਸਥਾਪਿਤ ਕੀਤੇ ਹਨ। ਆਪਣੀ ਅਰਦਾਸ ਵਿਚ ਸਿੱਖ ਵਾਹਿਗੁਰੂ ਤੋਂ ਬੱਸ ਇਹ ਮੰਗਦੇ ਹਨ ਕੇ "ਲੋਹ ਲੰਗਰ ਤਪਦੇ ਰਹਿਣ"। ਸ਼੍ਰੀ ਹਰਿਮੰਦਰ ਸਾਹਿਬ ਦਾ ਲੰਗਰ ਸਿੱਖ ਧਰਮ ਵੱਲੋਂ ਜਾਤ-ਪਾਤ ਦੀ ਧਾਰਨਾ ਨੂੰ ਰੱਦ ਕਰਨ ਦੀ ਜਿਉਂਦੀ ਜਾਗਦੀ ਮਿਸਾਲ ਹੈ। ਇਥੇ ਆਮ ਤੌਰ 'ਤੇ ਪ੍ਰਤੀ ਦਿਨ ਲਗਭਗ 50,000 ਲੋਕ ਤੇ ਧਾਰਮਿਕ ਦਿਹਾੜਿਆਂ ਅਤੇ ਹਫ਼ਤੇ ਦੇ ਅੰਤ ਵਿੱਚ, ਲੰਗਰ ਵਿਚੋਂ ਇੱਕ ਦਿਨ ਵਿੱਚ 100,000 ਤੋਂ ਵੱਧ ਲੋਕ ਭੋਜਨ ਛਕਦੇ ਹਨ। ਇਹ ਸ਼ਾਨਦਾਰ ਵਰਤਾਰਾ ਸੰਗਤ ਵੱਲੋਂ ਕੀਤੇ ਜਾਂਦੇ ਦਾਨ ਤੇ ਅਤੇ ਵਲੰਟੀਅਰਾਂ ਦੁਆਰਾ ਸੰਭਵ ਹੁੰਦਾ ਹੈ। ਲੰਗਰ ਕਦੇ ਨਹੀਂ ਰੁਕਦਾ ਅਤੇ ਰੋਜ਼ਾਨਾ ਔਸਤਨ 7,000 ਕਿਲੋ ਕਣਕ ਦਾ ਆਟਾ, 1,300 ਕਿਲੋ ਚੌਲ, 2000 ਕਿਲੋ ਦਾਲ, 500 ਕਿਲੋ ਘਿਓ ਦੀ ਵਰਤੋਂ ਹਰ ਰੋਜ਼ ਭੋਜਨ ਤਿਆਰ ਕਰਨ ਵਿੱਚ ਕੀਤੀ ਜਾਂਦੀ ਹੈ। ਰਸੋਈ ਨੂੰ 450 ਸਟਾਫ ਦੁਆਰਾ ਚਲਾਇਆ ਜਾਂਦਾ ਹੈ, ਸੈਂਕੜੇ ਹੋਰ ਵਲੰਟੀਅਰਾਂ ਦੁਆਰਾ ਮਦਦ ਕੀਤੀ ਜਾਂਦੀ ਹੈ। ਰਸੋਈ ਵਿੱਚ ਆਟੋਮੈਟਿਕ ਰੋਟੀ ਮਸ਼ੀਨ ਦੀ ਵਰਤੋਂ ਹੁੰਦੀ ਹੈ ਜੋ 25,000 ਰੋਟੀਆਂ/ਘੰਟੇ ਤਿਆਰ ਕਰ ਸਕਦੀ ਹੈ। ਲੰਗਰ ਚੌਵ੍ਹੀ ਘੰਟੇ ਸੱਤੇ ਦਿਨ ਨਿਰੰਤਰ ਚਲਦਾ ਹੈ। ਸਾਡੇ ਗੁਰੂਆਂ ਦੁਆਰਾਂ ਸ਼ੁਰੂ ਕੀਤੀ ਗਈ ਲੰਗਰ ਦੀ ਪ੍ਰਥਾ ਅੱਜ ਕਿੱਧਰ ਨੂੰ ਚੱਲ ਪਈ ਹੈ ਲ ਅੱਜ ਸਾਦੇ ਤੇ ਸਿਹਤ ਲਈ ਫਾਇਦੇਮੰਦ ਲੰਗਰ ਵਲੋਂ ਮੂੰਹ ਮੋੜ ਕੇ ਅਸੀਂ ਜੰਕ ਭੋਜਨ (ਪੀਜ਼ੇ ਤੇ ਹੋਰ ਤਰਲ ਪਦਾਰਥ) ਵੱਲ ਹੋ ਤੁਰੇ ਹਾਂ ਜੋ ਕੇ ਲੰਗਰ ਦੀ ਮਰਿਯਾਦਾ ਦੇ ਬਿਲਕੁਲ ਉਲਟ ਤੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲਾ ਹੈ। ਮੇਲਿਆਂ ਤੇ ਹੋਰ ਧਾਰਮਿਕ ਸਮਾਗਮਾਂ ਵਿਚ ਲੱਗਦੇ ਸਟਾਲਾਂ ਤੇ ਤੁਹਾਨੂੰ ਕਈ ਕਿਸਮ ਦੇ ਪ੍ਰੋਸੈਸਡ ਭੋਜਨ ਜੋ ਕੇ ਸਾਡੀ ਸਿਹਤ ਲਈ ਹਾਨੀਕਾਰਕ ਹਨ ਵਰਤਾਏ ਜਾਂਦੇ ਹਨ। ਸਟਾਲ ਲਾਉਣ ਵਾਲੇ ਕਾਰੋਬਾਰੀ ਨੇ ਸਿਰਫ ਆਪਣੇ ਕਾਰੋਬਾਰ ਦੀ ਮਸ਼ਹੂਰੀ ਕਰਨੀ ਹੈ। ਪੰਜਾਬ ਤੇ ਦੇਸ਼ਾਂ ਵਿਦੇਸ਼ਾਂ ਵਿਚ ਇਹ ਆਮ ਵਰਤਾਰਾ ਬਣ ਗਿਆ ਹੈ ਤਰਾਂ ਤਰਾਂ ਦੇ ਭੋਜਨ ਤੇ ਤਰਲ ਪਦਾਰਥ ਸੰਗਤ ਨੂੰ ਵਰਤਾਏ ਜਾਂਦੇ ਹਨ। ਭੋਜਨ ਦੇ ਬੇਕਦਰੀ ਤੇ ਬਰਬਾਦੀ ਅਲੱਗ ਹੁੰਦੀ ਹੈ। ਇਨ੍ਹਾਂ ਸਮਾਗਮਾਂ ਵਿਚ ਸਟਾਲ ਜਾਂ ਤਾਂ ਗੁਰੂਦੁਆਰੇ ਦੀ ਪ੍ਰਬੰਧਕ ਕਮੇਟੀਆਂ ਖੁਦ ਲਾਉਣ ਜਾਂ ਦੇਖ ਰੇਖ ਕਰਨ। ਜੇ ਕੋਈ ਕਾਰੋਬਾਰੀ ਲੰਗਰ ਵਿਚ ਆਪਣੀ ਨੇਕ ਕਮਾਈ ਵਿਚੋਂ ਹਿੱਸਾ ਪਾਉਣਾ ਚਾਹੇ ਤਾਂ ਕਮੇਟੀਆਂ ਨੂੰ ਦਸਵੰਦ ਜਾਂ ਆਪਣੀ ਲੋੜ ਮੁਤਾਬਕ ਲੰਗਰ ਵਿਚ ਦਾਨ ਕਰ ਸਕਦਾ ਹੈ, ਲੰਗਰ ਵਿਚ ਸੇਵਾ ਕਰ ਸਕਦਾ ਹੈ । ਲੋਕਾਂ ਦੀ ਸੇਵਾ ਕਰਨ ਦੇ ਹੋਰ ਵੀ ਕਈ ਜਾਇਜ਼ ਰਸਤੇ ਹਨ।

ਲੰਗਰ ਨੂੰ ਨਿੱਜੀ ਮੁਫਾਦਾਂ ਲਈ ਵਰਤਣਾ ਗ਼ਲਤ ਹੈ। ਗੁਰਦਵਾਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਇੰਨਾ ਸਟਾਲਾਂ ਨੂੰ ਮਨਜ਼ੂਰੀ ਸੋਚ ਸਮਝ ਕੇ ਦੇਣੀ ਚਾਹੀਦੀ ਹੈ, ਸਿਰਫ਼ ਫੀਸ ਲੈ ਕੇ ਹਰ ਇਕ ਨੂੰ ਮਨਜ਼ੂਰੀ ਨਹੀਂ ਦੇ ਦੇਣੀ ਚਾਹੀਦੀ। ਗੁਰੂ ਦੇ ਲੰਗਰ ਦੀ ਸੇਵਾ ਮਰਿਯਾਦਾ ਵਿੱਚ ਰਹਿ ਕੇ ਕਰਨੀ ਚਾਹੀਦੀ ਹੈ ਨਾ ਕੇ ਸਿਰਫ ਆਰਥਿਕ ਪੱਖ ਵੇਖ ਕੇ ਲ ਕੋਈ ਢਿੱਡੋਂ ਭੁੱਖਾ ਬੰਦਾ ਬੜੀ ਸ਼ਰਧਾ ਤੇ ਉਮੀਦ ਨਾਲ ਗੁਰੂ ਘਰ ਆ ਕੇ ਲੰਗਰ ਛੱਕ ਕੇ ਆਪਣੀ ਭੁੱਖ ਤ੍ਰਿਪਤ ਕਰਦਾ ਹੈ ਲ ਜੇ ਪ੍ਰੋਸੈਸਡ ਭੋਜਨ ਖਾ ਕੇ ਕਿਸੇ ਦੀ ਸਿਹਤ ਦਾ ਨੁਕਸਾਨ ਹੋਵੇ ਫਿਰ ਇਹੋ ਜਿਹੇ ਲੰਗਰ ਦਾ ਕੀ ਫਾਇਦਾ? ਵਿਦੇਸ਼ਾਂ ਦੇ ਕਈ ਗੁਰੂਘਰਾਂ ਵਿੱਚ ਲੰਗਰ ਦੀ ਸਹੀ ਮਰਿਯਾਦਾ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ ਤੇ ਲੰਗਰ ਰੈਸਟੂਰੈਂਟ ਵਾਂਗ ਪੇਸ਼ ਕੀਤਾ ਜਾਂਦਾ ਹੈ? ਸ਼੍ਰੋਮਣੀ ਗੁਰੂਦਵਾਰਾ ਪ੍ਰਬੰਧਕ ਕਮੇਟੀ ਨੂੰ ਵੀ ਇਸ ਪਾਸੇ ਖਾਸ ਤਵੱਜੋਂ ਦੇਣ ਦੀ ਲੋੜ ਹੈ ਤਾਂ ਜੋ ਲੋਕਾਂ ਨੂੰ ਸਹੀ ਸੇਧ ਦਿਤੀ ਜਾਵੇ ਤੇ ਗੁਰੂ ਦੇ ਲੰਗਰ ਦੀ ਅਸਲ ਮਰਿਯਾਦਾ ਬਹਾਲ ਕੀਤੀ ਜਾ ਸਕੇ ਲੋਕਲ ਗੁਰੂਦਵਾਰਾ ਕਮੇਟੀਆਂ ਨੂੰ ਵੀ ਕਦਮ ਚੁੱਕਣੇ ਚਾਹੀਦੇ ਹਨ ਤੇ ਸ਼ਖਤੀ ਨਾਲ ਲਾਗੂ ਕਰਨੇ ਚਾਹੀਦੇ ਹਨ।



Dr. Gurpreet Singh Dhillon, Calgary,

## ਸਮਾਜਿਕ ਰਿਸ਼ਤਿਆਂ ਦੀ ਸਾਰਥਿਕਤਾ

# ਸਮਾਰਟ ਫੋਨ ਦੇ ਸੰਦਰਭ ਵਿਚ



ਮਨੁੱਖਾ ਸਮਾਜ ਰਿਸ਼ਤਿਆਂ ਦਾ ਸੰਗਲੀਬੱਧ ਪ੍ਰਬੰਧ (chain link related system) ਹੁੰਦਾ ਹੈ। ਔਰਤ ਤੇ ਮਰਦ ਇਹਨਾਂ ਰਿਸ਼ਤਿਆਂ ਦੀ ਉਤਪਤੀ ਤੇ ਵਿਕਾਸ ਦਾ ਧੁਰਾ ਹੁੰਦੇ ਹਨ। ਮਨੁੱਖੀ ਸਮਾਜਿਕ ਰਿਸ਼ਤਿਆਂ ਦੀ ਲੜੀ ਵਿਚ ਵਾਧਾ ਘਾਟਾ ਮਨੁੱਖੀ ਰਿਸ਼ਤਿਆਂ ਦੇ ਆਪਸੀ ਸਬੰਧਾਂ ਅਤੇ ਵਿਵਹਾਰ ਉੱਤੇ ਨਿਰਭਰ ਕਰਦਾ ਹੈ। ਦੂਜੇ ਸ਼ਬਦਾਂ ਵਿਚ ਇੰਜ ਕਹਿ ਲਓ ਕਿ ਰਿਸ਼ਤਿਆਂ ਦਾ ਬੰਧਨ ਰੇਸ਼ਮੀ ਧਾਗੇ ਜਿਹਾ ਹੁੰਦਾ ਹੈ ਜੋ ਥੋੜ੍ਹਾ ਜਿਹਾ ਤਣਾਅ ਦੇਣ ਨਾਲ ਜਾਂ ਫਿਰ ਅਣਗੌਲਿਆ ਕਰਨ ਨਾਲ ਟੁੱਟ ਜਾਂਦਾ ਹੈ । ਇਸ ਨੂੰ ਹੋਰ ਵੀ ਸ਼ਪੱਸ਼ਟ ਕਰਨ ਵਾਸਤੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਰਿਸ਼ਤੇ ਹੱਥ ਵਿਚ ਫੜੀ ਚਿੜੀ ਵਾਂਗ ਹੁੰਦੇ ਹਨ । ਜੇਕਰ ਹੱਥ ਵਿਚ ਫੜੀ ਚਿੜੀ ਨੂੰ ਜਰਾ ਜਿੰਨਾ ਘੁੱਟ ਦਿੱਤਾ ਜਾਵੇ ਤਾਂ ਉਹ ਮਰ ਜਾਂਦੀ ਹੈ, ਤੇ ਜੇਕਰ ਪੋਲੇ ਹੱਥ ਫੜੀ ਜਾਵੇ ਤਾਂ ਉਹ ਕਦੇ ਵੀ ਫੁਰਰ ਕਰਕੇ ਉੱਡ ਜਾਵੇਗੀ। ਇਸੇ ਤਰ੍ਹਾਂ ਜਰਾ ਜਿੰਨਾ ਤਨਾਅ ਦਿੱਤਿਆਂ ਰਿਸ਼ਤਿਆਂ ਦੀ ਅਹਿਮੀਅਤ ਜੇਕਰ ਖਤਮ ਨਹੀਂ ਹੁੰਦੀ ਤਾਂ ਘੱਟ ਜ਼ਰੂਰ ਹੋ ਜਾਂਦੀ ਹੈ ਤੇ ਜੇਕਰ ਕਠੋਰਤਾ ਜਾਂ ਅਣਗਹਿਲੀ ਵਰਤੀ ਜਾਵੇ ਤਾਂ ਰਿਸ਼ਤੇ ਕਮਜੋਰ ਹੋ ਜਾਂਦੇ ਹਨ। ਰਿਸ਼ਤਿਆਂ ਦੀ ਹੋਂਦ ਦਾ ਧੁਰਾ ਅਹਿਸਾਸ ਤੇ ਵਿਸ਼ਵਾਸ਼ ਦੇ ਨਾਲ ਨਾਲ ਤੀਜਾ ਤੱਤ ਸਤਿਕਾਰ ਹੁੰਦਾ ਹੈ। ਇਹਨਾਂ ਤਿੰਨਾਂ ਵਿਚੋਂ ਕਿਸੇ ਇਕ ਦੀ ਕਮੀ ਵੀ ਰਿਸ਼ਤਿਆਂ ਦੀ ਨੀਂਹ ਨੂੰ ਖੋਖਲਾ ਕਰ ਸਕਦੀ ਹੈ ਜਿਵੇਂ ਉਦਾਹਰਣ ਵਜੋਂ ਜੇਕਰ ਕਿਸੇ ਰਿਸ਼ਤੇ ਵਿਚ ਵਿਸ਼ਵਾਸ਼ ਦੀ ਬਜਾਏ ਸ਼ੱਕ ਪੈਦਾ ਹੋ ਜਾਵੇ ਤਾਂ ਅਜਿਹਾ ਰਿਸ਼ਤਾ ਕਦੇ ਵੀ ਕੱਚੀ ਕੰਧ ਵਾਂਗ ਢਹਿ ਢੇਰੀ ਹੋ ਜਾਵੇਗਾ । ਸ਼ਾਇਦ ਇਸੇ ਕਰਕੇ ਹੀ ਇਹ ਵੀ ਕਹਿ ਲਿਆ ਜਾਂਦਾ ਹੈ ਕਿ ਰਿਸ਼ਤੇ ਕੱਚੀ ਕੰਧ ਵਰਗੇ ਹੁੰਦੇ ਹਨ, ਜੇਕਰ ਕੱਚੀ ਕੰਧ ਦੀ ਦੇਖ ਭਾਲ ਸਮੇਂ ਸਮੇ ਨਾ ਕੀਤੀ ਜਾਵੇ ਤਾਂ ਉਹ ਕੰਧ ਕਦੋ ਵੀ ਢਹਿ ਢੇਰੀ ਹੋ ਜਾਵੇਗੀ, ਬਹੁਤੀ ਵਾਰ ਤਾਂ ਪਤਾ ਵੀ ਨਹੀਂ ਲੱਗਦਾ, ਇਸੇ ਤਰਾਂ ਅਣਗੌਲੇ ਰਿਸ਼ਤਦਿਆਂ ਦੀ ਤਰਾਸਦੀ ਹੁੰਦੀ ਵੀ ਆਮ ਹੀ ਦੇਖੀ ਜਾ ਸਕਦੀ ਹੈ।

ਉਪਰੋਕਤ ਤਿੰਨ ਤੱਤਾਂ ਤੋਂ ਇਲਾਵਾ ਰਿਸ਼ਤਿਆਂ ਦੀ ਸਲਾਮਤੀ ਵਾਸਤੇ ਇਕ ਤੱਤ ਹੋਰ ਵੀ ਹੈ ਤੇ ਉਹ ਹੈ ਆਪਸੀ ਤਾਲਮੇਲ (Mutual Communication/understanding) । ਪੰਜਾਬੀ ਵਿਚ ਆਮ ਕਿਹਾ ਜਾਂਦਾ ਕਿ "ਰਿਸ਼ਤੇ ਮਿਲਦਿਆਂ ਗਿਲਦਿਆਂ ਦੇ ਹੁੰਦੇ ਹਨ।" ਜੇਕਰ ਰਿਸ਼ਤਿਆਂ ਵਿਚ ਮੇਲ ਮਿਲਾਪ ਜਾਂ ਸੰਪਰਕ ਨਹੀਂ ਤਾਂ ਸਮਝ ਲਓ ਕਿ ਅਜਿਹਾ ਰਿਸ਼ਤਾ ਬਹੁਤ ਸਾਰੀਆਂ ਭਰਾਂਤੀਆਂ ਦਾ ਸ਼ਿਕਾਰ ਹੋ ਕੇ ਜਲਦੀ ਹੀ ਮਰ ਜਾਵੇਗਾ। ਸਾਡੇ ਸਮਾਜ ਵਿਚ ਇਹ ਆਮ ਚਲਦਾ ਹੈ ਕਿ ਕਿਸੇ ਦਾ ਕੁੱਝ ਦੇਰ ਫੋਨ ਨਾ ਆਵੇ ਤਾਂ ਅਕਸਰ ਹੀ ਬਹੁਤੀ ਵਾਰ ਇਹ ਨਹੀਂ ਸੋਚਿਆ ਜਾਂਦਾ ਕਿ ਹੋ ਸਕਦਾ ਹੈ ਕਿ ਸੰਬੰਧਿਤ ਵਿਅਕਤੀ ਕਿਸੇ ਮੁਸੀਬਤ ਦਾ ਸ਼ਿਕਾਰ ਹੋਵੇ ਤੇ ਅਸੀਂ ਹੀ ਫੋਨ ਕਰਕੇ ਰਾਜੀ ਬਾਜੀ ਪਤਾ ਕਰ ਲਈਏ ਬਲਕਿ ਇਹ ਸੋਚਿਆ ਜਾਂਦਾ ਹੈ ਕਿ ਜੇਕਰ ਉਸ ਨੇ ਫੋਨ ਨਹੀਂ ਕੀਤਾ ਤਾਂ ਅਸੀਂ ਵੀ ਕਿਓਂ ਕਰੀਏ ?

ਅੱਜ ਵਿਗਿਆਨਕ ਯੁੱਗ ਵਿਚ ਰਿਸ਼ਤਿਆਂ ਦੀ ਪਹਿਚਾਣ ਤਹਿ ਕਰਨੀ ਬਹੁਤ ਸੌਖੀ ਹੋ ਗਈ ਹੈ। ਸਮਾਰਟ ਫੋਨ ਨੇ ਰਿਸ਼ਤਿਆਂ ਵਿਚ ਨੇੜਤਾ ਤੇ ਦੂਰੀ ਦਾ ਪੈਮਾਨਾ ਤਹਿ ਕਰ ਦਿੱਤਾ ਹੈ ਮਿਸਾਲ ਵਜੋਂ ਜੇਕਰ ਤੁਹਾਡਾ ਫੋਨ ਅੱਗਿਓਂ ਉਸੇ ਵੇਲੇ ਅਨਸਰ ਹੋ ਜਾਂਦਾ ਹੈ ਤਾਂ ਸਮਝ ਲਓ ਕਿ ਰਿਸ਼ਤਾ ਨਿਭ ਰਿਹਾ ਹੈ, ਜੇਕਰ ਦੋ ਤਿੰਨ ਵਾਰੀ ਫੋਨ ਕਰਨ ਤੋਂ ਬਾਅਦ ਅਗਲੇ ਰਿਸ਼ਤੇ ਨਾਲ ਗੱਲ ਹੁੰਦੀ ਹੈ ਤਾਂ ਮੰਨ ਕੇ ਚੱਲੋ ਕਿ ਰਿਸ਼ਤਾ ਬੱਸ ਠੀਕ ਠੀਕ ਹੀ ਹੈ, ਜਿੰਨਾ ਕੁ ਮਤਲਬ ਹੈ, ਓਸ ਹਿਸਾਬ ਨਾਲ ਅਹਿਮੀਅਤ ਦਿੱਤੀ ਜਾ ਰਹੀ ਹੈ ਪਰੰਤੂ ਜੇਕਰ ਕਈ ਵਾਰ ਫੋਨ ਕਰਨ ਤੋਂ ਬਾਅਦ ਵੀ ਫੋਨ ਅਨਸਰ ਕਰਨ ਦੀ ਬਜਾਏ , ਵਾਟਸ ਐਪ ਉਤੇ ਕੁੱਝ ਦਿਨਾਂ ਬਾਅਦ ਇਹ ਸੁਨੇਹਾ ਆ ਜਾਂਦਾ ਹੈ ਕਿ "ਮੁਆਫ ਕਰਨਾ ਜਰਾ ਬੀਜੀ ਹੋਣ ਕਰਕੇ ਤੁਹਾਡਾ ਫੋਨ ਨਹੀਂ ਸੁਣ ਸਕਿਆ ।" ਤਾਂ ਅਸਿੱਧੇ ਸ਼ਬਦਾਂ ਵਿਚ ਫੋਨ ਸੁਣਨ ਵਾਲਾ ਤੁਹਾਨੂੰ ਇਹ ਸੁਨੇਹਾ ਜਰੂਰ ਦੇ ਗਿਆ ਹੈ ਕਿ ਤੁਹਾਡੇ ਫੋਨ ਨੂੰ ਸੁਣਨ ਨਾਲੋਂ, ਉਸ ਕੋਲ ਹੋਰ ਬਹੁਤ ਸਾਰੇ ਜਰੂਰੀ ਕੰਮ ਹਨ । ਕਹਿਣ ਦਾ ਭਾਵ ਉਕਤ ਤਰਾਂ ਦੇ ਤਾਲਮੇਲ ਵਿਚੋਂ ਰਿਸ਼ਤੇ ਦੀ ਪਕਿਆਈ ਜੀਂ ਕਚਿਆਈ ਸਹਿਜੇ ਹੀ ਪਹਿਚਾਣੀ ਜਾ ਸਕਦੀ ਹੈ । ਇਸੇ ਤਰਾਂ ਹੀ ਵਾਟਸ ਐਪ, ਟੈਲੀਗਰਾਮ, ਐਸ ਐਮ ਐਸ ਤੇ ਹੋਰ ਸਭ ਤਰਾਂ ਦੇ ਸ਼ੋਸ਼ਲ ਮੀਡੀਏ ਰਾਹੀਂ ਅਦਾਨ ਪ੍ਰਦਾਨ ਹੋ ਰਹੇ ਸੁਨੇਹਿਆਂ ਤੋਂ ਆਪਸੀ ਰਿਸ਼ਤਿਆਂ ਦੀ ਕਚਿਆਈ ਪਕਿਆਈ ਦੀ ਪਹਿਚਾਣ ਸਹਿਜੇ ਹੀ ਕੀਤੀ ਜਾ ਸਕਦੀ ਹੈ ।

ਇਕ ਗੱਲ ਇਥੇ ਜਿਕਰ ਕਰਨੀ ਜਰੂਰੀ ਬਣ ਜਾਂਦੀ ਹੈ ਕਿ ਅਜੋਕੇ ਰਿਸ਼ਤੇ ਨਾ ਹੀ ਖੂਨੀ ਸਾਂਝ ਦੇ ਹਨ, ਨਾ ਹੀ ਅਹਿਸਾਸ, ਵਿਸ਼ਵਾਸ਼ ਤੇ ਇੱਜਤ ਸਤਿਕਾਰ ਦੇ ਹਨ ਬਲਕਿ ਅੱਜਕਲ੍ਹ ਰਿਸ਼ਤਿਆਂ ਦੇ ਸਬੰਧ ਮਤਲਬ ਪ੍ਰਸਤੀ 'ਤੇ ਅਧਾਰਤ ਹਨ, ਜਿਨਾਂ ਚਿਰ ਮਤਲਬ ਹੈ, ਸਤਿਕਾਰ ਵੀ ਹੁੰਦਾ ਰਹੇਗਾ, ਤਾਲਮੇਲ ਵੀ ਵਾਹਵਾ ਬਣਿਆ ਰਹੇਗਾ, ਜਿਓਂ ਹੀ ਮਤਲਬ ਨਿੱਕਲ ਜਾਵੇਗਾ, ਰਿਸ਼ਤਾ ਸਮਾਪਤ ਹੋ ਜਾਵੇਗਾ, ਫੋਨ ਦੀ ਘੰਟੀ ਵੱਜਣੀ ਬੰਦ ਹੋ ਜਾਵੇਗੀ ਤੇ ਸੁਣਨੀ ਵੀ ਬੰਦ ਹੋ ਜਾਵੇਗੀ। ਇਸ ਤਰ੍ਹਾਂ ਕਰਕੇ ਸਮਾਰਟ ਫੋਨ ਅਤੇ ਸ਼ੋਸ਼ਲ ਮੀਡੀਆ ਸਮਾਜੀ ਮਨੁੱਖ ਨੂੰ ਸਮਾਜਿਕ ਰਿਸ਼ਤਿਆਂ ਦੇ ਪੱਕ ਕੱਚ ਬਾਰੇ ਬਹੁਤ ਕੁੱਝ ਸਮਝਾ ਦੇਂਦਾ ਹੈ ।

ਅਸੀਂ ਦੇਖਦੇ ਹਾਂ ਕਿ ਘਰਾਂ ਵਿਚ ਇਕ ਦੂਜੇ ਨਾਲ ਬੋਲ ਚਾਲ ਨਾਲੋਂ ਵਧੇਰੇ ਹੁਣ ਸਮਾਰਟ ਫੋਨ ਨੂੰ ਵਧੇਰੇ ਅਹਿਮੀਅਤ ਦਿੱਤੀ ਜਾ ਰਹੀ ਹੈ । ਹਾਲਾਤ ਇਹ ਹਨ ਕਿ ਜਿਸ ਦੇ ਸ਼ੋਸ਼ਲ ਮੀਡੀਆਂ ਉਤੇ ਹਜ਼ਾਰਾਂ ਮਿੱਤਰ ਹਨ, ਉਸ ਦੀ ਗਲੀ ਗੁਆਂਢ ਵਿਚ ਰੱਤੀ ਮਾਤਰ ਵੀ ਜਾਣ ਪਹਿਚਾਣ ਨਹੀਂ, ਇਥੋਂ ਤੱਕ ਕਿ ਕਈਆਂ ਦੀ ਤਾਂ ਆਪਣੇ ਪਰਿਵਾਰਕ ਮੈਂਬਰਾਂ ਨਾਲ ਬੋਲ ਚਾਲ ਵੀ ਬੰਦ ਹੈ ।

ਸਮਾਰਟ ਫੋਨ ਮਨੁੱਖ ਦੀ ਸੋਚ ਵਿਚ ਨਿੱਤ ਦਿਨ ਆ ਰਹੀਆਂ ਨਵੀਆਂ ਸਮਾਜਿਕ, ਮਾਨਸਿਕ ਅਤੇ ਬੌਧਿਕ ਵਿਵਹਾਰਕ ਤਬਦੀਲੀਆਂ ਦੀ ਜਾਣਕਾਰੀ ਪ੍ਰਦਾਨ ਕਰ ਜਾਂਦਾ ਹੈ। ਜੋ ਮਨੁੱਖ ਇਹਨਾਂ ਵਾਪਰ ਰਹੀਆਂ ਤਬਦੀਲੀਆਂ ਨੂੰ ਪਹਿਚਾਣ ਕੇ ਉਹਨਾਂ ਮੁਤਾਬਿਕ ਆਪਣੀ ਜੀਵਨ ਦਿਸ਼ਾ ਨਿਰਧਾਰਤ ਕਰ ਲੈਂਦਾ ਹੈ, ਉਹ ਆਪਣੀ ਭਵਿੱਖੀ ਜਿੰਦਗੀ ਨੂੰ ਸੁਖਾਲਾ ਬਣਾਉਣ ਵਿਚ ਸਫਲ ਹੋ ਜਾਂਦਾ ਹੈ ।

ਮੁੱਕਦੀ ਗੱਲ ਇਹ ਹੈ ਕਿ ਸਮਾਰਟ ਫੋਨ ਨੇ ਮਨੁੱਖੀ ਜ਼ਿੰਦਗੀ ਨੂੰ ਹਰ ਪੱਖੋਂ ਪ੍ਰਭਾਵਤ ਕੀਤਾ ਹੈ, ਅਜੋਕਾ ਮਨੁੱਖ ਇਸ ਦੀ ਪੂਰੀ ਤਰਾਂ ਜਕੜ ਵਿਚ ਆ ਚੁੱਕਾ ਹੈ, ਇਸ ਵੇਲੇ ਸਮਾਰਟ ਫੋਨ ਮਨੁੱਖੀ ਸਰੀਰ ਵਿਚ ਫਿਟ ਕੀਤੀ ਹੋਈ ਚਿਪ ਹੈ ਜੋ ਸਾਡੇ ਸਭਨਾ ਬਾਰੇ ਹਰ ਤਰਾਂ ਦੀ ਜਾਣਕਾਰੀ ਰੱਖਦੀ ਹੈ ਕਿ ਅਸੀਂ ਕੀ ਕਰਦੇ ਹਾਂ। ਕੀ ਪੀਂਦੇ ਹਾਂ, ਕਿੱਥੇ ਜਾਂਦੇ ਹਾਂ ਤੇ ਕਿਥੋਂ ਆਉਂਦੇ ਹਾਂ, ਸਾਡਾ ਮਨ ਪਸੰਦ ਖਾਣਾ ਤੇ ਪੀਣਾ ਕੀ ਹੈ, ਇੰਟਰਨੈੱਟ ਉੱਤੇ ਸਾਡੀ ਮਨ ਪਸੰਦ ਬਰਾਊਸਿੰਗ ਕੀ ਹੈ, ਕਿਹੜੀਆਂ ਸਾਇਟਾਂ 'ਤੇ ਅਸੀਂ ਨਿੱਤ ਦਿਨ ਜਾਂਦੇ ਹਾਂ ਅਤੇ ਕੀ ਦੇਖਦੇ ਸੁਣਦੇ ਹਾਂ। ਸਾਡੀ ਹਰ ਹਰਕਤ ਉਤੇ ਸ਼ੋਸ਼ਲ ਮੀਡੀਆ ਬਾਜ ਨਜਰ ਰੱਖ ਰਿਹਾ ਹੈ ਤੇ ਫਿਰ ਉਸੇ ਹਿਸਾਬ ਨਾਲ ਹੀ ਸਾਨੂੰ ਸ਼ੋਸ਼ਲ ਮੀਡੀਏ ਰਾਹੀਂ ਪਰੋਸਿਆ ਜਾਂਦਾ ਹੈ ।

ਸਹੀ ਰੂਪ ਵਿਚ ਮਨੁੱਖ ਹਣ ਵਿਸ਼ਵ ਮੰਡੀ ਦੀ ਵਸਤੂ ਬਣ ਚੁੱਕਾ ਹੈ , ਕਾਰਪੋਰੇਟਾਂ ਦੀ ਆਮਦਨ ਦਾ ਇਕ ਬਹੁਤ ਵੱਡਾ ਜਰੀਆ ਬਣ ਚੁੱਕਾ, ਉਹਨਾਂ ਨੂੰ ਕਿਧਰੇ ਕੋਈ ਸਰਵੇ ਕਰਨ ਦੀ ਜਰੂਰਤ ਨਹੀਂ ਕਿਉਂਕਿ ਸ਼ੋਸ਼ਲ ਮੀਡੀਆ ਅਚੇਤ ਜਾਂ ਸੁਚੇਤ ਰੂਪ ਵਿਚ ਅਛੋਪਲੇ ਜਿਹੇ ਹੀ ਉਹਨਾਂ ਤੱਕ ਸਾਡੀ ਸਾਰੀ ਨਿੱਜੀ ਜਾਣਕਾਰੀ ਉਹਨਾਂ ਤੱਕ ਪਹੁੰਚਾ ਰਿਹਾ ਹੈ । ਜੇਕਰ ਇਹ ਸਿਲਸਿਲਾ ਇਸੇ ਤਰਾਂ ਚਲਦਾ ਰਿਹਾ ਤਾਂ ਆਉਣ ਵਾਲੇ ਸਾਲਾਂ ਵਿਚ, ਇਸ ਸਮਾਰਟ ਫੋਨ ਦੀ ਬਹੁ ਵਰਤੋਂ/ ਦਰਵਰਤੋਂ ਕਾਰਨ, ਸਮਾਜਿਕ ਤਾਣਾ ਬਾਣਾ ਬਿਖਰਨ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ । ਇਸ ਦੇ ਨਾਲ ਹੀ ਸਰੀਰਕ, ਮਾਨਸਿਕ ਅਤੇ ਬੌਧਿਕ ਸਿਹਤ ਦਾ ਵੀ ਦੀਵਾਲਾ ਨਿਕਲ ਜਾਵੇਗਾ। ਸੋ ਇਸ ਵੇਲੇ ਬਹੁਤ ਸਖ਼ਤ ਲੋੜ ਹੈ ਸਮਾਰਟ ਫੋਨ ਦੀ ਵਰਤੋਂ ਬਹੁਤ ਹੀ ਇਹਤਿਹਾਤ ਨਾਲ ਕੀਤੇ ਜਾਣ ਦੀ ਆਦਤ ਪਾ ਲਈ ਜਾਵੇ ਤਾਂ ਕਿ ਮਨੁੱਖੀ ਸਮਾਜ ਤਾਰ ਤਾਰ ਹੋਣ ਤੋਂ ਬਚਿਆ ਰਹੇ, ਸਾਡੀ ਸਰੀਰਕ ਤੇ ਮਾਨਸਿਕ ਸਿਹਤ ਬਚੀ ਰਹੇ ਤੇ ਅਸੀਂ ਵੀ ਬਚੇ ਰਹੀਏ ।



ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)

# ਕੁਰਬਾਨੀ

## ਸੁਰਜੀਤ ਇਕ ਕਰੋੜਪਤੀ ਬਾਪ ਦੀ ਲੜਕੀ ਹੈ। ਬੜੀ ਸੁਸ਼ੀਲ, ਚੰਚਲ ਤੇ ਖ਼ੂਬਸੂਰਤੀ ਦੀ ਪ੍ਰਤਿਮਾ।

–ਬਲਵਿੰਦਰ 'ਬਾਲਮ'

ਭੁਪਿੰਦਰ ਇਕ ਗ਼ਰੀਬ ਘਰ ਦਾ ਲੜਕਾ ਹੈ। ਉਸਦਾ ਬਾਪ ਅਪਹਾਜ ਹੈ। ਉਸਦੀ ਮਾਂ ਲੋਕਾਂ ਦੇ ਬਰਤਨ ਸਾਫ਼ ਕਰਕੇ ਘਰ ਦਾ ਗੁਜ਼ਾਰਾ ਚਲਾਉਂਦੀ ਹੈ। ਭੁਪਿੰਦਰ ਆਪਣੇ ਮਾਂ-ਬਾਪ ਦਾ ਇਕਲੋਤਾ ਪੁੱਤਰ ਹੈ। ਭਾਵੇਂ ਉਸਦੀ ਮਾਂ ਬਰਤਨ ਸਾਫ਼ ਕਰਕੇ ਹੀ ਘਰ ਦਾ ਗੁਜ਼ਾਰਾ ਚਲਾਉਂਦੀ ਹੈ, ਪਰ ਉਹ ਭੁਪਿੰਦਰ ਨੂੰ ਸ਼ਹਿਰ ਦੇ ਇਕ ਵਧੀਆ ਮਾਡਲ ਸਕੂਲ ਵਿਚ ਪੜ੍ਹਾ ਰਹੀ ਹੈ। ਭੁਪਿੰਦਰ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਹੈ। ਹਰ ਕਲਾਸ ਚੋਂ ਉਹ ਹਮੇਸ਼ਾ ਹੀ ਪਹਿਲੇ ਦਰਜੇ 'ਤੇ ਰਹਿੰਦਾ ਹੈ। ਭੁਪਿੰਦਰ ਤੇ ਸੁਰਜੀਤ ਦਸਵੀਂ ਤੱਕ ਇਕ ਹੀ ਕਲਾਸ ਵਿਚ ਪੜ੍ਹਦੇ ਆ ਰਹੇ ਹਨ। ਭੁਪਿੰਦਰ ਤੇ ਸੁਰਜੀਤ ਦਾ ਆਪਸ ਵਿਚ ਕਾਫ਼ੀ ਮੋਹ ਹੈ। ਕਿਸੇ ਨਾ ਕਿਸੇ ਬਹਾਨੇ, ਸੁਰਜੀਤ ਉਸ ਕੋਲੋਂ ਸਵਾਲ ਆਦਿ ਸਮਝਣ ਦੇ ਬਹਾਨੇ ਕਿੰਨਾ ਚਿਰ ਬੈਠੀ ਗੱਲਾਂ ਵੀ ਮਾਰਦੀ ਰਹਿੰਦੀ ਹੈ।

ਦਸਵੀਂ ਦਾ ਸਾਲਾਨ ਨਤੀਜਾ ਨਿਕਲਦਾ ਹੈ ਤਾਂ ਭੁਪਿੰਦਰ ਮੈਰਿਟ ਵਿਚ ਸਟੈਂਡ ਕਰਦਾ ਹੈ। ਪਰ ਸੁਰਜੀਤ ਸੈਕੰਡ ਕਲਾਸ ਵਿਚ ਪਾਸ ਹੁੰਦੀ ਹੈ। ਸੁਰਜੀਤ ਭੁਪਿੰਦਰ ਨੂੰ ਇਕ ਹੀ ਕਲਾਸ ਵਿਚ ਪੜ੍ਹਨ ਲਈ ਆਖਦੀ ਹੈ, ਪਰ ਭੁਪਿੰਦਰ ਆਪਣੀ ਮਜ਼ਬੂਰੀ ਦੱਸਦਾ ਹੋਇਆ ਕਹਿੰਦਾ ਹੈ, "ਸੁਰਜੀਤ ਮੈਂ ਦਸਵੀਂ ਤੋਂ ਅੱਗੇ ਨਹੀਂ ਪੜ੍ਹ ਸਕਦਾ ਕਿਉਂਕਿ ਮੇਰੇ ਬੀਜੀ ਆਖਦੇ ਹਨ ਕਿ ਹੁਣ ਮੈਂ ਕਾਲਜ ਦਾ ਖ਼ਰਚਾ ਤੈਨੂੰ ਨਹੀਂ ਦੇ ਸਕਦੀ, ਤੂੰ ਕੋਈ ਨੌਕਰੀ ਲੱਭ ਲੈ।"

ਪਰ ਸੁਰਜੀਤ ਉਸਨੂੰ ਦਿਲਾਸਾ ਦੇਂਦੀ ਹੋਈ ਬੜੇ ਮਾਯੂਸ ਬੋਲਾਂ ਵਿਚ ਆਖਦੀ ਹੈ, "ਭੁਪਿੰਦਰ ਵੇਖ ਮੈਂ ਤੈਨੂੰ ਸਾਰਾ ਖ਼ਰਚਾ ਦੇਵਾਂਗੀ। ਕਿਤਾਬਾਂ, ਕੱਪੜੇ ਤੇ ਹੋਰ ਆਰਥਿਕ ਲੋੜਾਂ ਪੂਰੀਆਂ ਕਰਾਂਗੀ, ਭੁਪਿੰਦਰ ਤੂੰ ਜ਼ਰੂਰ ਦਾਖਲ ਹੋ। ਤੂੰ ਆਪਣੇ ਬੀਜੀ ਨੂੰ ਮਨਾ ਲੈ ਕਿ ਮੈਂ ਆਪਣਾ ਖ਼ਰਚਾ ਖ਼ੁਦ ਆਪ ਕਰ ਲਵਾਂਗਾ ਤੇ ਮੈਨੂੰ ਕਾਲਜ ਦਾਖਲ ਹੋਣ ਦਿਓ।" ਪਰ ਭੁਪਿੰਦਰ ਸੁਰਜੀਤ ਦੇ ਏਨੇ ਵੱਡੇ ਉਪਕਾਰ ਤੇ ਅਹਿਸਾਨ ਹੇਠਾਂ ਸੁਰਜੀਤ ਦੇ ਮੋਹ ਸਦਕੇ ਉਹ ਆਪਣੀ ਮਾਂ ਨੂੰ ਮਨਾ ਲੈਂਦਾ ਹੈ।

ਹੁਣ ਸੁਰਜੀਤ ਤੇ ਭੁਪਿੰਦਰ ਇਕ ਕਾਲਜ ਵਿਚ ਦਾਖਲ ਹੋ ਜਾਂਦੇ ਹਨ। ਦੋਵੇਂ ਹੀ ਬੜੇ ਖੁਸ਼ ਹਨ। ਕਾਲਜ ਵਿਚ ਦਾਖਲੇ ਦਾ ਅਤੇ ਪੁਸਤਕਾਂ ਦਾ ਸਾਰਾ ਖ਼ਰਚਾ ਸੁਰਜੀਤ ਹੀ ਅਦਾ ਕਰਦੀ ਹੈ। ਏਥੋਂ ਤੱਕ ਉਹ ਭੁਪਿੰਦਰ ਨੂੰ ਵਧੀਆ ਕੱਪੜੇ, ਪੱਗੜੀ ਤੇ ਇਕ ਸੁੰਦਰ ਘੜੀ ਵੀ ਹੱਥੀਂ ਖ਼ਰੀਦ ਕੇ ਦੇਂਦੀ ਹੈ। ਭੁਪਿੰਦਰ, ਜਦੋਂ ਉਸ ਕੋਲੋਂ ਇਹ ਚੀਜ਼ਾਂ ਲੈਂਦਾ ਹੈ ਤਾਂ ਉਹ ਖੁਸ਼ ਤਾਂ ਹੁੰਦਾ ਹੈ ਪਰ ਕੁਝ ਸ਼ਰਮਿੰਦਗੀ ਜਹੀ ਮਹਿਸੂਸ ਵੀ ਕਰਦਾ ਹੈ। ਜਿਵੇਂ ਉਸਦੀ ਗੁਰਬਤ ਖ਼ਰੀਦੀ ਜਾ ਰਹੀ ਹੋਵੇ। ਪਰ ਸੁਰਜੀਤ ਦੇ ਮੋਹ ਕਰਕੇ, ਉਸਦੀ ਖੁਸ਼ੀ ਕਰਕੇ ਉਹ ਸਭ ਕੁਝ ਸਵੀਕਾਰਦਾ ਹੈ। ਉਹ ਸੁਰਜੀਤ ਦੇ ਬੁਲੰਦੀਆਂ ਭਰੇ ਮੋਹ ਦੇ ਸ਼ੀਸ਼ੇ ਦੇ ਟੁਕੜੇ-ਟੁਕੜੇ ਵੀ ਨਹੀਂ ਕਰਨਾ ਚਾਹੁੰਦਾ। ਉਸਨੂੰ ਪਤਾ ਹੈ ਕਿ ਮੇਰੀ ਨਾਂਹ ਦੇ ਪੱਥਰ ਉਸਦੇ ਜਜ਼ਬਾਤ ਨੂੰ ਕਿਰਚੀਆਂ ਵਿਚ ਬਦਲ ਸਕਦੇ ਹਨ।

ਹੁਣ ਦੋਵੇਂ ਪ੍ਰੀ-ਮੈਡੀਕਲ ਵਿਚ ਦਾਖਲਾ ਲੈ ਲੈਂਦੇ ਹਨ। ਕਾਲਜ ਵਿਚ ਉਨ੍ਹਾਂ ਦੀਆਂ ਨਿੱਕੀਆਂ-ਨਿੱਕੀਆਂ ਲੁਕਵੀਆਂ ਤੇ ਅਲੁਕਵੀਆਂ ਮੁਲਾਕਾਤਾਂ ਹੁੰਦੀਆਂ ਰਹਿੰਦੀਆਂ ਹਨ। ਇਕ ਵਾਰੀ ਸੁਰਜੀਤ ਤੇ ਭੁਪਿੰਦਰ ਦੋਵੇਂ ਕਾਲਜ ਦੇ ਇਕ ਲਾਅਨ ਵਿਚ, ਇਕਾਂਤ ਵਾਤਾਵਰਣ ਵਿਚ ਬੈਠੇ ਆਪਣੇ ਅਲਫ਼ਾਜ਼ਾਂ ਦੀ ਕਿਸ਼ਤੀ ਨੂੰ ਮੋਹ ਦੇ ਸਾਗਰ ਵਿਚ, ਜ਼ਿੰਦਗੀ ਦੇ ਚੱਪੂਆਂ ਨਾਲ, ਬੜੀ ਹੌਲੀ-ਹੌਲੀ ਮੱਧਮ ਤੌਰ ਵਿਚ ਲਿਜਾ ਰਹੇ ਸਨ। ਸੁਰਜੀਤ ਘਾਹ ਦੀ ਇਕ ਤਿੜ ਨੂੰ ਮੂੰਹ ਵਿਚ ਚਿੱਥਦੀ ਹੋਈ ਤੇ ਬਿਲਾ ਵਜ੍ਹਾ ਹੀ ਆਪਣੀ ਕਾਪੀ ਦੇ ਵਰਕੇ ਥੱਲਦੀ ਹੋਈ ਭੁਪਿੰਦਰ ਵੱਲ ਗਹੁ ਭਰੀਆਂ ਨਜ਼ਰਾਂ ਨਾਲ ਤੱਕਦੀ ਹੋਈ ਕਹਿ ਰਹੀ ਸੀ, "ਭੁਪਿੰਦਰ, ਸੱਚੀਂ ਤੂੰ ਮੈਨੂੰ ਏਨਾ ਚੰਗਾ ਕਿਉਂ ਲੱਗਦਾ ਏਂ?" ਤੇ ਫਿਰ ਆਪੇ ਹੀ ਸ਼ਰਮ ਵਿਚ ਲਾਲ ਹੋ ਜਾਂਦੀ ਤੇ ਭੁਪਿੰਦਰ ਅੱਖੀਆਂ-ਅੱਖੀਂ 'ਚ ਇਸਦੇ ਅਰਥ ਸਮਝਾ ਦੇਂਦਾ।

ਭੁਪਿੰਦਰ ਤੈਨੂੰ ਉਨਾਬੀ ਰੰਗ ਦੀ ਪੱਗ ਬਹੁਤ ਜੱਚਦੀ ਏ। ਸਾਡੇ ਕਾਲਜ ਵਿਚ ਕੀ ਸਾਡੇ ਸਾਰੇ ਸ਼ਹਿਰ ਵਿਚ ਤੇਰੇ ਵਰਗੀ ਕੋਈ ਪਗੜੀ ਨਹੀਂ ਬੰਨ੍ਹ ਸਕਦਾ। ਵੇਖ ਨਾ, ਕਿੱਦਾਂ ਤੇਰੀ ਪਗੜੀ ਦੇ ਲੜਾਂ ਵਿਚ, ਇਕੋ ਜਿੰਨੇ ਫਾਸਲੇ ਦੀ ਕਲਾਮਈ ਤਰਤੀਬ। ਹਰ ਇਕ ਲੜ ਦਾ ਫਾਸਲਾ ਦੂਸਰੇ ਲੜ ਦੇ ਫਾਸਲੇ ਜਿੰਨਾ ਬਰਾਬਰ। ਖ਼ਰਬੂਜ਼ੇ ਦੀ ਧੂੰਨੀ 'ਚੋਂ ਨਿਕਲਦੀਆਂ ਬਰਾਬਰ ਫਾਸਲੇ ਦੀਆਂ ਮੋਟੀਆਂ-ਮੋਟੀਆਂ ਧਾਰੀਆਂ ਵਾਂਗੂ। ਸੱਜੇ ਤੇ ਖੱਬੇ ਦੋਵੇਂ ਪਾਸਿਆਂ ਤੋਂ ਲੜ ਕਿੰਨੇ ਸਾਫ਼ ਨਜ਼ਰ ਆਉਂਦੇ ਹਨ। ਫਿਫਟੀ ਬਿਲਕੁਲ ਨਿੱਕੀ ਜਹੀ, ਅੰਗਰੇਜ਼ੀ ਦੇ ਲਫ਼ਜ਼ 'ਏ' ਦੀ ਸ਼ਕਲ ਵਰਗੀ। ਹਾਂ, ਭੁਪਿੰਦਰ ਤੇਰੀਆਂ ਨਿੱਕੀਆਂ-ਨਿੱਕੀਆਂ ਕੁੰਡਲਦਾਰ ਮੁੱਛਾਂ, ਨਿੱਕੀ-ਨਿੱਕੀ ਦਾੜ੍ਹੀ ਤੇਰੇ ਚਿਹਰੇ 'ਤੇ ਬੜੀ ਜੱਚਦੀ ਏ।" ਤੇ ਨਾਲ ਹੀ ਨਾਲ ਉਹ ਆਵੇਸ਼ ਵਿਚ ਭੁਪਿੰਦਰ ਦੀ ਦਾੜ੍ਹੀ 'ਤੇ ਪੋਲਾ ਜਿਹਾ ਹੱਥ ਫੇਰ ਜਾਂਦੀ।

ਭੁਪਿੰਦਰ ਉਸਦੀ ਉਂਗਲ ਹੱਥ ਵਿਚ ਫੜਦਾ ਹੋਇਆ ਆਖਦਾ, "ਸੁਰਜੀਤ, ਇਹ ਸਭ ਕੁਝ ਤੈਨੂੰ ਤਾਂ ਹੀ ਚੰਗਾ ਲੱਗਦਾ ਏ, ਮੋਹ ਤਾਂ ਹੈ ਹੀ ਏ ਪਰ ਇਹ ਕੱਪੜੇ, ਬੂਟ, ਇਹ ਪਗੜੀ ਤੇਰੇ ਹੀ ਤਾਂ ਹਨ ਤੇ ਖ਼ੁਦ ਮੈਂ ਵੀ।"

ਹੁਣ ਇਸ ਤਰ੍ਹਾਂ ਦੀਆਂ ਕਈ ਮੁਲਾਕਾਤਾਂ ਹੁੰਦੀਆਂ ਰਹਿੰਦੀਆਂ ਸਨ। ਭੁਪਿੰਦਰ ਹੁਣ ਪਹਿਲੇ ਨਾਲੋਂ ਵੀ ਜ਼ਿਆਦਾ ਹੁਸ਼ਿਆਰ ਹੁੰਦਾ ਜਾ ਰਿਹਾ ਸੀ। ਕਾਲਜ ਦਾ ਸਾਲਾਨਾ ਸਮਾਗਮ ਸੀ। ਸੁਰਜੀਤ ਇਕ ਨਾਟਕ ਵਿਚ ਭਾਗ ਲੈ ਰਹੀ ਸੀ। ਇਕ ਸਰਦਾਰ ਲੜਕੇ ਦੇ ਪਾਤਰ ਵਜੋਂ। ਨਾਟਕ ਦੀ ਤਿਆਰੀ ਸਮੇਂ ਸੁਰਜੀਤ, ਭੁਪਿੰਦਰ ਕੋਲੋਂ ਹੀ ਪਗੜੀ ਬੰਨਵਾ ਰਹੀ ਸੀ। ਉਹ ਕਮਰੇ ਦੀ ਇਕ ਨੁੱਕਰ ਵਿਚ ਸੁਰਜੀਤ ਨੂੰ ਬੜੇ ਇਤਮੀਨਾਨ ਨਾਲ ਪਗੜੀ ਬੰਨ੍ਹ ਰਿਹਾ ਸੀ। ਪਗੜੀ ਬੰਨ੍ਹਣ ਤੋਂ ਬਾਅਦ ਭੁਪਿੰਦਰ ਨੇ ਆਪਣੇ ਕੋਮਲ ਪੋਟਿਆਂ ਨਾਲ ਸੁਰਜੀਤ ਦੀ ਗਲ੍ਹ ਨੂੰ ਥਪਥਪਾਇਆ। ਮਖੌਲ ਦੀ ਮੁੰਦਰਾ ਵਿਚ ਕਿਹਾ, "ਸੱਚੀਂ, ਸੁਰਜੀਤ ਤੂੰ ਅਗਰ ਸਰਦਾਰਾਂ ਦਾ ਮੁੰਡਾ ਹੁੰਦੀ ਤਾਂ ਬਹੁਤ ਸੋਹਣਾ ਲੱਗਣਾ ਸੀ। ਤੈਨੂੰ ਪਗੜੀ ਬਹੁਤ ਜੱਚੀ ਏ।" ਸੁਰਜੀਤ ਦੀਆਂ ਅੱਖਾਂ ਵਿਚ ਸ਼ਰਮ ਤੈਰ ਗਈ ਤੇ ਉਹ ਦੌੜ ਕੇ ਆਪਣੀਆਂ ਸਹੇਲੀਆਂ ਵਿਚ ਰਲ ਗਈ, ਨਾਟਕ ਦੀ ਰਿਹਰਸਲ ਵਾਸਤੇ।

ਸਟੇਜ 'ਤੇ ਨਾਟਕ ਖੇਡਿਆ ਗਿਆ। ਨਾਟਕ ਦੀ ਸਫ਼ਲਤਾ ਦਾ ਸਿਹਰਾ ਸੁਰਜੀਤ ਨੂੰ ਜਾਂਦਾ ਸੀ। ਸਮਾਗਮ ਦੀ ਅਲਵਿਦਾ ਤੋਂ ਬਾਅਦ, ਕਾਲਜ ਦੀ ਪੜ੍ਹਾਈ ਫਿਰ ਸ਼ੁਰੂ ਹੋ ਚੁੱਕੀ ਸੀ। ਸਾਲਾਨਾ ਪੇਪਰਾਂ ਵਿਚ ਕੁਝ ਹੀ ਦਿਨ ਬਾਕੀ ਸਨ। ਸਾਲਾਨਾ ਪੇਪਰ ਹੋ ਗਏ ਸਨ। ਭੁਪਿੰਦਰ ਨੇ ਯੂਨੀਵਰਸਿਟੀ 'ਚੋਂ ਪਹਿਲੇ ਦਰਜੇ ਵਿਚ ਸਟੈਂਡ ਕੀਤਾ। ਸੁਰਜੀਤ ਵੀ ਪਾਸ ਹੋ ਗਈ ਸੀ। ਭੁਪਿੰਦਰ ਨੂੰ ਅਥਾਹ ਖੁਸ਼ੀ ਸੀ ਪਰ ਸੁਰਜੀਤ ਨੂੰ ਭੁਪਿੰਦਰ ਦੀ ਨਹੀਂ ਉਸਦੀ ਆਪਣੀ ਹੀ ਖੁਸ਼ੀ ਹੋਵੇ।

ਭੁਪਿੰਦਰ ਤੇ ਸੁਰਜੀਤ ਕਾਲਜ ਵਿਚ ਹਮਸਹਿਪਾਠੀਆਂ ਨੂੰ ਪਾਰਟੀ ਦੇ ਰਹੇ ਸੀ। ਭੁਪਿੰਦਰ ਤੇ ਸੁਰਜੀਤ ਦੇ ਪਿਆਰ ਬਾਰੇ ਸਹਿਪਾਠੀਆਂ ਨੂੰ ਪਤਾ ਸੀ। ਪਾਰਟੀ ਨੂੰ ਅਲਵਿਦਾ ਕਹਿੰਦੇ ਹੋਏ ਉਹ ਦੋਵੇਂ ਇਕ ਲਾਇਨ ਵਿਚ ਬੈਠ ਗਏ। ਤਿੱਖੀ-ਤਿੱਖੀ ਸਰਦੀਆਂ ਦੀ ਧੁੱਪ ਆਨੰਦ ਦੇ ਰਹੀ ਸੀ।

"ਭੁਪਿੰਦਰ ਤੂੰ ਹੁਣ ਮੈਡੀਕਲ ਕਾਲਜ ਵਿਚ ਦਾਖਲਾ ਲੈ ਲੈ", ਸੁਰਜੀਤ ਨੇ ਪਿਆਰ 'ਚ ਉਤਰਦਿਆਂ ਕਿਹਾ। "ਨਹੀਂ ਸੁਰਜੀਤ, ਮੈਡੀਕਲ ਕਾਲਜ ਦਾ ਏਨਾ ਖ਼ਰਚਾ...।"

"ਤੂੰ ਚਿੰਤਾ ਨਾ ਕਰ, ਉਹ ਸਭ ਮੈਂ ਵੇਖ ਲਵਾਂਗੀ। ਤੂੰ ਐਡਮੀਸ਼ਨ ਤਾਂ ਲੈ, ਐਡਮੀਸ਼ਨ ਵਿਚ ਤੈਨੂੰ ਕਿਹੜੀ ਕੋਈ ਦਿੱਕਤ ਹੋਣੀ ਏ। ਮੈਂ ਚਾਹੁੰਦੀ ਹਾਂ ਤੂੰ ਐਮ.ਡੀ. ਕਰਕੇ ਬਾਹਰ ਆਏਂ। ਮੈਨੂੰ ਬੜੀ ਖੁਸ਼ੀ ਹੋਵੇਗ। ਤੂੰ ਮੇਰੀ ਮੰਨ। ਤੂੰ ਦਾਖਲਾ ਲੈ। ਖ਼ਰਚਾ ਮੈਂ ਪਹੁੰਚਾਇਆ ਕਰਾਂਗੀ।"

ਭੁਪਿੰਦਰ ਨੇ ਸੁਰਜੀਤ ਦੇ ਅਲਫ਼ਾਜ਼ਾਂ ਨੂੰ ਸਿਰ ਮੱਥੇ ਕਬੂਲ ਕਰ ਲਿਆ। ਏਸੇ ਹੀ ਸ਼ਹਿਰ ਦੇ ਮੈਡੀਕਲ ਕਾਲਜ ਵਿਚ ਭੁਪਿੰਦਰ ਦਾਖਲਾ ਲੈ ਲੈਂਦਾ ਹੈ ਤੇ ਸੁਰਜੀਤ ਪਹਿਲੇ ਕਾਲਜ ਵਿਚ ਹੀ ਦਾਖਲਾ ਲੈ ਲੈਂਦੀ ਹੈ। ਸੁਰਜੀਤ ਤੇ ਭੁਪਿੰਦਰ ਦੀਆਂ ਮੁਲਾਕਾਤਾਂ ਹੁੰਦੀਆਂ ਰਹਿੰਦੀਆਂ ਸਨ। ਪਿਕਚਰ ਦੇਖਣਾ, ਸ਼ਾਪਿੰਗ ਕਰਨਾ ਕਦੀ ਕਦੀ ਹੋ ਜਾਂਦਾ ਸੀ।

ਐਮ.ਬੀ.ਬੀ.ਐਸ. ਦੇ ਦੂਸਰੇ ਸਾਲ ਵਿਚ ਜਦੋਂ ਭੁਪਿੰਦਰ ਨੇ ਪ੍ਰਵੇਸ਼ ਕੀਤਾ ਤਾਂ ਅਚਾਨਕ ਹੀ ਸੁਰਜੀਤ ਦੇ ਪਿਤਾ ਨੂੰ ਇਕ ਚੰਗਾ ਲੜਕਾ ਮਿਲਣ 'ਤੇ ਸੁਰਜੀਤ ਦੀ ਜਲਦੀ ਹੀ ਸ਼ਾਦੀ ਕਰ ਦਿੱਤੀ। ਪਰ ਸ਼ਾਦੀ ਤੋਂ ਪਹਿਲਾਂ ਸੁਰਜੀਤ, ਭੁਪਿੰਦਰ ਨੂੰ ਮਿਲੀ ਸੀ, "ਭੁਪਿੰਦਰ, ਮੇਰੀ ਸ਼ਾਦੀ ਹੋਣ ਵਾਲੀ ਏ, ਥੋੜ੍ਹੇ ਦਿਨਾਂ ਤੱਕ। ਤੂੰ ਲਗਾਤਾਰ ਪੜ੍ਹਾਈ ਜਾਰੀ ਰੱਖੀਂ। ਤੈਨੂੰ ਸਾਰਾ ਖ਼ਰਚਾ ਪਹੁੰਚਦਾ ਰਹੇਗਾ ਸਾਡੀ ਨੌਕਰਾਣੀ ਏ, ਉਸਦੀ ਲੜਕੀ ਏ 'ਸਵਿਤਾ'। ਉਹ ਤੈਨੂੰ ਸਾਰਾ ਖ਼ਰਚਾ ਪਹੁੰਚਾਇਆਂ ਕਰੇਗੀ। ਮੈਂ ਉਸਨੂੰ ਤੇਰੇ ਬਾਰੇ ਦੱਸ ਦਿੱਤਾ ਏ। ਉਸਨੇ ਤੈਨੂੰ ਵੇਖਿਆ ਹੋਇਆ ਏ। ਤੈਨੂੰ ਚੰਗੀ ਤਰ੍ਹਾਂ ਜਾਣਦੀ ਏ। ਪਰ ਤੂੰ ਮੈਨੂੰ ਮਿਲਣ ਦੀ ਤਾਂਗ ਨਾ ਕਰੀਂ। ਮੈਂ ਹੀ ਤੈਨੂੰ ਮਿਲਿਆ ਕਰਾਂਗੀ। ਕਿਉਂਕਿ ਮੈਂ ਜਿਸ ਘਰ ਵਿਚ ਵਿਆਹੀ ਜਾਣਾ ਏ, ਉਨ੍ਹਾਂ ਲੋਕਾਂ ਦਾ ਆਰਥਿਕ ਤੇ ਰਾਜਨੀਤਕ ਪੱਧਰ ਸਾਡੇ ਸਮਾਜ ਵਿਚ ਬਹੁਤ ਹੀ ਉਚਾ ਏ। ਤੂੰ ਮੇਰੀਆਂ ਗੱਲਾਂ ਦਾ ਬੁਰਾ ਮਹਿਸੂਸ ਨਾ ਕਰੀਂ। ਪਰ ਤੂੰ ਮੇਰਾ ਕਹਿਣਾ ਨਹੀਂ ਮੋੜੇਂਗਾ।"

ਭੁਪਿੰਦਰ ਨੂੰ ਸੁਰਜੀਤ ਦੀ ਸ਼ਾਦੀ ਦੀ ਖੁਸ਼ੀ ਤਾਂ ਸੀ ਪਰ ਉਸਨੂੰ ਇਹ ਦੁੱਖ ਸੀ ਕਿ ਉਹ ਸੁਰਜੀਤ ਨੂੰ ਅਪਨਾ ਨਹੀਂ ਸੀ ਸਕਿਆ। ਫਿਰ ਵੀ ਉਸਨੂੰ ਅੰਤਾਂ ਦੀ ਖੁਸ਼ੀ ਸੀ ਕਿ ਸੁਰਜੀਤ ਨੂੰ ਬਹੁਤ ਚੰਗਾ ਘਰ ਵਰ ਮਿਲਿਆ ਏ। ਸ਼ਾਦੀ ਤੋਂ ਬਾਅਦ ਸੁਰਜੀਤ ਆਪਣੇ ਸਹੁਰੇ ਚਲੀ ਗਈ।

ਹੁਣ ਨੌਕਰਾਣੀ ਦੀ ਲੜਕੀ ਸਵਿਤਾ ਦੇ ਜਰੀਏ ਉਸ ਦੀਆਂ ਸਾਰੀਆਂ ਆਰਥਿਕ ਲੋੜਾਂ ਪੂਰੀਆਂ ਹੁੰਦੀਆਂ ਰਹਿੰਦੀਆਂ ਕਦੀ-ਕਦੀ ਸਵਿਤਾ, ਭੁਪਿੰਦਰ ਨੂੰ ਹੋਸਟਲ ਵਿਚ ਟੈਲੀਫ਼ੋਨ ਕਰਕੇ ਬਾਹਰ ਬੁਲਾ ਲੈਂਦੀ ਤੇ ਉਥੇ ਹੀ ਉਸਨੂੰ ਪੈਸੇ, ਕੱਪੜੇ, ਕਿਤਾਬਾਂ ਆਦਿ ਦਾ ਖ਼ਰਚਾ, ਸੁਰਜੀਤ ਵੱਲੋਂ ਭੇਜਿਆ, ਦੇ ਦਿੰਦੀ। ਰੇਸਤਰਾਂ ਵਿਚ ਬੈਠੇ ਭੁਪਿੰਦਰ ਤੇ ਸਵਿਤਾ ਕਿੰਨਾ-ਕਿੰਨਾ ਚਿਰ ਸੁਰਜੀਤ ਦੀਆਂ ਗੱਲਾਂ ਵੀ ਕਰਦੇ ਰਹਿੰਦੇ। ਭੁਪਿੰਦਰ ਉਸਦੇ ਦੰਪਤੀ ਜੀਵਨ ਬਾਰੇ ਸੁੱਖ ਸਾਂਦ ਪੁੱਛਦਾ ਰਹਿੰਦਾ। ਇਸ ਤਰ੍ਹਾਂ ਦਿਨ, ਮਹੀਨੇ, ਸਾਲ ਆਪਣੀ ਰਫਤਾਰ ਨਾਲ ਸਮੇਂ ਵਿਚੋਂ ਘਟਦੇ ਗਏ।

ਭੁਪਿੰਦਰ ਹੁਣ ਐਮ.ਡੀ. ਕਰ ਚੁੱਕਾ ਸੀ। ਤੇ ਉਹ ਆਪਣੇ ਸਰਟੀਫਿਕੇਟ ਲੈਕੇ ਬੜੀ ਖੁਸ਼ੀ ਖੁਸ਼ੀ ਜਿਵੇਂ ਉਸਨੇ ਆਪਣੀ ਮੰਜ਼ਿਲ ਕਿਸੇ ਲਈ ਸਰ ਕਰ ਲਈ ਹੋਵੇ। ਕਿਸੇ ਦੀਆਂ ਤਮੰਨਾ ਦੇ ਬੂਟੇ ਨੂੰ ਉਸਦੀ ਮਿਹਨਤ ਸਦਕਾ ਸ਼ਗੂਫੇ ਲੱਗੇ ਹੋਣ। ਭੁਪਿੰਦਰ ਨੇ ਇਕ ਮਠਿਆਈ ਦਾ ਡੱਬਾ ਤੇ ਇਕ ਖ਼ੂਬਸੂਰਤ ਸਾੜ੍ਹੀ ਖ਼ਰੀਦੀ ਤੇ ਸਵਿਤਾ ਦੇ ਘਰ ਚਲਾ ਗਿਆ। ਸਵਿਤਾ ਆਪਣੇ ਬਰਾਮਦੇ ਵਿਚ ਬੈਠੀ ਅਖ਼ਬਾਰ ਪੜ੍ਹ ਰਹੀ ਸੀ। ਭੁਪਿੰਦਰ ਦੀ ਅਚਾਨਕ ਆਮਦ ਵੇਖ ਕੇ ਉਹ ਏਦਾਂ ਖਿਲ ਗਈ ਜਿਵੇਂ ਪੱਤਝੜਾਂ ਵਿਚ ਅਚਾਨਕ ਬਹਾਰ ਆ ਗਈ ਹੋਵੇ।

ਸਵਿਤਾ ਐਮ.ਏ. ਬੀ.ਐਡ. ਕਰਕੇ ਇਕ ਸਰਕਾਰੀ ਸਕੂਲ ਵਿਚ ਅਧਿਆਪਕਾ ਦਾ ਫਰਜ਼ ਨਿਭਾ ਰਹੀ ਹੈ। ਭੁਪਿੰਦਰ ਨੇ ਕੁਰਸੀ 'ਤੇ ਬੈਠਦਿਆਂ ਸਾਰ ਹੀ ਸਵਿਤਾ ਨੂੰ ਖੁਸ਼ੀ ਵਿਚ ਝੁਮਦਿਆਂ ਕਿਹਾ, "ਸਵਿਤਾ ਜੀ, ਬਸ ਇਕ ਵਾਰੀ ਸੁਰਜੀਤ ਨੂੰ ਮਿਲਾ ਦਿਓ। ਮੇਰੀ ਬੜੀ ਦਿਲੀ ਤਮੰਨਾ ਹੈ ਕਿ ਮੈਂ ਉਸਨੂੰ ਸਰਵਿਸ ਯੋਆਇਨ ਕਰਨ ਤੋਂ ਪਹਿਲਾਂ ਜ਼ਰੂਰ ਮਿਲਾਂ। ਉਸਦਾ ਧੰਨਵਾਦ ਕਰਾਂ, ਜਿਸਨੇ ਮੇਰੀ ਹਨੇਰੀ ਜ਼ਿੰਦਗੀ ਨੂੰ ਰੁਸ਼ਨਾਇਆ। ਪਲੀਜ਼! ਉਸਨੂੰ ਕਿਸੇ ਨਾ ਕਿਸੇ ਬਹਾਨੇ ਟੈਲੀਫ਼ੋਨ ਕਰਕੇ ਬੁਲਾ ਲਵੋ। ਉਹ ਜ਼ਰੂਰ ਆਵੇਗੀ। ਉਹ ਬੜੀ ਖੁਸ਼ ਹੋਵੇਗੀ। ਬਸ, ਉਸਨੂੰ ਮੈਂ ਮਿਲਣਾ ਚਾਹੁੰਦਾਂ। ਆ ਵੇਖੋ, ਮੈਂ ਉਸ ਲਈ ਸਾੜ੍ਹੀ ਖ਼ਰੀਦ ਕੇ ਲਿਆਇਆਂ, ਆਪਣੀ ਖੁਸ਼ੀ ਦਾ ਪ੍ਰਗਟਾਵਾ।" ਉਹ ਇਕੋ ਸਾਹੇ ਆਵੇਸ਼ ਵਿਚ ਕਈ ਕੁਝ ਬੋਲ ਗਿਆ।

ਪਰ ਸਵਿਤਾ ਦੀਆਂ ਅੱਖਾਂ ਵਿਚੋਂ ਮੋਟੇ-ਮੋਟੇ ਗਲੇਡੂਆਂ ਦਾ ਡਿੱਗਣਾ, ਉਸਦਾ ਨੀਵੀਂ ਪਾ ਕੇ ਬੈਠੇ ਰਹਿਣਾ, ਕਿਸੇ ਮਾਤਮ ਦਾ ਸੂਚਕ ਬਣ ਗਿਆ। "ਸਵਿਤਾ ਜੀ, ਤੁਸੀਂ ਮੇਰਾ ਜੁਆਬ ਨਹੀਂ ਦਿੱਤਾ। ਕਰਕੇ ਆਓ ਨਾ ਟੈਲੀਫ਼ੋਨ ਸੁਰਜੀਤ ਨੂੰ। ਤੁਸੀਂ ਰੋ ਰਹੇ ਹੋ। ਕੀ ਗੱਲ ਏ? ਤੁਸੀਂ ਕਿਉਂ ਰੋ ਰਹੇ ਹੋ। ਕੋਈ ਗੱਲ ਵੀ ਤਾਂ ਦੱਸੋ?" ਸਵਿਤਾ ਨੇ ਜ਼ਿਗਰਾ ਰੱਖਦਿਆਂ ਹੌਲੀ ਜਿਹੀ ਕਿਹਾ, "ਸੁਰਜੀਤ ਤਾਂ ਮਰ ਚੁੱਕੀ ਏ! ਉਹ ਇਸ ਦੁਨੀਆਂ ਵਿਚ ਨਹੀਂ।"

"ਹੈਂ! ਕੀ ਆਖਦੇ ਹੋ।" ਤੇ ਭੁਪਿੰਦਰ ਦੇ ਹੱਥੋਂ ਸਾੜ੍ਹੀ ਤੇ ਮਠਿਆਈ ਦਾ ਡੱਬਾ ਖੁੱਲ੍ਹ ਕੇ ਖਿਲਰ ਗਿਆ। ਉਹ ਮੱਥੇ 'ਤੇ ਹੱਥ ਰੱਖ ਕੇ ਉਚੀ ਉਚੀ ਰੋਣ ਲੱਗ ਪਿਆ। ਅੱਖਾਂ ਵਿਚ ਹੰਝੂ ਤੇ ਥਿੜਕਦੇ ਬੋਲਾਂ ਵਿਚ ਭੁਪਿੰਦਰ ਬੋਲੀ ਜਾ ਰਿਹਾ ਸੀ। ਪਾਗਲਾਂ ਵਾਂਗ, "ਤੁਸੀਂ ਝੂਠ ਮਾਰਦੇ ਹੋ! ਸੁਰਜੀਤ ਨਹੀਂ ਮਰ ਸਕਦੀ। ਉਹ ਮੇਰੇ ਲਈ ਜ਼ਿੰਦਾ ਹੈ।" ਤੇ ਉਹ ਪਾਗਲਾਂ ਵਾਂਗ ਉਚੀ-ਉਚੀ ਸੁਰਜੀਤ, ਸੁਰਜੀਤ ਆਵਾਜ਼ਾਂ ਮਾਰ ਕੇ ਚੁੱਪ ਹੋ ਗਿਆ। "ਸੁਰਜੀਤ ਕਿਵੇਂ ਮਰੀ? ਕਿਉਂ ਮਰੀ?" ਸਵਿਤਾ ਨੇ ਹੰਝੂ ਪੂੰਝਦਿਆਂ ਸਪੱਸ਼ਟ ਕਰਦਿਆਂ ਕਿਹਾ, "ਜਦੋਂ ਤੁਸੀਂ ਐਮ.ਬੀ.ਬੀ.ਐਸ. ਦੇ ਤੀਸਰੇ ਸਾਲ ਵਿਚ ਦਾਖਲ ਹੋਏ ਤਾਂ ਉਸ ਸਮੇਂ ਉਸਨੇ ਮੈਨੂੰ ਆਪਣੇ ਸਹੁਰੇ ਸ਼ਹਿਰ ਹਸਪਤਾਲ ਬੁਲਾਇਆ। ਜਾ ਕੇ ਪਤਾ ਲੱਗਾ ਕਿ ਸੁਰਜੀਤ ਚੰਦ ਦਿਨਾਂ ਦੀ ਮਹਿਮਾਨ ਹੈ। ਉਸਨੂੰ ਕੈਂਸਰ ਸੀ। ਉਹ ਆਖਰੀ ਸਟੇਜ 'ਤੇ ਸੀ। ਮਰਨ ਤੋਂ ਕੁਝ ਦਿਨਾਂ ਪਹਿਲਾਂ ਮੇਰੇ ਨਾਲ ਇਕ ਵਾਅਦਾ ਕਰਦੀ ਹੋਈ, ਤੁਹਾਡੇ ਨਾਂ ਦਾ ਇਕ ਖ਼ਤ ਫੜਾ ਗਈ ਸੀ ਤੇ ਤੀਹ ਲੱਖ ਰੁਪਏ ਤੁਹਾਡੀ ਪੜ੍ਹਾਈ ਲਈ ਦੇ ਗਈ ਸੀ। ਇਹ ਸਾਰੀ ਮੁਲਾਕਾਤ ਸੁਰਜੀਤ ਤੇ ਮੇਰੇ ਦਰਮਿਆਨ ਹਸਪਤਾਲ ਵਿਚ ਇਕ ਰਾਤ ਨੂੰ ਹੋਈ। ਮਰਨ ਦੀ ਸੂਚਨਾ ਤੁਹਾਡੇ ਤੱਕ ਪਹੁੰਚਾ ਤਾਂ ਦੇਂਦੀ ਪਰ ਸੁਰਜੀਤ ਮਨ੍ਹਾਂ ਕਰ ਗਈ ਸੀ। ਬਸ ਏਨਾ ਕਿਹਾ ਸੀ, "ਇਹ ਖ਼ਤ, ਜਦੋਂ ਉਹ ਪੜ੍ਹਾਈ ਪੂਰੀ ਕਰਕੇ ਆਉਣ ਤਾਂ ਮੇਰੇ ਵੱਲੋਂ ਉਨ੍ਹਾਂ ਨੂੰ ਦੇ ਦੇਣਾ।"

ਸਵਿਤਾ ਤੋਂ ਖ਼ਤ ਫੜ ਕੇ ਉਸਨੇ ਮੱਥੇ ਨਾਲ ਲਾਇਆ, ਚੁੰਮਿਆ ਤੇ ਕਈ ਹੰਝੂ ਖ਼ਤ ਨੂੰ ਗਿੱਲਾ ਕਰ ਗਏ। ਖ਼ਤ ਖੋਲ੍ਹਿਆ। ਲਿਖਾਵਟ ਵਿਚੋਂ ਉਸਨੂੰ ਇੰਝ ਲੱਗਾ ਜਿਵੇਂ ਸੁਰਜੀਤ ਉਸ ਵਿਚੋਂ ਬੋਲ ਰਹੀ ਹੋਵੇ। ਉਸਦਾ ਚਿਹਰਾ, ਉਸ ਦੀਆਂ ਯਾਦਾਂ ਚਲ ਚਿੱਤਰ ਵਾਂਗ ਦਿਮਾਗ਼ ਵਿਚ ਘੁੰਮ ਗਈਆਂ। ਖ਼ਤ ਵਿਚ ਲਿਖਿਆ ਸੀ।

ਪਿਆਰੇ ਭੁਪਿੰਦਰ ਜੀ,
ਹਮੇਸ਼ਾ ਹਮੇਸ਼ਾ ਯਾਦ!
ਮੈਂ ਬੜੀ ਮੁਸ਼ਕਿਲ ਨਾਲ ਗੁਸਲਖ਼ਾਨੇ ਵਿਚ ਖ਼ਤ ਲਿਖ ਰਹੀ ਹਾਂ। ਮੈਨੂੰ ਪਤਾ ਹੈ ਕਿ ਮੈਂ ਚੰਦ ਦਿਨਾਂ ਦੀ ਮਹਿਮਾਨ ਹਾਂ। ਆਖਰੀ ਸਾਹਾਂ 'ਤੇ ਹਾਂ। ਤੁਹਾਨੂੰ ਸੱਚੀਂ ਮਿਲਣ ਲਈ ਕਿੰਨਾ ਦਿਲ ਕਰਦਾ ਏ। ਹੰਝੂ ਰੁਕਦੇ ਨਹੀਂ।
ਆਉਣਾ ਨਾ ਮੁਮਕਿਨ ਹੈ। ਉਹ ਯਾਦਾਂ ਮੁਬਾਰਕ! ਸਮਾਂ ਇਜ਼ਾਜ਼ਤ ਨਹੀਂ ਦੇਂਦਾ, ਅਲਵਿਦਾ ਭੁਪਿੰਦਰ ਜੀ! ਮੇਰੀ ਆਖਰੀ ਤਮੰਨਾ ਹੈ ਕਿ ਤੁਸੀਂ ਸਵਿਤਾ ਨੂੰ ਅਪਨਾ ਲਵੋਗੇ।
ਤੁਹਾਡੀ ਸੁਰਜੀਤ

ਬਲਵਿੰਦਰ 'ਬਾਲਮ', ਮੋ: 98156-25409

# ਆਪਣੀ ਕਾਬਲੀਅਤ ਨੂੰ ਪਹਿਚਾਣੋ

ਜ਼ਿੰਦਗੀ ਵਿੱਚ ਜੇਕਰ ਤੁਸੀਂ ਸਫਲ ਹੋਣਾ ਚਾਹੁੰਦੇ ਹੋ ਤਾਂ ਸਭ ਤੋਂ ਪਹਿਲਾਂ ਆਪਣੀ ਕਾਬਲੀਅਤ ਨੂੰ ਪਹਿਚਾਣੋ । ਆਪਣੇ ਅੰਦਰ ਛੁਪੇ ਗੁਣਾਂ ਤੋਂ ਖੁਦ ਨੂੰ ਜਾਣੂ ਕਰਵਾਉ । ਅਕਸਰ ਅਸੀਂ ਦੂਸਰਿਆਂ ਤੋਂ ਪ੍ਰਭਾਵਿਤ ਹੁੰਦੇ ਹਾਂ ਤੇ ਬਿਲਕੁਲ ਉਨ੍ਹਾਂ ਵਰਗੇ ਬਣਨਾ ਚਾਹੁੰਦੇ ਹਾਂ ਤੇ ਜਦੋਂ ਅਜਿਹਾ ਨਹੀਂ ਹੁੰਦਾ ਤਾਂ ਜ਼ਿੰਦਗੀ ਤੋਂ ਨਿਰਾਸ਼ ਹੋ ਜਾਂਦੇ ਹਾਂ । ਇਸ ਸ੍ਰਿਸ਼ਟੀ 'ਤੇ ਕੁਝ ਵੀ ਬੇਕਾਰ ਨਹੀਂ ਹੈ । ਪ੍ਰਮਾਤਮਾ ਨੇ ਕਿਸੇ ਵੀ ਇਨਸਾਨ ਨੂੰ ਬੇਕਾਰ ਨਹੀਂ ਬਣਾਇਆ । ਹਰ ਇਨਸਾਨ ਦੇ ਅੰਦਰ ਵੱਖੋ – ਵੱਖਰੇ ਗੁਣ ਹਨ ਤੇ ਜਦੋਂ ਅਸੀਂ ਆਪਣੇ ਅੰਦਰ ਛੁਪੇ ਇਨ੍ਹਾਂ ਗੁਣਾਂ ਨੂੰ ਪਹਿਚਾਣ ਲਵਾਂਗੇ ਤਦ ਸਫਲਤਾ ਦੇ ਦਰਵਾਜ਼ੇ ਆਪਣੇ ਆਪ ਸਾਡੇ ਲਈ ਖੁਲ੍ਹ ਜਾਣਗੇ । ਜਿੰਨੀ ਜਲਦੀ ਅਸੀਂ ਆਪਣੇ ਆਪ ਨੂੰ ਜਾਣ ਲਵਾਂਗੇ ਉਨੀ ਜਲਦੀ ਜ਼ਿੰਦਗੀ ਵਿੱਚ ਸਫਲ ਹੋਵਾਂਗੇ ।

ਜ਼ਿੰਦਗੀ ਵਿੱਚ ਹਮੇਸ਼ਾ ਆਪਣੇ ਆਪ 'ਤੇ, ਆਪਣੀ ਮਿਹਨਤ 'ਤੇ ਭਰੋਸਾ ਰੱਖੋ। ਅਸਫਲਤਾ ਤੋਂ ਘਬਰਾ ਕੇ ਕਦੇ ਵੀ ਕੋਈ ਕੰਮ ਅਧੂਰਾ ਨਾ ਛੱਡੋ ਕਿਉਂਕਿ ਅਸਫਲਤਾ ਹੀ ਸਾਨੂੰ ਸਫ਼ਲਤਾ ਤੱਕ ਲੈ ਕੇ ਜਾਂਦੀ ਹੈ। ਅਸਫਲਤਾ ਸਾਨੂੰ ਤਜ਼ਰਬਾ ਦਿੰਦੀ ਹੈ ਤੇ ਇਹੀ ਤਜ਼ਰਬਾ ਸਾਨੂੰ ਸਾਡੀ ਮੰਜ਼ਿਲ ਤੱਕ ਪਹੁੰਚਾਉਂਦਾ ਹੈ। ਦੂਸਰੇ ਸਾਡੇ ਬਾਰੇ ਕੀ ਸੋਚਦੇ ਹਨ ਇਹ ਭੁੱਲ ਕੇ ਸਿਰਫ਼ ਆਪਣੇ ਨਿਸ਼ਾਨੇ ਵੱਲ ਧਿਆਨ ਦਿਉ ਕਿਉਂਕਿ ਜਿਸ ਦਿਨ ਤੁਸੀਂ ਸਫਲ ਹੋ ਜਾਵੋਗੇ ਉਹੀ ਵਿਰੋਧੀ ਸਭ ਤੋਂ ਪਹਿਲਾਂ ਤੁਹਾਡੇ ਨਾਲ ਖੜਨਗੇ। ਥਾਮਸ ਐਡੀਸਨ ਨਾਮ ਦਾ ਵਿਗਿਆਨੀ ਜਿਸਨੇ ਬਿਜਲੀ ਦੇ ਬਲਬ ਦੀ ਕਾਢ ਕੱਢੀ ਸੀ, ਉਸਨੂੰ ਬਚਪਨ ਵਿੱਚ ਇਹ ਕਹਿ ਕੇ ਸਕੂਲੋਂ ਕੱਢ ਦਿੱਤਾ ਗਿਆ ਸੀ ਕਿ ਉਸਦਾ ਦਿਮਾਗ ਉਲਝਿਆ ਹੋਇਆ ਹੈ ਤੇ ਉਹ ਸਕੂਲੀ ਪੜ੍ਹਾਈ ਨਹੀਂ ਕਰ ਸਕਦਾ ਪਰ ਐਡੀਸਨ ਨੇ ਹਾਰ ਨਹੀਂ ਮੰਨੀ। ਉਸਨੇ ਬਚਪਨ ਦੀ ਉਸ ਅਸਫਲਤਾ ਨੂੰ ਜ਼ਿੰਦਗੀ ਦੀ ਸਫਲਤਾ ਵਿੱਚ ਬਦਬ ਬਲਬ ਦੀ ਕਾਢ ਕੱਢ ਪੂਰੀ ਦੁਨੀਆ ਨੂੰ ਰੁਸ਼ਨਾ ਦਿੱਤਾ।

ਜੇਕਰ ਉਹ ਵੀ ਆਪਣੇ ਅਧਿਆਪਕਾਂ ਦੀ ਕਹੀ ਗੱਲ ਤੋਂ ਪ੍ਰਭਾਵਿਤ ਹੋ ਕੇ ਨਿਰਾਸ਼ ਹੋ ਕੇ ਬੈਠ ਜਾਂਦਾ ਤਾਂ ਦੁਨੀਆ ਨੂੰ ਥਾਮਸ ਐਡੀਸਨ ਜਿਹਾ ਵਿਗਿਆਨੀ ਨਾ ਮਿਲਦਾ। ਜਿਸ ਦਿਨ ਅਸੀਂ ਇਹ ਸਮਝ ਗਏ ਕਿ ਕੋਈ ਵੀ ਮੁਸੀਬਤ ਸਾਡੇ ਹੌਂਸਲੇ ਤੋਂ ਵੱਡੀ ਨਹੀਂ ਹੋ ਸਕਦੀ, ਇਹ ਮੁਸੀਬਤਾਂ ਕੁਝ ਸਮੇਂ ਲਈ ਭਾਵੇਂ ਸਾਨੂੰ ਤੋੜਦੀਆਂ ਹਨ ਪਰ ਇਹੀ ਮੁਸੀਬਤਾਂ ਜ਼ਿੰਦਗੀ ਨੂੰ ਨਿਖਾਰਦੀਆਂ ਹਨ ਤਾਂ ਉਸ ਦਿਨ ਸਾਨੂੰ ਸਫਲ ਹੋਣ ਤੋਂ ਕੋਈ ਨਹੀਂ ਰੋਕ ਸਕਦਾ। ਹਰ ਅਸਫਲਤਾ ਅੰਦਰ ਸਫਲਤਾ ਦੇ ਬੀਜ ਛੁਪੇ ਹੁੰਦੇ ਹਨ। ਜਦੋਂ ਅਸੀਂ ਤੁਰਨਾ ਸਿੱਖਦੇ ਹਾਂ ਤਾਂ ਪਹਿਲਾਂ ਡਿੱਗਦੇ ਹੀ ਹਾਂ ਪਰ ਕੋਸ਼ਿਸ਼ ਕਰਕੇ ਤੁਰਨਾ ਹੀ ਨਹੀਂ ਦੌੜਨਾ ਵੀ ਸਿੱਖ ਜਾਂਦੇ ਹਾਂ ਪਰ ਜੇਕਰ ਕੋਸ਼ਿਸ਼ ਕਰਾਂਗੇ ਹੀ ਨਹੀਂ ਤਾਂ ਕਿਵੇਂ ਤੁਰਾਂਗੇ, ਕਿਵੇਂ ਦੌੜਾਂਗੇ? ਇਸੇ ਤਰ੍ਹਾਂ ਕਿਸੇ ਵੀ ਖੇਤਰ ਵਿੱਚ ਸਫਲ ਹੋਣ ਲਈ ਕੋਸ਼ਿਸ਼ ਕਰਨਾ ਬਹੁਤ ਜ਼ਰੂਰੀ ਹੈ।



ਜਸਪ੍ਰੀਤ ਕੌਰ ਸੰਘਾ

ਜ਼ਿੰਦਗੀ ਕਿਤਿਉਂ ਵੀ ਨਵੇਂ ਸਿਰੇ ਤੋਂ ਸ਼ੁਰੂ ਕੀਤੀ ਜਾ ਸਕਦੀ ਹੈ, ਇਸ ਲਈ ਕਦੇ ਵੀ ਜ਼ਿੰਦਗੀ ਤੋਂ ਨਿਰਾਸ਼ ਨਾ ਹੋਵੇ। ਸਾਡੀ ਸਕਾਰਾਤਮਿਕ ਸੋਚ ਹੀ ਸਾਨੂੰ ਸਾਡੀ ਮੰਜ਼ਿਲ ਤੱਕ ਲੈ ਕੇ ਜਾਂਦੀ ਹੈ। ਅਸੀਂ ਅਕਸਰ ਦੇਖਦੇ ਹਾਂ ਕਿ ਬਹੁਤ ਸਾਰੇ ਲੋਕ ਆਪਣੀ ਜ਼ਿੰਦਗੀ ਤੋਂ ਨਿਰਾਸ਼ ਹੁੰਦੇ ਹਨ ਕਿਉਂਕਿ ਉਹ ਜ਼ਿੰਦਗੀ ਵਿੱਚ ਸਫ਼ਲ ਨਹੀਂ ਹੋ ਪਾਉਂਦੇ। ਅਸਲ ਵਿੱਚ ਅਜਿਹੇ ਲੋਕ ਆਪਣੇ ਆਪ ਨੂੰ, ਆਪਣੇ ਅੰਦਰ ਛੁਪੀ ਕਾਬਲੀਅਤ ਨੂੰ ਪਹਿਚਾਨਣ ਵਿੱਚ ਅਸਫ਼ਲ ਹੋ ਜਾਂਦੇ ਹਨ ਤੇ ਦੂਸਰਿਆਂ ਵਰਗੇ ਬਨਣ ਦੇ ਚੱਕਰ ਵਿੱਚ ਆਪਣੀ ਜ਼ਿੰਦਗੀ ਬਰਬਾਦ ਕਰ ਲੈਂਦੇ ਹਨ। ਆਪਣੀ ਕਾਬਲੀਅਤ, ਆਪਣੇ ਆਪ ਨੂੰ ਪਹਿਚਾਣੋ ਇਹੀ ਸਫਲਤਾ ਦਾ ਸਿਧਾਂਤ ਹੈ ਕਿਉਂਕਿ ਹਰ ਵਿਅਕਤੀ ਹਰ ਖੇਤਰ ਵਿੱਚ ਸਫਲ ਨਹੀਂ ਹੋ ਸਕਦਾ। ਕੰਮ ਉਹ ਕਰੋ ਜੋ ਤੁਹਾਨੂੰ ਅੰਦਰੂਨੀ ਖੁਸ਼ੀ ਦੇਵੇ ਕਿਉਂਕਿ ਜਿਸ ਕੰਮ ਵਿੱਚ ਸਾਨੂੰ ਖੁਸ਼ੀ ਮਿਲਦੀ ਹੈ ਉਹ ਕੰਮ ਸਾਡੇ ਲਈ ਕਦੇ ਬੋਝ ਨਹੀਂ ਬਣਦਾ। ਜ਼ਿੰਦਗੀ ਨੂੰ ਹਮੇਸ਼ਾ ਉਤਸ਼ਾਹ ਨਾਲ ਜੀਓ , ਜ਼ਿੰਦਗੀ ਨੂੰ ਪਿਆਰ ਕਰੋ । ਆਪਣੀਆਂ ਗਲਤੀਆਂ ਤੋਂ ਡਰਨ ਦੀ ਬਜਾਏ, ਉਨ੍ਹਾਂ ਤੋਂ ਸਬਕ ਸਿੱਖੋ। ਆਪਣੀ ਤੁਲਨਾ ਕਦੇ ਵੀ ਕਿਸੇ ਦੂਸਰੇ ਨਾਲ ਨਾ ਕਰੋ । ਜੋ ਤੁਸੀਂ ਹੋ ਉਹ ਕੋਈ ਦੂਸਰਾ ਨਹੀਂ ਬਣ ਸਕਦਾ ਤੇ ਤੁਸੀਂ ਕਿਸੇ ਦੂਸਰੇ ਵਰਗੇ ਨਹੀਂ ਬਣ ਸਕਦੇ । ਪ੍ਰਮਾਤਮਾ ਨੇ ਹਰ ਸ਼ਖਸ ਨੂੰ ਵੱਖੋ-ਵੱਖ ਬਣਾਇਆ ਹੈ ਇਸ ਲਈ ਆਪਣੇ ਆਪ ਨੂੰ ਪਿਆਰ ਕਰੋ, ਜ਼ਿੰਦਗੀ ਆਪਣੇ ਆਪ ਪਿਆਰੀ ਹੋ ਜਾਵੇਗੀ।



# ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਅਤੇ ਬਾਣੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਗਿਆਰ੍ਹਵੇਂ ਗੁਰੂ ਹਨ। ਇਹ 1469 ਤੋਂ ਲੈ ਕੇ 1708 ਤੱਕ ਸਿੱਖ ਗੁਰੂਆਂ ਦੇ ਸਮੇਂ ਰਚੀ ਅਤੇ ਇਕੱਤਰ ਕੀਤੀ ਬਾਣੀ ਦਾ 1430 ਅੰਗਾਂ ਵਾਲਾ ਇੱਕ ਵਿਸਤਾਰਮਈ ਗ੍ਰੰਥ ਹੈ। ਇਹ ਅਨੇਕਾਂ ਸ਼ਬਦਾਂ ਭਾਵ ਬਾਣੀ ਦਾ ਅੰਬਾਰ ਹੈ ਜੋ ਕਿ ਰੱਬ ਦੇ ਗੁਣਾਂ ਅਤੇ ਉਸ ਦੇ ਨਾਮ ਜਪਣ ਦੇ ਕਾਰਨਾਂ ਦਾ ਵਰਨਣ ਕਰਦਾ ਹੈ। ਸਿੱਖਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ (1666-1708) ਨੇ ਜੋਤੀ-ਜੋਤਿ ਸਮਾਉਣ ਵੇਲੇ ਗੁਰਿਆਈ ਆਦਿ ਗ੍ਰੰਥ ਨੂੰ ਦਿੱਤੀ ਅਤੇ ਇਸ ਕਰ ਕੇ ਨਾਮ ਗੁਰੂ ਗ੍ਰੰਥ ਸਾਹਿਬ ਹੋ ਗਿਆ। ਇਹ ਸਿੱਖਾਂ ਦਾ ਸਭ ਤੋਂ ਪਵਿੱਤਰ ਗ੍ਰੰਥ ਅਤੇ ਇੱਕੋ-ਇੱਕ ਸਦੀਵੀ ਸ਼ਬਦ-ਰੂਪੀ ਗੁਰੂ ਹੈ ਜੋ ਕਿ ਸਿੱਖ ਗੁਰੂਆਂ ਅਤੇ ਹੋਰ ਸੰਤਾਂ-ਭਗਤਾਂ ਦੀ ਸਿੱਖਿਆਵਾਂ ਦਾ ਅੰਬਾਰ ਹੈ। ਅਰਦਾਸ ਦੇ ਸਰੋਤ ਜਾਂ ਮਾਰਗ-ਦਰਸ਼ਕ ਵਜੋਂ ਆਦਿ ਗ੍ਰੰਥ ਸਿੱਖੀ ਵਿੱਚ ਬੰਧਨਾ ਅਤੇ ਭਗਤੀ ਦਾ ਕੇਂਦਰੀ ਧੁਰਾ ਹੈ।



ਪ੍ਰਮੁੱਖ ਸਿੱਖ ਗ੍ਰੰਥ ਆਦਿ ਗ੍ਰੰਥ (ਪਹਿਲਾ ਗ੍ਰੰਥ) ਹੈ, ਜਿਸ ਨੂੰ ਆਮ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਕਿਹਾ ਜਾਂਦਾ ਹੈ। ਸਿੱਖਾਂ ਦਾ ਦੂਜਾ ਸਭ ਤੋਂ ਮਹੱਤਵਪੂਰਨ ਗ੍ਰੰਥ ਦਸਮ ਗ੍ਰੰਥ ਹੈ। ਇਹ ਦੋਵੇਂ ਪਾਠ ਹਨ ਜੋ ਸਿੱਖ ਗੁਰੂਆਂ ਦੁਆਰਾ ਲਿਖਿਆ ਜਾਂ ਅਧਿਕਾਰਤ ਕੀਤਾ ਗਿਆ ਸੀ। ਸਿੱਖ ਧਰਮ ਦੇ ਅੰਦਰ ਗੁਰੂ ਗ੍ਰੰਥ ਸਾਹਿਬ ਜਾਂ ਆਦਿ ਸ੍ਰੀ ਗ੍ਰੰਥ ਸਾਹਿਬ ਕੇਵਲ ਇੱਕ ਗ੍ਰੰਥ ਨਹੀਂ ਹਨ। ਸਿੱਖ ਅਤੇ ਇਸ ਵਿੱਚ ਸਿੱਖ ਧਰਮ ਦੇ ਸੰਸਥਾਪਕਾਂ (ਸਿੱਖ ਧਰਮ ਦੇ ਦਸ ਗੁਰੂਆਂ) ਦੁਆਰਾ ਬੋਲੇ ਗਏ ਅਸਲ ਸ਼ਬਦ ਅਤੇ ਹਿੰਦੂ ਧਰਮ ਅਤੇ ਇਸਲਾਮ ਸਮੇਤ ਹੋਰ ਧਰਮਾਂ ਦੇ ਕਈ ਹੋਰ ਸੰਤਾਂ ਦੇ ਸ਼ਬਦ ਸ਼ਾਮਲ ਹਨ।

ਸਿੱਖ ਗੁਰੂਆਂ ਦੁਆਰਾ ਉਹਨਾਂ ਦੀਆਂ ਰਚਨਾਵਾਂ ਵਿੱਚ ਵਰਤੀ ਗਈ ਭਾਸ਼ਾ ਨੂੰ ਲੇਬਲ ਕਰਨ ਲਈ ਵਰਤਿਆ ਜਾਣ ਵਾਲਾ ਸ਼ਬਦ ਸੰਤ ਭਾਸ਼ਾ ਹੈ, ਜੋ ਉੱਤਰੀ ਭਾਰਤ ਦੀ ਇੱਕ ਸੰਯੁਕਤ ਸਾਹਿਤਕ ਭਾਸ਼ਾ ਹੈ ਜੋ ਵੱਖ-ਵੱਖ ਖੇਤਰੀ ਅਤੇ ਇਤਿਹਾਸਕ ਭਾਸ਼ਣਾਂ ਤੋਂ ਸ਼ਬਦਾਵਲੀ ਉਧਾਰ ਲੈਂਦੀ ਹੈ। ਆਦਿ ਗ੍ਰੰਥ ਦਾ ਸਭ ਤੋਂ ਪਹਿਲਾ ਸੰਕਲਨ ਪੰਜਵੇਂ ਗੁਰੂ, ਗੁਰੂ ਅਰਜਨ ਦੇਵ (1563-1606) ਨੇ ਪਹਿਲੇ ਪੰਜ ਗੁਰੂਆਂ ਅਤੇ ਹੋਰ ਮਹਾਨ ਸੰਤਾਂ ਜਾਂ ਭਗਤਾਂ, ਜਿਹਨਾਂ ਵਿੱਚੋਂ ਕਈਆਂ ਦਾ ਹਿੰਦੂ ਧਰਮ ਅਤੇ ਇਸਲਾਮ ਨਾਲ ਵਾਸਤਾ ਸੀ, ਦੀ ਬਾਣੀ ਇਕੱਤਰ ਕਰ ਕੇ ਕੀਤਾ ਅਤੇ ਇਸ ਪਵਿੱਤਰ ਬੀੜ ਨੂੰ ਭਾਈ ਗੁਰਦਾਸ ਜੀ ਦੇ ਹੱਥੋਂ ਲਿਖਵਾਇਆ। ਉਸ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਨੂੰ ਇਕੱਤਰ ਕਰ ਕੇ ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਪਾਸੋਂ ਆਦਿ ਗ੍ਰੰਥ ਵਿੱਚ ਦਰਜ ਕਰਵਾ ਕੇ ਆਦਿ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਦਾ ਦਰਜਾ ਦਿੱਤਾ। ਦਸਮ ਪਿਤਾ ਦੇ ਜੋਤੀ-ਜੋਤਿ ਸਮਾਉਣ ਪਿੱਛੋਂ ਬਾਬਾ ਦੀਪ ਸਿੰਘ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਬਹੁਤ ਸਾਰੇ ਉਤਾਰੇ ਵੰਡੇ ਗਏ। ਗੁਰੂ ਗ੍ਰੰਥ ਸਾਹਿਬ ਦੀ ਲਿਖਾਈ ਗੁਰਮੁਖੀ ਲਿਪੀ ਵਿੱਚ ਹੋਈ ਹੈ ਅਤੇ ਬਹੁਤ ਸਾਰੀਆਂ ਬੋਲੀਆਂ ਅਤੇ ਉਪ-ਬੋਲੀਆਂ- ਜਿਵੇਂ ਕਿ ਲਹਿੰਦੀ ਪੰਜਾਬੀ, ਬ੍ਰਜ ਭਾਸ਼ਾ, ਖੜ੍ਹੀ ਬੋਲੀ, ਸੰਸਕ੍ਰਿਤ ਅਤੇ ਫ਼ਾਰਸੀ - ਕਈ ਵਾਰ ਜਿਹਨਾਂ ਦੇ ਸਮੂਹ ਨੂੰ ਸੰਤ ਭਾਸ਼ਾ ਕਿਹਾ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕ ਮਹਾਨ ਰਚਨਾ ਹੈ। ਇਸ ਦੀ ਮਹਾਨਤਾ ਇਕ ਧਾਰਮਿਕ ਗ੍ਰੰਥ ਵਜੋਂ ਹੀ ਨਹੀਂ ਹੈ, ਸਗੋਂ ਇੱਕ ਸੁਚੱਜੀ ਜੀਵਨ ਜਾਂਚ ਦਰਸਾਉਣ ਕਰਕੇ ਵੀ ਹੈ, ਇਹ ਅਧਿਆਤਮਕ ਜੀਵਨ ਦਾ ਵਿਲੱਖਣ ਮਾਰਗ ਦਰਸਾਉਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਮੁੱਚੀ ਬਾਣੀ ਆਤਮਾ ਤੇ ਪਰਮਾਤਮਾ ਦੇ ਸੰਬੰਧਾ ਦੀ ਗੱਲ ਕਰਦੀ ਹੈ ਅਤੇ ਉਹ ਮਾਰਗ ਦੱਸਦੀ ਹੈ ਜਿਸ ਰਾਹੀਂ ਆਤਮਾ ਨੂੰ ਉਸ ਪਰਮਾਤਮਾ ਵਿਚ ਲੀਨ ਹੋ ਜਾਣਾ ਹੈ। ਸਮਾ ਜਾਣਾ ਹੈ। ਇਸਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਚਿੰਤਨ ਵੀ ਹੈ, ਖਾਲਸਾ ਵੀ ਹੈ। ਜੀਵਨ ਦਾ ਸ਼ਾਇਦ ਹੀ ਕੋਈ ਇਹੋ ਜਿਹਾ ਸਰੋਕਾਰ ਹੋਵੇ, ਜਿਸਨੂੰ ਬਾਣੀ ਵਿਚ ਛੋਹਿਆ ਨਹੀਂ ਗਿਆ। ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਤਤਕਾਲੀਨ ਸਮਾਜਿਕ, ਰਾਜਨੀਤਿਕ, ਆਰਥਿਕ ਤੇ ਸਭਿਆਚਾਰਕ ਪ੍ਰਸਥਿਤੀਆ ਦੀ ਪੇਸ਼ਕਾਰੀ ਹੋਈ ਹੈ, ਉਥੇ ਇਕ ਆਦਰਸ਼ਕ ਸਮਾਜ ਦਾ ਮਾਡਲ ਵੀ ਦਿੱਤਾ ਗਿਆ ਹੈ। ਰਾਜਾ ਕਿਹਾ ਜਿਹਾ ਹੋਣਾ ਚਾਹੀਦਾ ਹੈ, ਪਰਜਾ ਕਿਹੋ ਜਿਹੀ ਹੋਣੀ ਚਾਹੀਦੀ ਹੈ ਗ੍ਰਹਿਸਥ ਕਿਹੋ ਜਿਹਾ ਹੋਣਾ ਚਾਹੀਦਾ ਹੈ, ਪਤਨੀ ਕਿਹੋ ਜਿਹੀ ਹੋਣੀ ਚਾਹੀਦੀ ਹੈ, ਪਤੀ ਕਿਹੋ ਜਿਹਾ ਹੋਣਾ ਚਾਹੀਦਾ ਹੈ, ਆਦਿ ਸਭ ਵਿਸ਼ਿਆਂ ਸੰਬੰਧੀ ਬਾਣੀ ਵਿਚ ਵਿਸਤ੍ਰਿਤ ਵਿਚਾਰ ਪੇਸ਼ ਕੀਤੇ ਗਏ ਹਨ। ਪ੍ਰੰਤੂ ਸਾਡੀ ਬਦਕਿਸਮਤੀ ਇਹ ਹੈ ਕਿ ਅਸੀਂ ਇਸ ਮਹਾਨ ਗ੍ਰੰਥ ਨੂੰ ਕੇਵਲ ਇਕ ਸੰਪ੍ਰਦਾਇੱਤਕ ਹੀ ਸੀਮਤ ਕਰ ਦਿੱਤਾ ਹੈ। ਇਸ ਕਰਕੇ ਉਹ ਚਿੰਤਨ, ਉਹ ਖ਼ਾਲਸਾ ਜਿਹੜਾ ਗੁਰੂ ਸਾਹਿਬਾਨ ਮਨੁੱਖੀ ਸਮਾਜ ਨੂੰ ਦੇਣਾ ਚਾਹੁੰਦੇ ਸਨ, ਉਸ ਦਾ ਪ੍ਰਚਾਰ ਉਸ ਢੰਗ ਨਾਲ ਨਹੀਂ ਹੋ ਸਕਿਆ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਸੁਪਨਾ ਲਿਆ ਸੀ। ਇਹ ਹੀ ਕਾਰਨ ਹੈ ਕਿ ਉਹ ਪੰਜਾਬੀ ਸਮਾਜ/ਸਭਿਆਚਾਰ ਜਿਸ ਦੀ ਵਿਰਾਸਤ ਗੁਰੂ ਗ੍ਰੰਥ ਸਾਹਿਬ ਵਰਗਾ ਮਹਾਨ ਆਦਰਸ਼ ਹੈ, ਅੱਜ ਬਾਹਰੀ ਪ੍ਰਭਾਵਾਂ ਦੀ ਮਾਰ ਹੇਠ ਆਪਣੀ ਪਛਾਣ ਗਵਾ ਰਿਹਾ ਹੈ।

ਸਮਾਜਿਕ ਨਿਜ਼ਾਮ ਵਿਚ ਬਹੁਤ ਸਾਰੇ ਪੱਖ/ਤੱਤ ਸ਼ਾਮਲ ਹੁੰਦੇ ਹਨ। ਸਭਿਆਚਾਰਕ ਗਤੀਵਿਧੀਆਂ, ਰਾਜਨੀਤਿਕ ਵਿਵਸਥਾ, ਨਿਆਪ੍ਰਣਾਲੀ, ਪਰਿਵਾਰਕ ਢਾਂਚਾ ਆਦਿ। ਪ੍ਰੰਤੂ ਸਮਾਜਿਕ ਨਿਜ਼ਾਮ ਦਾ ਸਮੁੱਚਾ ਦਾਰੋ-ਮਦਾਰ ਪਰਿਵਾਰਕ ਢਾਂਚੇ ਤੇ ਨਿਰਭਰ ਕਰਦਾ ਹੈ ਅਤੇ ਪਰਿਵਾਰਕ ਢਾਂਚੇ ਦੀ ਚੂਲ ਹੈ ਮਰਦ ਤੇ ਔਰਤ। ਗੁਰੂ ਗ੍ਰੰਥ ਸਾਹਿਬ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਗੁਰੂ ਸਾਹਿਬਾਨ ਨੇ ਸਮੁੱਚੀ ਬਾਣੀ ਨੂੰ ਔਰਤ ਦੇ ਉਚਾਰਾਂ ਵਜੋਂ ਸਿਰਜਿਆ ਹੈ। ਇਸ ਕਰਕੇ ਇਸ ਬਾਣੀ ਵਿਚ ਔਰਤ ਦੇ ਅਨੇਕ ਰੂਪ/ ਪੱਖ ਉਘੜਦੇ ਹਨ। ਸਮੁੱਚੀ ਬਾਣੀ ਆਤਮਾ ਤੇ ਪਰਮਾਤਮਾ ਦੇ ਸੰਬੰਧਾ ਦੀ ਗੱਲ ਕਰਦੀ ਹੈ। ਇਸ ਸੰਬੰਧ ਵਿਚ ਆਤਮਾ ਨੂੰ ਇਸਤਰੀ ਦੇ ਬਿੰਬ ਵਿਚ ਪੇਸ਼ ਕੀਤਾ ਗਿਆ ਹੈ। ਬਿੰਬ ਸਮਾਜਿਕ ਜੀਵਨ ਵਿਚੋਂ ਹੀ ਲਏ ਜਾਂਦੇ ਹਨ ਤਾਂ ਜੋ ਉਨ੍ਹਾਂ ਦਾ ਸਜੀਵ ਰੂਪ ਪਾਠਕਾਂ ਸਰੋਤਿਆਂ ਦੇ ਸਨਮੁਖ ਉਭਰ ਸਕੇ। ਗੁਰੂ ਸਾਹਿਬਾਨ ਨੇ ਸਮੁੱਚੀ ਲੁਕਾਈ ਨੂੰ ਜੀਵਆਤਮਾ ਦੇ ਰੂਪ ਵਿਚ ਪੇਸ਼ ਕੀਤਾ ਹੈ ਭਾਵ ਜੇਕਰ ਇਸ ਜੀਵ-ਆਤਮਾ ਨੇ ਉਸ ਪਰਮਾਤਮਾ ਨਾਲ ਮੇਲ ਸਥਾਪਤ ਕਰਨਾ ਹੈ ਤਾਂ ਉਸ ਵਿਚ ਇਕ ਸੁੱਚਜੀ ਔਰਤ ਵਾਲੇ ਗੁਣ ਹੋਣੇ ਚਾਹੀਦੇ ਹਨ, ਤਦੇ ਹੀ ਉਹ ਪ੍ਰਭੂ-ਪਤੀ ਦਾ ਵਸਲ ਪ੍ਰਾਪਤ ਕਰ ਸਕਦੀ ਹੈ।

ਜਿੰਨੇ ਵੱਖ-ਵੱਖ ਰਚਨਹਾਰੇ ਹਨ ਉਨ੍ਹੀਆਂ ਹੀ ਹਨ ਇਸ ਵਿੱਚ ਰਾਗ ਤੇ ਰਾਗਨੀਆਂ। ਸਾਰੇ ਮਜ਼ਮੂਨਾਂ ਨੂੰ ਵੱਖ-ਵੱਖ ਤਰ੍ਹਾਂ ਦੇ ਕਾਵਿ-ਰੂਪਾਂ ਵਿੱਚ ਪ੍ਰਗਟਾਇਆ ਹੈ। 31 ਰਾਗ ਵਰਤੇ ਗਏ ਹਨ। ਉਹਨਾਂ ਨੂੰ ਪਦਿਆਂ,ਅਸਟਪਦੀਆਂ ਤੇ 4 ਲਾਇਨ੍ਹਾਂ ਵਾਲੇ ਸਲੋਕਾਂ ਵਿੱਚ ਕਲਮਬੰਦ ਕੀਤਾ ਹੈ। ਲੰਬੀਆਂ ਰਚਨਾਵਾਂ ਵਾਰਾਂ ਦੇ ਰੂਪ ਵਿੱਚ ਹਨ। ਇਨ੍ਹਾਂ ਸਭ ਰਚਨਾਵਾਂ ਨੂੰ ਰਾਗਾਂ ਦੇ ਅਧਿਆਇਆਂ ਵਿੱਚ ਕਰਤੇ ਦੇ ਕ੍ਰਮ ਅਨੁਸਾਰ ਰਖਿਆ ਗਿਆ ਹੈ। 1430 ਅੰਗਾਂ ਵਾਲੀ ਬੀੜ ਜਿਸ ਨੂੰ ਸਿਖਾਂ ਦੀ ਪ੍ਰਤਿਨਿਧ ਸਭਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਸ ਰੂਪ ਵਿੱਚ ਛਾਪਣ ਦੀ ਮਾਨਤਾ ਹੈ ਇੱਕ ਮਿਆਰ ਬਣ ਗਈ ਹੈ। ਇਸ ਰੂਪ ਵਿੱਚ ਪੰਨਿਆਂ ਦਾ ਕ੍ਰਮ ਹੇਠ ਲਿਖੇ ਅਨੁਸਾਰ ਹੈ- ਸਿਰੀ ਰਾਗ(14-93) ਮਾਝ ਰਾਗੁ(94-150) ਗਉੜੀ ਰਾਗੁ(151-346) ਆਸਾ ਰਾਗੁ(347-488) ਗੂਜਰੀ ਰਾਗੁ(489-526) ਦੇਵਗੰਧਾਰੀ ਰਾਗੁ(527-536) ਬਿਹਾਗੜਾ ਰਾਗੁ(537-556) ਵਡਹੰਸ ਰਾਗੁ (557-594) ਸੋਰਠ ਰਾਗੁ (595-659) ਧਨਾਸਰੀ ਰਾਗੁ (660-695) ਜੈਤਸਰੀ ਰਾਗੁ (696-710) ਟੋਡੀ ਰਾਗੁ (711-718) ਬੈਰਾੜੀ ਰਾਗੁ (719-720) ਤਿਲੰਗ ਰਾਗੁ (721-727) ਸੂਹੀ ਰਾਗੁ (728-794) ਬਿਲਾਵਲ ਰਾਗੁ (795-858) ਗੋਂਡ ਰਾਗੁ (854-875) ਰਾਮਕਲੀ ਰਾਗੁ (876-974) ਨਟ ਨਰਾਇਣ ਰਾਗੁ (975-983) ਮਾਲਿ ਗਉੜਾ ਰਾਗੁ (984-988) ਮਾਰੂ ਰਾਗੁ(989-1106) ਤੁਖਾਰੀ ਰਾਗੁ (1107-1117) ਕੇਦਾਰ ਰਾਗੁ (1118-1124) ਭੈਰਉ ਰਾਗੁ(1125-1167) ਬਸੰਤੁ ਰਾਗੁ (1158-1196) ਸਾਰੰਗ ਰਾਗੁ (1197-1253) ਮਲਾਰ ਰਾਗੁ (1254-1293) ਕਾਨੜਾ ਰਾਗੁ (1294-1318) ਕਲਿਆਣ ਰਾਗੁ (1319-1326) ਪਰਭਾਤੀ ਰਾਗੁ (1327-1351) ਜੈਜਾਵੰਤੀ ਰਾਗੁ (1352-1353) ਸਲੋਕ ਸਹਸਕ੍ਰਿਤੀ(1353-1360) ਗਾਥਾ, ਫੁਨਹੇ ਤੇ ਚਉਬੋਲੇ (1360-1364) ਸਲੋਕ ਕਬੀਰ(1364-1377) ਸਲੋਕ ਫ਼ਰੀਦ (1377-1384) ਸਵੱਈਏ (1385-1409) ਸਲੋਕ ਵਾਰਾਂ ਤੋਂ ਵਧੀਕ (1410-1429) ਮੁੰਦਾਵਣੀ ਤੇ ਰਾਗਮਾਲਾ (1429-1430)

**ਭਗਤਾਂ ਦੀ ਬਾਣੀ:** ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਵਿੱਚੋਂ 22 ਰਾਗਾਂ ਵਿੱਚ ਭਗਤਾਂ ਦੀ ਬਾਣੀ ਹੈ। ਭਗਤਾਂ ਦੇ ਸਾਰੇ ਸ਼ਬਦ 349 ਹਨ, ਅਤੇ ਭਗਤ-ਬਾਣੀ ਵਿੱਚ 3 ਸ਼ਬਦ ਗੁਰੂ ਅਰਜਨ ਸਾਹਿਬ ਜੀ ਦੇ ਭੀ ਹਨ। ਸ਼ਬਦਾਂ ਤੋਂ ਇਲਾਵਾ ਗਉੜੀ ਰਾਗ ਵਿੱਚ ਭਗਤ ਕਬੀਰ ਜੀ ਦੀਆਂ 3 ਹੋਰ ਬਾਣੀਆਂ ਹਨ- ਬਾਵਨ ਅਖਰੀ, ਪੰਦ੍ਹ ਥਿਤੀ, ਸਤ ਵਾਰ। ਭਗਤ ਕਬੀਰ ਜੀ ਅਤੇ ਭਗਤ ਫਰੀਦ ਜੀ ਦੇ ਸ਼ਲੋਕਾਂ ਦੇ ਸੰਗ੍ਰਹ ਭੀ ਹਨ:- ਭਗਤ ਕਬੀਰ ਜੀ = 243 (ਇਹਨਾਂ ਸਲੋਕਾਂ ਵਿੱਚ ਗੁਰੂ ਸਾਹਿਬਾਨ ਦੇ ਭੀ ਕੁਝ) ਭਗਤ ਫਰੀਦ ਜੀ = 130 ਸਲੋਕ ਹਨ ਗੁਰੂ ਗਰੰਥ ਸਾਹਿਬ ਵਿੱਚ ਅਕਾਲ ਪੁਰਖ ਪ੍ਰਮਾਤਮਾ ਦੇ ਕਈ ਨਾਂ ਵਰਤੇ ਗਏ ।

ਬਾਬਾ ਸੁੰਦਰ ਜੀ ਦੀ ਬਾਣੀ 'ਸਦੁ' ਰਾਗ ਰਾਮਕਲੀ ਵਿੱਚ ਹੈ। 6 ਪਉੜੀਆਂ। ਹੇਠ ਲਿਖੇ ਭੱਟਾਂ ਦੇ ਸਵਯੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ:- ਕੱਲਸਹਾਰ, ਜਾਲਪ, ਕੀਰਤ, ਭਿੱਖਾ, ਸਲ੍ਹ, ਭਲ੍ਹ, ਨਲ੍ਹ, ਬਲ੍ਹ, ਗਯੰਦ, ਹਰਿਬੰਸ, ਮਥਰਾ ਭਾਈ ਗੁਰਦਾਸ ਦੀ ਉਗਾਹੀ ਮੁਜਬ ਭਾਦੋਂ ਵਦੀ ਏਕਮ ਸੰਮਤ 1661/1 ਅਗਸਤ 1604 ਵਾਲੇ ਦਿਨ ਇਹ ਸੰਕਲਨ ਮੁਕੰਮਲ ਹੋਇਆ। ਉਸ ਤੋਂ ਬਾਅਦ ਇਸ ਗ੍ਰੰਥ ਦਾ ਤਤਕਰਾ ਤੇ ਅੰਗ ਅੰਕਿਤ ਕਰਨਾ ਸ਼ੁਰੂ ਹੋਇਆ। 7000 ਸ਼ਬਦਾਂ ਦੇ ਇਸ ਸੰਗ੍ਰਿਹ ਵਿੱਚ ਉਸ ਸਮੇਂ ਪਹਿਲੇ ਪੰਜ ਗੁਰੂਆਂ, ਭਾਰਤ ਦੇ ਵਖ ਵਖ ਸੂਬਿਆਂ ਦੇ 15 ਭਗਤਾਂ ਤੇ ਸੂਫ਼ੀਆਂ ਜਿਹਨਾਂ ਵਿੱਚ ਸ਼ੇਖ ਫ਼ਰੀਦ, ਭਗਤ ਕਬੀਰ ਜੀ ਕਬੀਰ ਅਤੇ ਭਗਤ ਰਵਿਦਾਸ ਸ਼ਾਮਲ ਹਨ ਦੀ ਬਾਣੀ ਹੈ। ਇਸ ਪਵਿੱਤਰ ਗਰੰਥ ਦੇ 974 ਪਤਰੇ ਸਨ ਜਿਹਨਾਂ ਦੇ 12"x8"ਅਕਾਰ ਦੇ 1948 ਪੰਨੇ ਬਣਦੇ ਹਨ। ਇਨ੍ਹਾਂ ਵਿੱਚ ਕਈ ਖਾਲੀ ਪੰਨੇ ਵੀ ਸਨ। ਉਹ ਜਗ੍ਹਾਂ ਜਿੱਥੇ ਗੁਰੂ ਅਰਜਨ ਸਾਹਿਬ ਨੇ ਇਹ ਗ੍ਰੰਥ ਦਾ ਸੰਕਲਨ ਕੀਤਾ ਉੱਥੇ ਹੁਣ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਸਥਿਤ ਹੈ।

ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ, ਸ੍ਰੀ ਗੁਰੂ ਗਰੰਥ ਸਾਹਿਬ ਸਿਖਾਂ ਦੇ ਸ਼ਬਦ ਗੁਰੂ ਹਨ । ਸਾਹਿਬ ਤੇ ਸ੍ਰੀ ਸਤਿਕਾਰ ਦੇ ਲਖਾਇਕ ਹਨ; ਗੁਰੂ ਸ਼ਬਦ ਗੁਰਿਆਈ ਦੇ ਵਾਰਸ ਹੋਣ ਨਾਲ ਸਬੰਧ ਰੱਖਦਾ ਹੈ ਅਤੇ ਆਦਿ ਦੇ ਲਫ਼ਜ਼ੀ ਮਾਹਿਨੇ ਹਨ ਮੁੱਢਲਾ ਜਾਂ ਪਹਿਲਾ, ਜੋ ਇਸ ਗ੍ਰੰਥ ਨੂੰ ਸਿੱਖਾਂ ਦੀ ਦੂਸਰੀ ਪਵਿੱਤਰ ਗ੍ਰੰਥ ਦਸਮ ਗ੍ਰੰਥ, ਜਿਸ ਵਿੱਚ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਹੈ, ਤੋਂ ਨਿਖੇੜਦਾ ਹੈ। ਗੁਰੂ ਗ੍ਰੰਥ ਸਾਹਿਬ ਦੀਆਂ ਰਚਨਾਵਾਂ ਦੇ ਰਚਨਹਾਰੇ ਵੱਖ-ਵੱਖ ਸ਼੍ਰੇਣੀਆਂ ਅਤੇ ਫਿਰਕਿਆਂ ਨਾਲ ਸੰਬੰਧ ਰੱਖਦੇ ਸਨ; ਉਹਨਾਂ ਵਿੱਚ ਹਿੰਦੂ ਹਨ, ਮੁਸਲਮਾਨ ਹਨ ਅਤੇ ਨੀਵੀਆਂ ਤੇ ਉੱਚੀਆਂ ਜਾਤਾਂ ਦੇ ਵੀ ਹਨ।



ਦਵਿੰਦਰ ਕੌਰ ਖੁਸ਼ ਧਾਲੀਵਾਲ, ਖੋਜਕਰਤਾ, ਧੂਰਕੋਟ ਮੋਗਾ
8847227740

# ਮਨੁੱਖੀ ਜੀਵਨ ਨੂੰ ਤਹਿਸ-ਨਹਿਸ ਕਰ ਦੇਵੇਗੀ ਵੱਧ ਰਹੀ ਸੂਰਜੀ ਤਪਸ਼



- ਸੁਖਮੰਦਰ ਸਿੰਘ ਤੂਰ-

ਸਾਡੇ ਵਾਯੂਮੰਡਲ ਵਿਚ ਕਾਰਬਨਡਾਈਆਕਸਾਈਡ ਦੇ ਨਾਲ-ਨਾਲ ਹੋਰ ਵੀ ਕਈ ਅਜਿਹੀਆਂ ਗੈਸਾਂ ਇਕੱਤਰ ਹੋਈ ਜਾ ਰਹੀਆਂ ਹਨ, ਜੋ ਸੂਰਜ ਦੀ ਤਪਸ਼ 'ਚ ਲਗਾਤਾਰ ਵਾਧਾ ਕਰੀ ਜਾ ਰਹੀਆਂ ਹਨ, ਜਿਵੇਂ ਮੀਥੇਨ, ਨਾਈਟਸ-ਆਕਸਾਈਡ, ਕਲੋਰੀਨ ਆਦਿ। ਇਹ ਉਦਯੋਗ, ਖੇਤੀ ਅਤੇ ਘਰੇਲੂ ਕਾਰਗੁਜ਼ਾਰੀਆਂ ਦੀ ਹੀ ਉਪਜ ਹਨ। ਇਨ੍ਹਾਂ ਸਭਨਾਂ ਦੇ ਸਹਿਚਾਰ ਨਾਲ ਹੀ ਭੂਗੋਲਿਕ ਤਾਪਮਾਨ ਵਧਦਾ ਜਾ ਰਿਹਾ ਹੈ, ਹੁਣ ਤੱਕ ਤਾਂ ਇਹ ਵਾਧਾ ਮਾਮੂਲੀ ਸੀ, ਇਕ ਸੈਲਸੀਅਸ ਤੋਂ ਵੀ ਘੱਟ, ਪਰ ਅਨੁਮਾਨ ਹੈ ਕਿ ਸੰਨ 2100 ਤੱਕ ਇਹ 5 ਡਿਗਰੀ ਸੈਲਸੀਅਸ ਤੱਕ ਵਧ ਜਾਵੇਗਾ। ਆਪਣੀ ਵਧਦੀ ਉਮਰ ਨਾਲ ਵੱਧ ਤਪਦੇ ਜਾ ਰਹੇ ਸੂਰਜ ਨੇ ਪ੍ਰਿਥਵੀ ਦਾ ਇੰਨਾ ਕੁ ਤਾਪਮਾਨ ਵਧਾਉਣ 'ਚ 80 ਕਰੋੜ ਵਰ੍ਹੇ ਲੈ ਲੈਣੇ ਸਨ, ਪਰ ਇਹੋ ਕ੍ਰਿਸ਼ਮਾ ਅਸੀਂ 150 ਵਰ੍ਹਿਆਂ.'ਚ ਹੀ ਨੇਪਰੇ ਚਾੜ੍ਹਨ ਲਈ ਉਤਾਵਲੇ ਹੋਏ ਬੈਠੇ ਹਾਂ। ਮਾਹਿਰਾਂ ਦਾ ਕਹਿਣਾ ਹੈ ਕਿ ਮਨੁੱਖ ਜਾਤੀ ਲਈ ਇਹ ਤਪਸ਼ ਉੱਕਾ ਹੀ ਅਨਕੂਲ ਨਹੀਂ ਹੈ। ਅਜਿਹੇ ਹਾਲਾਤ ਵਿਚ ਕੀਟ, ਕੀਟਾਣੂ ਅਤੇ ਵਿਸ਼ਣੂ ਵਧ ਜਾਣਗੇ, ਜਿਨ੍ਹਾਂ ਕਰਕੇ ਕੋਵਿਡ-19 ਵਰਗੇ ਲਾਗ ਦੇ ਰੋਗ ਵਧਣਗੇ, ਜਿਹੜੇ ਬਵਾ ਬਣ ਕੇ ਫੈਲਣਗੇ ਅਤੇ ਮਨੁੱਖ ਜਾਤੀ ਨੂੰ ਤੇਜ਼ੀ ਨਾਲ ਨਿਗਲਣਗੇ।

ਭੂਗੋਲਿਕ ਤਾਪਮਾਨ ਵਧਣ ਕਰਕੇ ਮੌਸਮ ਅਤੇ ਰੁੱਤਾਂ 'ਚ ਫਰਕ ਪੈ ਰਹੇ ਹਨ। ਝੱਖੜਾਂ ਨੇ ਤੇਜ਼ੀ ਨਾਲ ਆਪਣਾ ਲਈ ਹੈ ਅਤੇ ਇਹ ਵਧੇਰੇ ਕਹਿਰਵਾਨ ਹੋ ਰਹੇ ਹਨ। ਵਰਖਾ ਨੇ ਆਪਣਾ ਵਤੀਰਾ ਬਦਲ ਲਿਆ। ਜਿੱਥੇ ਇਹ ਨਹੀਂ ਸੀ ਵਰ੍ਹਦੀ ਉੱਥੇ ਵਰ੍ਹਨ ਲੱਗ ਪਈ ਹੈ ਅਤੇ ਜਿੱਥੇ ਇਹ ਪਹਿਲਾਂ ਮਿਹਰਬਾਨ ਸੀ, ਉੱਥੋਂ ਇਸ ਨੇ ਕਿਨਾਰਾ ਕਰ ਲਿਆ ਹੈ। ਆਲੇ-ਦੁਆਲੇ ਬਦਲਦੇ ਜਾ ਰਹੇ ਹਾਲਾਤ ਖੇਤੀ ਲਈ ਉੱਕਾ ਹੀ ਅਨੁਕੂਲ ਨਹੀਂ ਹਨ। ਇਹ ਵੀ ਹੋ ਰਿਹਾ ਹੈ ਕਿ ਸੰਸਾਰ ਵਿਚ ਜਿੱਥੇ ਕਿੱਧਰੇ ਵੀ ਬਰਫ ਹੈ, ਖੁਰਨ ਲੱਗ ਪਈ ਹੈ। ਇਕੱਲੇ ਐਨਟਾਰਕਟਿਕਾ ਦੀਪ 'ਚ ਸੰਸਾਰ ਭਰ ਦੀ ਇਕੱਤਰ ਹੋਈ 90 ਫੀਸਦੀ ਬਰਫ ਜਿਹੜੀ ਪਿਛਲੇ 4 ਕਰੋੜ ਸਾਲਾਂ.'ਚ ਨਹੀਂ ਸੀ ਖੁਰੀ, ਉਹ ਸੂਰਜੀ ਤਪਸ਼ ਦੀ ਵਜ੍ਹਾ ਕਰਕੇ ਖੁਰਨ ਲੱਗ ਪਈ ਹੈ। ਜੇਕਰ ਇੱਥੇ ਇਕੱਤਰ ਹੋਈ ਸਾਰੀ ਬਰਫ ਖੁਰ ਗਈ ਤਦ ਸਾਗਰ 200 ਫੁੱਟ ਤੱਕ ਹੋਰ ਚੜ੍ਹ ਜਾਣਗੇ ਅਤੇ ਸਾਗਰੀ ਪਸਾਰ ਤਟਾਂ ਪਾਰਲੇ ਖੇਤੀ ਅਧੀਨ ਲੱਗਭਗ ਸਾਰੇ ਖੇਤਰਾਂ ਨੂੰ ਆਪਣੀ ਕੁੱਖ ਅੰਦਰ ਸਮੇਟ ਲੈਣਗੇ। ਇਸ ਤਰ੍ਹਾਂ ਦੁਨੀਆ ਦੀ ਅੱਧੀਓਂ ਵਧੇਰੇ ਆਬਾਦੀ ਭੁੱਖਮਰੀ ਦਾ ਸ਼ਿਕਾਰ ਹੋ ਜਾਵੇਗੀ। ਇਹ ਮਨੁੱਖ ਜਾਤੀ ਲਈ ਇਕ ਵੱਡੀ ਤਰਾਸਦੀ ਹੋਵੇਗੀ। ਵਾਤਾਵਰਣ ਵਿਚ ਪਏ ਵਿਗਾੜ ਦਾ ਮੂਲ ਲੱਭ ਕੇ ਹੀ ਇਸ ਭਿਆਨਕ ਤਰਾਸਦੀ ਦਾ ਹੱਲ ਤਲਾਸ਼ਿਆ ਜਾ ਸਕਦਾ ਹੈ।

# ਮਿੰਨੀ ਕਹਾਣੀ - ਸਰਪੰਚ ਤਾਂ ਮੈਂ ਵੀ ਸੀ



ਸਵਾਰੀਆਂ ਦੀ ਭਰੀ ਬੱਸ ਰਾਜੇਆਣੇ ਦੇ ਅੱਡੇ ਤੇ ਰੁਕੀ। ਕੰਡਕਟਰ ਨੇ ਕੜਕਵੀਂ ਅਵਾਜ਼ 'ਚ ਕਿਹਾ, " ਜੀਹਦੇ ਕੋਲ ਟੁੱਟੇ ਪੈਸੇ ਐ ਉਹੀ ਚੜੇ ਨਾਲੇ ਰਾਹ ਦੀ ਸਵਾਰੀ ਵੀ ਨਾ ਕੋਈ ਨਾਂ ਹੋਵੇ ਬੱਸ ਸਿੱਧੀ ਫਰੀਦਕੋਟ ਜਾਊ"। ਸ਼ਰੀਫ ਤਬੀਅਤ ਵਾਲੇ ਪਿੱਛੇ ਹਟ ਗਏ ਪਰ ਇੱਕ ਭਾਰੀ ਭਰਕਮ ਸਰਦਾਰ ਬੜੀ ਫੁਰਤੀ ਨਾਲ ਬਾਰੀ ਨੂੰ ਹੱਥ ਪਾ ਕੇ ਫਰੰਟ ਸ਼ੀਟ ਤੇਂ ਬੈਠੇ ਬਜੁਰਗ ਨੂੰ ਉਠਾ ਕੇ ਬੈਠ ਗਿਆ। ਕੰਡਕਟਰ ਕੋਲ ਆਇਆ ਤਾਂ ਉਸ ਨੇ ਅੱਗੇ ਨੂੰ ਝਾਕਦੇ ਪਿੱਛੇ ਬਾਹ ਕਰਕੇ ਪੰਜ ਸੌ ਦਾ ਨੋਟ ਫੜਾਇਆ। ਕੰਡਕਟਰ ਬੋਲਿਆ, " ਉਏ ਤੂੰ ਕੰਨਾਂ 'ਚ ਰੂੰ ਦਿੱਤੀ ਸੀ ਖੁਲੇ ਪੈਸੇ ਕੱਢ ਨਹੀਂ ਤਾਂ ਥੱਲੇ ਉੱਤਰ"। " ਮੈਨੂੰ ਕੁਛ ਕਿਹਾ ਹੈ?। ਸ਼ਖਸ਼ ਬੋਲਿਆ। " ਨਹੀਂ ਡੇਰੇ ਵਾਲਿਆਂ ਨੂੰ ਕਿਹਾ ਹੈ" ਕੰਡਕਟਰ ਨੇ ਗੁੱਸੇ 'ਚ ਕਿਹਾ। ਕਾੜ ਕਰਦਾ ਥੱਪੜ ਕੰਡਕਟਰ ਦੇ ਜਬਾੜਿਆਂ ਤੇ ਵੱਜਿਆ, " ਉਏ ਮੈਂ ਘੋਲੀਆ ਦਾ ਸਰਪੰਚ ਹਾਂ ਜਬਰਜੰਗ ਸਿਉਂ।

ਸੈਕਿੰਡ ਸ਼ੀਟ ਤੇ ਬੈਠੇ ਇੱਕ ਤੀਰ ਕੱਟ ਮੁੱਛਾਂ ਵਾਲੇ ਨੇ ਕਿਹਾ, " ਯਾਰ ਤੂੰ ਮੁੰਡੇ ਦੇ ਥੱਪੜ ਕਿਉਂ ਮਾਰਿਆ ਸਰਪੰਚ ਤਾਂ ਮੈਂ ਵੀ ਹਾਂ ਟੁੱਟੇ ਪੈਸੇ ਲੈ ਕੇ ਚੜਿਆਂ"। ਉਸ ਦੇ ਮਗਰਲੀ ਸ਼ੀਟ ਤੋਂ ਇੱਕ ਬੰਦਾ ਫੂੰ ਫੂੰ ਕਰਦਾ ਉੱਠਿਆ, " ਇੱਕ ਹੋਰ ਮਾਰ ਬਾਂਦਰ ਮੂੰਹੇਂ ਜਿਹੇ ਦੇ ਇਹ ਹੈ ਹੀ ਇਸੇ ਲਾਇਕ ਮੈਂ ਵੀ ਏਹਦੇ ਛਤਰੌਲ ਕਰਨ ਲੱਗਾ ਸੀ, ਮੈਂ ਰਾਉਕਿਆਂ ਦਾ ਸਰਪੰਚ ਹਾਂ" ਆਖ ਕੇ ਬੈਠ ਗਿਆ। ਕੰਡਕਟਰ ਨੇ ਬੱਸ ਰੋਕ ਲਈ। ਇੱਕ ਦਾੜੀ ਬੰਨੀ ਤੇ ਗਲ ਪਿਸਤੌਲ ਵਾਲਾ ਗਰਜਿਆ, ਮੈਂ ਸਾਰਿਆਂ ਨੂੰ ਥੱਲੇ ਉਤਾਰ ਕੇ ਡੱਡੂ ਪਰੇਡ ਕਰਾਊਂ ਬੱਸ ਕਿਉਂ ਰੋਕੀ ਐ। ਮੈਂ ਸੂਬੇਦਾਰ ਫੌਜਾ ਸਿੰਘ ਦੀਨੇ ਸਾਹਿਬ ਦਾ ਤਿੰਨ ਵੇਰ ਬਣਿਆ ਸਰਪੰਚ ਹਾਂ, ਆਹੋ।

ਬੱਸ ਰੁਕੀ ਵੇਖਕੇ ਸਾਹਮਣੇ ਤੋਂ ਪੁਲਿਸ ਦੀ ਗੱਡੀ ਆਈ ਤੇ ਵਿਚੋ ਥਾਣੇਦਾਰ ਕੜਿਆਂ ਵਾਲਾ ਉੱਤਰਿਆ ਤੇ ਬੱਸ 'ਚ ਸਰਪੰਚ ਜਬਰਜੰਗ ਨੂੰ ਵੇਖਕੇ ਬੋਲਿਆ, ਉਏ ਬੱਲੇ ਬੱਲੇ ਸਰਪੰਚ ਸਹਿਬ ਕਾਹਦਾ ਰੌਲਾ ਹੈ?"। ਜਨਾਬ ਬੱਸਾਂ ਦੇ ਮਾਲਕ ਬੇਵਕੂਫ ਤੇ ਲਫੰਗੇ ਮੁੰਡਿਆਂ ਨੂੰ ਮਹਿੰਗੀਆਂ ਬੱਸਾਂ ਵਿੱਚ ਟਿਕਟ ਕੱਟਣ ਲਾ ਦਿੰਦੇ ਹਨ, ਇਹ ਸਰਪੰਚਾਂ ਦਾ ਵੀ ਡਰ ਨਹੀਂ ਮੰਨਦੇ, ਮਰਜੀ ਕਰਦੇ ਹਨ" ਕਹਿ ਕੇ ਬੱਸ ਚੋਂ ਉਤਰਕੇ ਪੁਲਿਸ ਦੀ ਗੱਡੀ ਵਿੱਚ ਬੈਠ ਗਿਆ। ਮੈਂ ਪਿਛਲੀ ਸ਼ੀਟ ਤੇ ਬੈਠਾ ਸੋਚ ਰਿਹਾ ਸੀ ਕਿ ਮੈਂ ਵੀ ਤਾਂ ਸਰਪੰਚ ਸੀ, ਮੈਂ ਕਿਉਂ ਨਾ ਆਪਣੀ ਸਰਪੰਚੀ ਵਿਖਾਈ। ਡਰਾਈਵਰ ਨੇ ਕੰਡਕਟਰ ਨੂੰ ਕਿਹਾ, ਉਏ ਬੰਤਿਆ ਘਟਾਈਆਂ ਨੂੰ ਸੁੰਘ ਕੇ ਵੇਖਿਆ ਕਿਤੇ ਸਰਪੰਚ ਨਾ ਹੋਵੇ ਕੋਈ। -Sarwan Singh Patang-

# ਹੁਣ ਤਾਂ ਸਾਰੇ ਲੈਣ ਈ ਆਉਂਦੇ ਆ...!



ਇੰਸਪੈਕਟਰ ਹਰਜੀਤ ਬੁੱਟਰ ਅਤੇ ਸਰਬਜੀਤ ਟੋਕਾ ਦੋਵੇਂ ਪੁਰਾਣੇ ਬੇਲੀ ਸਨ ਤੇ ਤਕਰੀਬਨ ਸਾਰੀ ਨੌਕਰੀ ਐਸ.ਐਚ.ਉ. ਹੀ ਲੱਗਦੇ ਰਹੇ ਸਨ। ਇਸ ਕਾਰਨ ਦੋਵਾਂ ਨੇ ਵਧੀਆ ਮਾਲ ਕਮਾਇਆ ਸੀ। ਹਮਉਮਰ ਹੋਣ ਕਾਰਨ ਉਨ੍ਹਾਂ ਦੀ ਰਿਟਾਇਰਮੈਂਟ ਵੀ ਕੁਝ ਮਹੀਨਿਆਂ ਦੇ ਫਰਕ ਨਾਲ ਹੀ ਹੋਈ ਸੀ। ਇੱਕ ਦਿਨ ਅੰਮ੍ਰਿਤਸਰ ਹੋਣ ਵਾਲੀ ਮਹੀਨਾਵਾਰ ਰਿਟਾਇਰਡ ਪੁਲਿਸ ਅਫਸਰਾਂ ਦੀ ਮੀਟਿੰਗ ਵਿੱਚ ਹਿੱਸਾ ਲੈਣ ਲਈ ਆਏ ਤਾਂ ਦੋਵਾਂ ਦੀ ਮੁਲਾਕਾਤ ਹੋ ਗਈ। ਮੀਟਿੰਗ ਤੋਂ ਬਾਅਦ ਪੁਰਾਣੀਆਂ ਯਾਦਾਂ ਤਾਜ਼ਾ ਕਰਨ ਲਈ ਉਨ੍ਹਾਂ ਨੇ ਸਸਤੀ ਜਿਹੀ ਸ਼ਰਾਬ ਦਾ ਅਧੀਆ ਲਿਆ ਤੇ ਇੱਕ ਅਹਾਤੇ ਵਿੱਚ ਜਾ ਬੈਠੇ। ਵੈਸੇ ਨੌਕਰੀ ਵੇਲੇ ਉਨ੍ਹਾਂ ਨੇ ਠੇਕੇਦਾਰਾਂ ਦੇ ਸਿਰ 'ਤੇ ਕਦੇ 100 ਪਾਈਪਰ ਤੋਂ ਘੱਟ ਸ਼ਰਾਬ ਨਹੀਂ ਸੀ ਪੀਤੀ। ਅਹਾਤੇ ਵਾਲਿਆਂ ਨੂੰ ਆਰਡਰ ਦੇ ਕੇ ਦੋਵੇਂ ਦੁੱਖ ਸੁੱਖ ਫੋਲਣ ਲੱਗ ਪਏ। ਸ਼ਰਾਬ ਬੁੱਟਰ ਨੇ ਲਈ ਸੀ ਜਿਸ ਕਾਰਨ ਅਹਾਤੇ ਦਾ ਬਿੱਲ ਟੋਕੇ ਦਾ ਬਣਦਾ ਸੀ। ਬਿੱਲ ਦੇਣ ਲੱਗਿਆਂ ਟੋਕੇ ਨੇ ਵੱਡਾ ਸਾਰਾ ਹੌਕਾ ਭਰਿਆ। ਬੁੱਟਰ ਨੇ ਚੌਂਕ ਉਸ ਵੱਲ ਵੇਖਿਆ, "ਐਡਾ ਹੌਕਾ? ਭਰਾਵਾ ਆਮਲੇਟ ਦੇ 250 ਤਾਂ ਬਣੇ ਆ ਸਾਰੇ।

ਆਪਾਂ ਕਿਹੜਾ ਮੁਰਗਾ ਖਾਧਾ ਆ। " ਟੋਕੇ ਨੇ ਭੇਤ ਖੋਲ੍ਹਿਆ, "ਯਾਰ ਪੁਰਾਣਾ ਸਮਾਂ ਯਾਦ ਆ ਗਿਆ। ਆਪਾਂ ਰਿਟਾਇਰ ਹੋਗੇ ਨਈਂ ਇਸ 'ਹਾਤੇ ਵਾਲੇ ਦੀ ਕੀ ਜ਼ੁਰਅਤ ਹੋਣੀ ਸੀ ਸਾਥੋਂ ਪੈਸੇ ਮੰਗਣ ਦੀ। ਹੁਣ ਤਾਂ ਭਰਾਵਾ ਜਿਹੜਾ ਆਉਂਦਾ, ਲੈਣ ਈ ਆਉਂਦਾ ਆ, ਦੇਣ ਕੋਈ ਨਈਂ ਆਉਂਦਾ। ਕਦੇ ਕੇਬਲ ਵਾਲਾ, ਕਦੇ ਦੁੱਧ ਵਾਲਾ, ਕਦੇ ਕਰਿਆਨੇ ਵਾਲਾ, ਕਦੇ ਬਿਜਲੀ ਦਾ ਬਿੱਲ, ਇੰਟਰਨੈੱਟ ਦਾ ਬਿੱਲ ਤੇ ਕਦੇ ਮੋਬਾਇਲ ਰੀਚਾਰਜ। ਪੈਨਸ਼ਨ ਤਾਂ ਦਸ ਦਿਨ ਨਈਂ ਕੱਢਦੀ। " ਸੁਣ ਕੇ ਬੁੱਟਰ ਦਾ ਵੀ ਮਨ ਖਰਾਬ ਹੋ ਗਿਆ ਤੇ ਦੋਵੇਂ ਆਪੋ ਆਪਣੀਆਂ ਗੱਡੀਆਂ ਵੱਲ ਤੁਰ ਪਏ।

ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ, 95011-00062

# ਚੋਣਾਂ ਹਰ ਮਹੀਨੇ ਹੋਣੀਆਂ ਚਾਹੀਦੀਆਂ ਹਨ

ਦੋ ਗੈਂਗਸਟਰ ਮੱਗੂ ਗੁਰਦਾਸਪੁਰੀਆ ਤੇ ਸੁੱਖਾ ਸਿਕਸਰ ਆਪਣੇ ਕਿਸੇ ਸਾਥੀ ਦੀ ਮੋਟਰ 'ਤੇ ਬੈਠੇ ਪਿਸਤੌਲ ਸਾਫ ਕਰ ਰਹੇ ਸਨ। ਉਹ ਹੁਣੇ ਹੁਣੇ ਫਿਰੌਤੀ ਦੇਣ ਤੋਂ ਇਨਕਾਰ ਕਰਨ ਵਾਲੇ ਸੇਠ ਚਿਰੰਜੀ ਲਾਲ ਦੇ ਘਰ 'ਤੇ ਫਾਇਰਿੰਗ ਕਰ ਕੇ ਆਏ ਸਨ। ਪਿਸਤੌਲ ਵਿੱਚ ਫੁਲਤਰੂ ਫੇਰਦਾ ਹੋਇਆ ਮੱਗੂ ਹੱਸ ਕੇ ਬੋਲਿਆ, "ਸੁੱਖਿਆ, ਮੈਂ ਤਾਂ ਕਹਿੰਨਾਂ ਪੰਜਾਬ ਵਿੱਚ ਹਰ ਦੋ ਚਾਰ ਮਹੀਨਿਆਂ ਬਾਅਦ ਕੋਈ ਨਾ ਕੋਈ ਚੋਣ ਹੋਣੀ ਚਾਹੀਦੀ ਐ।

ਆਪਣਾ ਚੰਗਾ ਸੂਤਰ ਬਹਿ ਜਾਂਦਾ ਚੋਣਾਂ ਵੇਲੇ। " ਸੁੱਖਾ ਚੌਂਕਿਆ, "ਉਹ ਕਿਵੇਂ? ਚੋਣਾਂ ਵੇਲੇ ਤਾਂ ਸਗੋਂ ਪੁਲਿਸ ਦੇ ਨਾਕੇ ਤੇ ਚੈਕਿੰਗ ਅੱਗੇ ਨਾਲੋਂ ਜਿਆਦਾ ਵਧ ਜਾਂਦੀ ਆ ਤੇ ਅਸਲ੍ਹਾ ਤੇ ਹੋਰ ਚਿੱਟਾ ਕਾਲਾ ਮਾਲ ਐਧਰੋਂ ਉਧਰ ਕਰਨਾ ਔਖਾ ਹੋ ਜਾਂਦਾ ਆ। ਚੇਤਾ ਨਈਂ? ਪਿਛਲੀਆਂ ਚੋਣਾਂ ਵੇਲੇ ਪੁਲਿਸ ਵਾਲਿਆਂ ਨੇ ਆਪਣੀ ਕਾਰ ਘੇਰ ਲਈ ਸੀ, ਮਸਾਂ ਕਮਾਦ ਵਿੱਚ ਲੁਕ ਕੇ ਜਾਨ ਬਚਾਈ ਸੀ। " "ਉਹ ਤਾਂ ਚੱਲ ਆਪਣੇ ਧੰਦੇ ਵਿੱਚ ਚੱਲਦਾ ਈ ਰਹਿੰਦਾ ਆ। ਅਸਲ ਗੱਲ ਇਹ ਆ ਕਿ ਚੋਣਾਂ ਵੇਲੇ ਪੁਲਿਸ ਦਾ ਸਾਰਾ ਜ਼ੋਰ ਸ਼ਰੀਫ ਲੋਕਾਂ ਦਾ ਅਸਲ੍ਹਾ ਜਮ੍ਹਾਂ ਕਰਨ 'ਤੇ ਲੱਗ ਹੁੰਦਾ ਆ। ਉਹ ਤਾਂ ਇਹ ਵੀ ਨਹੀਂ ਵੇਖਦੇ ਕਿ ਕਿਸੇ ਦੀ ਕੋਈ ਦੁਸ਼ਮਣੀ ਜਾਂ ਕਿਸੇ ਤੋਂ ਖਤਰਾ ਤਾਂ ਨਈਂ? ਇਹ ਤਾਂ ਆਪਣੇ ਲਟੈਰ (ਰਿਟਾਇਰਡ) ਪੁਲਿਸ ਮੁਲਾਜ਼ਮਾਂ ਦਾ ਅਸਲ੍ਹਾ ਵੀ ਨਈਂ ਬਖਸ਼ਦੇ। ਜੇ ਉਹ ਠਾਣੇ (ਥਾਣੇ) ਜਾਂਦੇ ਆ ਤਾਂ ਐਸ.ਐਚ.ਉ. ਅੱਗੋਂ ਇਹ ਕਹਿ ਕੇ ਟਾਲ ਦੇਂਦੇ ਆ ਕਿ ਐਸ.ਐਸ.ਪੀ. ਨਾਲ ਗੱਲ ਕਰ ਲਉ। ਪਰ ਆਪਣਾ ਅਸਲ੍ਹਾ ਜਮ੍ਹਾਂ ਕਰਾਉਣ ਦੀ ਹਿੰਮਤ ਕਿਸੇ ਟੁੰਡੀ ਲਾਟ ਵਿੱਚ ਵੀ ਨਈਂ ਹੈਗੀ। ਆਪਾਂ ਨੂੰ ਪੂਰੀ ਖੁਲ੍ਹ ਆ ਕਿ ਭਾਵੇਂ ਕਿਸੇ ਨੂੰ ਸਰਪੰਚੀ ਦੇ ਕਾਗਜ਼ ਵਾਪਸ ਕਰਨ ਦੀ ਧਮਕੀ ਦੇ ਦਈਏ, ਫਿਰੌਤੀ ਮੰਗ ਲਈਏ ਤੇ ਨਾ ਦੇਣ 'ਤੇ ਗੱਡੀ ਚਾੜ੍ਹ ਦਈਏ। ਆ ਜਿਹੜੇ ਚਿਰੰਜੀ 'ਤੇ ਆਪਾਂ ਕੱਚੀ ਫਾਇਰਿੰਗ ਕਰ ਕੇ ਆਏ ਆਂ ਨਾ, ਇਸ ਦੀ ਰਫਲ ਤੇ ਪਿਸਤੌਲ ਥਾਣੇ ਵਾਲਿਆਂ ਨੇ ਜਮ੍ਹਾ ਕਰਵਾ ਰੱਖਿਆ ਆ। ਵੇਖੀਂ ਦੋ ਦਿਨਾਂ 'ਚ ਈ ਪੈਰੀਂ ਪੈ ਕੇ ਦਸ ਲੱਖ ਦੇ ਕੇ ਜਾਊਗਾ ਨਈਂ ਇਹਦੀ ਧੁਰ ਦੀ ਟਿਕਟ ਪੱਕੀ। " ਦੋਵੇਂ ਉੱਚੀ ਉੱਚੀ ਹੱਸਣ ਲੱਗ ਪਏ ਤੇ ਕਿਸੇ ਨਵੇਂ ਸ਼ਿਕਾਰ ਨੂੰ ਧਮਕੀ ਭੇਜਣ ਬਾਰੇ ਸੋਚਣ ਲੱਗ ਪਏ।



ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ.), ਪੰਡੋਰੀ ਸਿੱਧਵਾਂ 9501100062

## ਭਾਗ-16

# ਤਸਵੀਰ ਜ਼ਿੰਦਗੀ ਦੀ...

ਅੱਜ ਸਵੇਰੇ ਹੀ ਅਮਰੀਕਾ ਤੋਂ ਪਰੀਤੋ ਦਾ ਫੋਨ ਆ ਗਿਆ, ਹਾਲਚਾਲ ਪੁੱਛਣ ਤੋਂ ਬਾਅਦ ਵੀਰਪਾਲ ਨੇ ਉਹਨਾਂ ਦੇ ਆਉਣ ਬਾਰੇ ਪੁੱਛਿਆ ਤਾਂ ਉਹਨੇ ਡੇਢ ਦੋ ਸਾਲ ਬਾਅਦ ਆਉਣ ਬਾਰੇ ਮਾਂ ਨੂੰ ਦੱਸਿਆਂ।

ਵੀਰਪਾਲ ਨੇ ਨਾਨਕ ਦੇ ਰਿਸ਼ਤੇ ਬਾਰੇ ਵੀ ਗੱਲ ਕੀਤੀ ਕੇ ਭਜਨਾ ਬਾਈ ਰਿਸ਼ਤਾ ਲੈਕੇ ਆਇਆ ਹੈ, ਪਰੀਤੋ ਕਹਿੰਦੀ, "ਮਾਂ ਗੱਲ ਕਰ ਲਉ ਘਰ ਦੇਖ ਲਵੋਂ ਤੇ ਜੇ ਜੱਚ ਜਾਵੇ ਤਾਂ ਪੱਕਾ ਕਰਲੋ, ਵਿਅਹ ਸਾਡੇ ਆਉਣ ਤੇ ਕਰਾਂਗੇ....ਅਗਲੇ ਨੂੰ ਸਾਫ਼ ਸਾਫ਼ ਹੀ ਦੱਸ ਦਿਉ।"

"ਚੱਲ ਠੀਕ ਹੈ ਪੁੱਤ ....ਮੈਨੂੰ ਵੀ ਤੇਰੀ ਆ ਗੱਲ ਠੀਕ ਲੱਗਦੀ ਹੈ। ਪਰੀਤੋ ਪੁੱਤ ਮੈ ਤੇਰੇ ਨਾਲ ਇੱਕ ਗੱਲ ਹੋਰ ਕਰਨੀ ਸੀ। "ਵੀਰਪਾਲ ਥੋੜ੍ਹਾ ਜਿਹਾ ਰੁਕ ਕੇ ਬੋਲਦੀ ਹੈ।

" ਦੱਸ ਮਾਂ ਕੀ ਗੱਲ ਹੈ....?ਨਾਲੇ ਇਕਦਮ ਹੀ ਤੂੰ ਉਦਾਸ ਕਿਉਂ ਹੋ ਗਈ ਹੈ ਸਭ ਕੁਝ ਠੀਕ ਠਾਕ ਤਾਂ ਹੈ.... ਬੇਬੇ ਠੀਕ ਹੈ ,ਤੇਰੀ ਆਪਣੀ ਸਿਹਤ ਤਾਂ ਠੀਕ ਹੈ..... !"

"ਹਾਂ ਪੁੱਤ ਬੇਬੇ ਵੀ ਠੀਕ ਹੈ ਤੇ ਮੇਰੀ ਸਿਹਤ ਵੀ ਚੰਗੀ ਭਲੀ ਹੈ.... !"

"ਸ਼ੁਕਰ ਹੈ ਰੱਬ ਦਾ ਫਿਰ ਹੋਰ ਕੋਈ ਪੈਸੇ ਧੇਲੇ ਦੀ ਤਾਂ ਲੋੜ ਨਹੀਂ ਹੈ ਜੇ ਕੁਝ ਚਾਹੀਦਾ ਹੈ ਤਾਂ ਦੱਸ,ਮੈਂ ਹੁਣੇ ਹੀ ਭੇਜ ਦਿੰਦੀ ਹਾਂ ਤੇਰੀਆਂ ਧੀਆਂ ਵੀ ਕਮਾਈ ਕਰਦੀਆਂ ਹਨ ...ਹੁਣ ਤਾਂ.. !"

"ਨਹੀਂ ਪੁੱਤ ਇਹੋ ਜੇਹੀ ਕੋਈ ਗੱਲ ਨਹੀਂ ਹੈ।"

ਫਿਰ ਨਾਨਕ ਦੀ ਸਿਹਤ ਤਾਂ ਠੀਕ ਹੈ,ਤੂੰ ਉਦਾਸ ਕਿਉਂ ਹੋ ਗਈ ਹੈ ਇਕਦਮ ਮੈਨੂੰ ਦੱਸ ਮੇਰਾ ਚਿੱਤ ਘਬਰਾਉਂਦਾ ਹੈਂ? "

"ਨਾਨਕ ਵੀ ਚੰਗਾ ਭਲਾ ਹੈ ਪਰ ਮੈ ਗੱਲ ਨਾਨਕ ਦੀ ਹੀ ਕਰਨੀ ਹੈ।"

"ਦੱਸ ਕੀ ਗੱਲ ਹੈ....?"

"ਪਰੀਤੋ ਮੇਰਾ ਮਨ ਅੰਦਰੋ ਬਹੁਤ ਡਰਦਾ ਹੈ।"

"ਮਾਂ ਤੂੰ ਗੱਲ ਦੱਸ ਵੀ ਤਾਂ ਸਹੀ... ਬੁਝਾਰਤਾਂ ਕਿਉਂ ਪਾਈ ਜਾਂਦੀ ਹੈਂ।"

"ਪਰੀਤੋ ਨਾਨਕ ਹੁਣ ਪਹਿਲਾਂ ਵਾਲਾ ਨਾਨਕ ਨਹੀ ਰਿਹਾ, ਉਹ ਨਿੱਕੀ ਨਿੱਕੀ ਗੱਲ ਤੇ ਗੁੱਸੇ ਹੋ ਜਾਂਦਾ ਹੈ ਤੇ ਹੁਣ ਉਸਦੀ ਸੰਗਤ ਵੀ ਮਾੜੇ ਬੰਦਿਆਂ ਨਾਲ ਹੋ ਗਈ ਹੈ।"

"ਤੂੰ ਉਸਨੂੰ ਸਮਝਾਉਂਦੀ ਕਿਉਂ ਨਹੀਂ.....?"

"ਮੈਂ ਤਾਂ ਬਥੇਰਾ ਸਮਝਾਉਂਦੀ ਹਾਂ। ਜੇ ਮੈਂ ਕੁਝ ਕਹਿੰਦੀ ਹਾਂ ਤਾਂ ਅੱਗੋ ਮੇਰੇ ਗੱਲ ਪੈਂਦਾ ਹੈ,ਸ਼ਰਾਬ ਲਗਭਗ ਰੋਜ਼ ਵਾਗੂੰ ਹੀ ਪੀਣ ਲੱਗ ਪਿਆ ਹੈ ,ਸਵੇਰੇ ਹੀ ਘਰੋ ਨਿਕਲ ਜਾਂਦਾ ਹੈ ਤੇ ਮੁੜ ਸ਼ਾਮਾਂ ਨੂੰ ਵਾਪਸ ਆਉਂਦਾ ਹੈ, ਮੈਂ ਬੋਲਦੀ ਹਾਂ ਤਾਂ ਬੇਬੇ ਕੁਝ ਜਿਆਦਾ ਕਹਿਣ ਨਹੀਂ ਦਿੰਦੀ।"

"ਆਹ ਤਾਂ ਬਹੁਤ ਮਾੜੀ ਗੱਲ ਹੈ ਨਾਨਕ ਦੀ।"

"ਬਾਪੂ ਜੀ ਸਨ ਤਾਂ ਥੋੜਾ ਡਰ ਵੀ ਮੰਨਦਾ ਸੀ ਹੁਣ ਤਾਂ ਮੂਹਰੇ ਬੋਲਦਾ ਹੈ ਤੇ ਕਿਸੇ ਦੀ ਜਵਾਂ ਵੀ ਸ਼ਰਮ ਨਹੀਂ ਕਰਦਾ,ਮੈਨੂੰ ਤਾਂ ਅੰਦਰੋ ਅੰਦਰੀ ਝੋਰਾ ਖਾਈ ਜਾਂਦਾ ਹੈ। "

"ਤੂੰ ਫਿਕਰ ਨਾ ਕਰ.....ਮੈਂ ਗੱਲ ਕਰਦੀ ਹੈ ਉਸ ਦੇ ਨਾਲ..... !"

"ਨਾ ਪੁੱਤ ਨਾ ਕਰੀਂ ਫੇਰ ਘਰੇ ਕਲੇਸ਼ ਪਾ ਲੈਣਾ ਹੈ ਕਿ ਤੂੰ ਕੰਨ ਭਰਦੀ ਹੈ ਭੈਣਾਂ ਦੇ... ਮੈਂ ਤਾਂ ਇਸ ਗੱਲੋ ਵੀ ਡਰਦੀ ਹਾਂ।"

"ਮਾਂ ਇੰਝ ਕਿਵੇਂ ਚੱਲੇਗਾ ਗੱਲ ਤਾਂ ਕਰਨੀ ਹੀ ਪੈਣੀ ਹੈ।"

"ਜਦੋਂ ਆਈ ਉਦੋਂ ਕਰ ਲਈ।"

"ਕਿਤੇ ਮਾਂ ਉਦੋਂ ਤੱਕ ਦੇਰ ਨਾ ਹੋ ਜਾਵੇ, ਮੈਂ ਤਾਂ ਕਹਿੰਦੀ ਹਾਂ ਗੱਲ ਕਰ ਹੀ ਲੈਣੀ ਹਾਂ।"

"ਚੱਲ ਫੇਰ ਕਿਸੇ ਦਿਨ ਮੌਕਾ ਦੇਖ ਕੇ ਕਰ ਲਵੀਂ।"

"ਠੀਕ ਹੈ ਮਾਂ... ਮੈਂ ਰੱਖਦੀ ਹਾਂ ਕੰਮ ਤੇ ਵੀ ਜਾਣਾ ਹੈ ....ਕੱਲ੍ਹ ਨੂੰ ....ਹੁਣ ਕਾਫ਼ੀ ਦੇਰ ਹੋ ਗਈ ਤੂੰ ਆਪਣਾ ਧਿਆਨ ਰੱਖੀ, ਬਿਲਕੁਲ ਵੀ ਫਿਕਰ ਨਾ ਕਰੀ.... ਚੰਗਾ ਫੇਰ ਸਤਿ ਸ੍ਰੀ ਅਕਾਲ ।"ਆਖ ਫੋਨ ਰੱਖ ਦਿੰਦੀ ਹੈ।



"ਬਾਹਰੋਂ ਦੋ ਬੱਚੇ ਆਉਂਦੇ ਹਨ ਆਂਟੀ ਆਂਟੀ ਨਾਨਕ ਬਾਈ ਬਾਹਰ ਡਿੱਗਿਆ ਪਿਆ ਹੈ।"

"ਹਾਏ ਮੈਂ ਮਰ ਗਈ।"

(ਵੀਰਪਾਲ ਦੀ ਚੀਕ ਨਿਕਲ ਜਾਂਦੀ ਹੈ)

"ਕੀ ਹੋ ਗਿਆ ਮੇਰੇ ਨੂੰ ਪੁੱਤ ਕੀ ਹੋ ਗਿਆ.....ਕਿੱਥੇ ਡਿੱਗਿਆ ਪਿਆ ਹੈ....?"

ਵੀਰਪਾਲ ਨੰਗੇ ਪੈਰੀਂ ਨੰਗੇ ਸਿਰ ਘਰੋਂ ਕਾਹਲੀ ਨਾਲ ਬੱਚਿਆਂ ਦੇ ਨਾਲ ਬਾਹਰ ਗਲੀ ਵਿੱਚ ਬਾਹਰ ਆਉਂਦੀ ਹੈ।

(ਬਾਹਰ ਨਾਨਕ ਦਾ ਸਕੂਟਰ ਇੱਕ ਪਾਸੇ ਡਿੱਗਿਆ ਪਿਆ ਹੁੰਦਾ ਹੈ ਤੇ ਦੂਜੇ ਪਾਸੇ ਨਾਨਕ) "ਵੇ ਨਾਨਕਾ ਵੇ ਨਾਨਕਾ ਕੀ ਹੋ ਗਿਆ ਤੈਨੂੰ ....ਵੇ ਬੋਲਦਾ ਕਾਹਤੋਂ ਨਹੀਂ ਕੀ ਹੋ ਗਿਆ...?"

(ਕੋਲੋਂ ਲੰਘਦਾ ਬਜੁਰਗ ਬੋਲਦਾ ਹੈ)

"ਹੋਣਾ ਕੀ ਹੈ ਕੁੜੀਏ ਨਸ਼ਾ ਵੱਧ ਹੋ ਗਿਆ ਹੋਣਾ ਹੈ, ਘਰੇ ਲੈ ਜਾਹ ਤੇ ਜਾ ਕੇ ਸਿਰ ਵਿੱਚ ਠੰਡਾ ਪਾਣੀ ਪਾ...ਆ ਜਿਹੜੇ ਜੱਚ ਕਰੀ ਜਾਂਦਾ ਹੈ। ਸਭ ਨਸ਼ੇ ਵਾਲਿਆਂ ਵਾਲੇ ਹੀ ਹਨ, ਚਲੋ ਉਏ ਮੁੰਡਿਉ ਖੜ੍ਹੇ ਕੀ ਵੇਖਦੇ ਹੋ ਚੁੱਕ ਕੇ ਘਰੇ ਛੱਡ ਆਉ।"

(ਮੁੰਡਿਆਂ ਨੇ ਨਾਨਕ ਨੂੰ ਚੁੱਕ ਕੇ ਘਰ ਅੰਦਰ ਛੱਡ ਦਿੱਤਾ ਤੇ ਚਲੇ ਗਏ)

(ਸੀਤੋ ਵੀ ਬਾਹਰੋ ਬਾਰੇ ਰੌਲਾ ਪਾਉਂਦੀ ਆਉਂਦੀ ਹੈਂ)

"ਵੀਰਪਾਲੇ ਨੀ ਵੀਰਪਾਲੇ ਕੀ ਹੋ ਗਿਆ ਨਾਨਕ ਨੂੰ....ਗਲੀ ਵਿੱਚ ਬਹੁਤ ਰੌਲਾ ਪਿਆ ਹੈ।"

"ਜਿਹੜੀ ਗੱਲ ਤੋ ਡਰਦੇ ਸੀ ਬੇਬੇ ਉਹੀ ਗੱਲ ਹੋ ਗਈ ਹੈ ਤੇਰਾ ਨਾਨਕ ਨਸ਼ਾ ਕਰਨ ਲੱਗ ਪਿਆ ਹੈ..... ਅੱਜ ਨਸ਼ੇ ਵਿੱਚ ਪਤਾ ਹੀ ਨਹੀਂ ਲੱਗਾ ਕਦੋਂ ਗਲੀ ਵਿੱਚ ਡਿੱਗ ਪਿਆ.... ਉਹ ਤਾਂ ਜਵਾਕ ਖੇਡੀ ਜਾਂਦੇ ਸਨ ਦੱਸ ਗਏ ਨਹੀਂ ਤਾਂ ਡਿੱਗਿਆ ਰਹਿਣਾ ਸੀ ਨਾਲੀ ਵਿੱਚ ਕੁਝ ਪਤਾ ਵੀ ਨਹੀਂ ਚੱਲਣਾ ਸੀ।"

"ਹਾਏ ਮੈਂ ਮਰ ਜਾਵਾਂ ਵੇ ਬੋਲਦਾ ਕਿਉਂ ਨਹੀਂ... ... ਕੀ ਹੋ ਗਿਆ ਤੈਨੂੰ....?"

"ਕੁਝ ਨਹੀ ਹੋਇਆ ਬੇਬੇ ਨਸ਼ਾ ਦਿਮਾਗ ਨੂੰ ਚੜ ਗਿਆ ਹੈ ਪਾਣੀ ਪਾਉਂਦੇ ਹਾਂ ਸਿਰ ਵਿੱਚ.....ਜਦੋ ਉਤਰਿਆ ਫੇਰ ਠੀਕ ਹੋਵੇਗਾ।"

(ਦੋ ਘੰਟਿਆਂ ਬਾਅਦ ਨਾਨਕ ਥੋੜਾ ਜਿਹਾ ਠੀਕ ਹੁੰਦਾ ਹੈ)

ਸੀਤੋ,ਵੀਰਪਾਲ ਨੂੰ ਕਹਿੰਦੀ ਹੈ, "ਰੋਟੀ ਲਿਆ ਨੀ ਸਵੇਰ ਦਾ ਮੇਰਾ ਪੁੱਤਰ ਭੁੱਖਾ ਹੈ, ਵੇਖ ਤਾਂ ਸਹੀ ਮੂੰਹ ਹੀ ਉਤਰਿਆ ਪਿਆ,ਲਿਆ ਜਲਦੀ ਨਾਲ ਰੋਟੀ ਬਣਾਕੇ।"

"ਬੇਬੇ ਲੈ ਕੇ ਆਉਂਦੀਂ ਹਾਂ ਕੋਈ ਨਾ ਤੇਰਾ ਪੁੱਤਰ ਕੋਈ ਜੰਗ ਜਿੱਤ ਕੇ ਨਹੀਂ ਆਇਆ ਜਿਹੜੀ ਬਾਹਲੀ ਕਾਹਲੀ ਕਰੀ ਜਾਂਦੀ ਹੈ ਬਾਹਰੋਂ ਨਾਲੇ ਵਿੱਚੋਂ ਚੁੱਕ ਲਿਆਦਾਂ ਹੈ, ਇਹਨੂੰ ਕਹਿ ਪਹਿਲਾਂ ਨਹਾਂ ਲਵੇ ਇੱਥੋ ਤੱਕ ਮੁਸ਼ਕ ਮਾਰੀ ਜਾਂਦਾ ਹੈ।"

"ਵੀਰਪਾਲ ਤੂੰ ਚੁੱਪ ਵੀ ਕਰ ਜਾਂ ਪਹਿਲਾਂ ਰੋਟੀ ਖਾਂ ਲੈਣ ਦੇ ਫਿਰ ਨਹਾਂ ਲਵੇਗਾ।"

"ਆਹ ਤੇਰੀ ਚੁੱਪ ਹੀ ਹੈ ਜੋ ਨਾਨਕ ਨੂੰ ਗਲੀਆਂ ਵਿੱਚ ਲੈ ਆਈ ਹੈ ,ਮੈਨੂੰ ਹੀ ਹਮੇਸ਼ਾ ਚੁੱਪ ਕਰਵਾਈ ਜਾਈ ਬੇਬੇ, ਲਾਡਲੇ ਨੂੰ ਨਾ ਕੁਝ ਆਪ ਆਖੀਂ ਤੇ ਨਾ ਹੀ ਕਿਸੇ ਹੋਰ ਨੂੰ ਕੁਝ ਕਹਿਣ ਦੇਈਂ।"

"ਨੀ ਜੋ ਕੁਝ ਕਹਿਣਾ ਹੈ, ਸਵੇਰੇ ਕਹਿ ਲਈ ਜਦੋਂ ਹੋਸ਼ ਵਿੱਚ ਹੋਇਆ, ਹੁਣ ਤੂੰ ਰੋਟੀ ਲਿਆ ਕੇ ਦੇ..... !"

"ਬੇਬੇ ਜੋ ਇਹਦੇ ਹਾਲਾਤ ਮੈਂ ਵੇਖ ਰਹੀ ਹਾਂ ਮੈਨੂੰ ਨਹੀਂ ਲੱਗਦਾ ਇਹ ਹੁਣ ਕਦੇ ਹੋਸ਼ ਵਿੱਚ ਕਦੇ ਆਵੇਗਾ।"

"ਵੀਰਪਾਲ ਜੇ ਤੂੰ ਚੰਗਾ ਨਹੀਂ ਬੋਲ ਸਕਦੀ ਤਾਂ ਚੁੱਪ ਹੀ ਕਰ ਜਾ...... !"

"ਨਸ਼ੇ ਵਿੱਚ ਨਾਨਕ ਵੀ ਉਟਪਟਾਂਗ ਬੋਲਣ ਲੱਗ ਜਾਂਦਾ ਹੈ ....."ਬੇਬੇ, ਮਾਂ ਨੂੰ ਬੋਲੀ ਜਾਣ ਦੇ ਇਹ ਅੱਜ ਤੱਕ ਮੈਨੂੰ ਨਹੀਂ ਸਮਝ ਸਕੀ ਹੈ ਜੋ ਅੱਜ ਸਮਝੇਗੀ। ਮੈ ਵੀ ਰੋਟੀ ਖਾਣ ਲਈ ਮਰੀ ਨਹੀਂ ਜਾਂਦਾ , ਬਥੇਰੇ ਨੇ ਰੋਟੀ ਖਵਾਉਣ ਵਾਲੇ, ਬੇਬੇ ਮਾਂ ਨੂੰ ਕਹਿ ਸੰਭਾਲ ਕੇ ਰੱਖੇ ਆਪਣੀਆਂ ਰੋਟੀਆ...... !"

(ਸੀਤੋ ਆਪ ਹੀ ਰੋਟੀ ਪਾ ਲਿਆਉਂਦੀ ਹੈ)

" ਲੈ ਮੇਰਾ ਸੋਹਣਾ ਪੁੱਤ ਖਾਹ ਰੋਟੀ,... ਵੀਰਪਾਲ ਤਾਂ ਐਵੇਂ ਹੀ ਬੋਲੀ ਜਾਂਦੀ ਹੈ.... ਖਾਹ ਮੇਰਾ ਪੁੱਤਰ।"

"ਇੱਕ ਵਾਰੀ ਕਹਿ ਦਿੱਤਾ ਮੈਂ ਨਹੀਂ ਖਾਣੀ ਰੋਟੀ -ਰਾਟੀ . ...... ਮੈਨੂੰ ਪੈਣ ਦੇ ਆਰਾਮ ਨਾਲ।"

( ਸੀਤੋ ਰੋਟੀ ਵਾਲਾ ਥਾਲ ਫੜੀ ਮਿੰਨਤਾਂ ਕਰਦੀ ਹੈ ਨਾਨਕ ਦੀਆਂ, ਉਹ ਨਸ਼ੇ ਵਿੱਚ ਹੀ ਥਾਲ ਫ਼ੜਕੇ ਵਿਹੜੇ ਵਿੱਚ ਵਗ੍ਹਾ ਕੇ ਮਾਰਦਾ ਹੈ ,ਸਾਰੀ ਦਾਲ ਰੋਟੀ ਵਿਹੜੇ ਵਿੱਚ ਖਿਲਰ ਜਾਦੀ ਹੈ)

"ਲੈ ਲਿਆ ਸਵਾਦ ਮਹਾਰਾਜ ਨੂੰ ਰੋਟੀ ਖੁਆਕੇ .... !"

"ਤੂੰ ਨਾ ਬੋਲ ਇਹ ਸਾਡੀ ਦਾਦੀ ਪੋਤਰੇ ਦੀ ਗੱਲ ਹੈ।" "ਦੇਖੀ ਜਾਂਦੀ ਹਾਂ...ਜਿਹੜਾ ਦਾਦੀ ਪੋਤਰੇ ਦਾ ਪਿਆਰ ਡੁੱਲ ਡੁੱਲ ਪੈ ਰਿਹਾ ਹੈ।" ਵੀਰਪਾਲ ਅੰਦਰ ਚਲੀ ਜਾਂਦੀ ਹੈ ਸੀਤੋ ਨਾਨਕ ਦੀਆਂ ਮਿੰਨਤਾਂ ਕਰੀ ਜਾਂਦੀ ਹੈ।



ਚੱਲਦਾ...
ਸੰਦੀਪ ਦਿਉੜਾ,
84375-56667

## ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ 'ਤੇ

# ਧੰਨੁ ਧੰਨੁ ਰਾਮਦਾਸ ਗੁਰੂ ...



ਜੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਜਾਈਏ ਤਾਂ ਧੰਨ ਗੁਰੂ ਰਾਮਦਾਸ! ਧੰਨ ਗੁਰੂ ਰਾਮਦਾਸ! ਦੀ ਮਿੱਠੀ ਧੁਨ ਇਸ ਦੇ ਜ਼ੱਰੇ ਜ਼ੱਰੇ ਵਿੱਚੋਂ ਸੁਣਾਈ ਦਿੰਦੀ ਹੈ, ਤਾਂ ਇਸ ਧੁਨ ਦੇ ਪਿੱਛੇ ਨਜ਼ਰ ਆ ਰਹੀ ਸ਼ਰਧਾ, ਪ੍ਰੇਮ, ਸਾਂਝ, ਸ਼ਾਂਤੀ ਅਤੇ ਵਿਸਮਾਦੀ ਅਵਸਥਾ ਤੋਂ ਬਲਿਹਾਰ ਜਾਣ ਵੇਲੇ ਇਸ ਦੈਵੀ ਸ਼ਖਸ਼ੀਅਤ ਅੱਗੇ ਝੁਕਦੇ ਹੋਏ ਸਿਰ ਵਿਚ ਗੁਰੂ ਸਾਹਿਬ ਦੇ ਜੀਵਤ ਕਾਲ ਵਿਚ ਕੀਤੇ ਹੋਏ ਪਰਉਪਕਾਰੀ ਕਾਰਜ ਅਤੇ ਉਹਨਾਂ ਦੀ ਰਸਭਿੰਨੀ ਬਾਣੀ ਨੂੰ ਯਾਦ ਕਰ ਲੈਣਾ ਹਰ ਵਿਅਕਤੀ ਦਾ ਮੁੱਢਲਾ ਫਰਜ਼ ਹੈ। ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਤੇ ਅਸੀਂ ਉਹਨਾਂ ਦੀਆਂ ਵਡਿਆਈਆਂ ਦਾ ਜਿਕਰ ਕਰਨ ਦੀ ਨਿਮਾਣੀ ਜਿਹੀ ਕੋਸ਼ਿਸ਼ ਕਰ ਰਹੇ ਹਾਂ ।

ਗੁਰੂ ਰਾਮਦਾਸ ਜੀ ਦਾ ਜਨਮ ਪਿਤਾ ਹਰਿਦਾਸ ਜੀ ਦੇ ਘਰ ਮਾਤਾ ਦਿਆ ਕੌਰ ਜੀ ਦੀ ਕੁੱਖ ਤੋਂ ਚੂਨਾ ਮੰਡੀ,ਲਾਹੌਰ ਵਿਖੇ 24 ਸਤੰਬਰ 1534 ਈਸਵੀ ਨੂੰ ਹੋਇਆ। ਆਪ ਜੀ ਦੇ ਬਚਪਨ ਦਾ ਨਾਮ ਜੇਠਾ ਸੀ। ਆਪ ਜੀ ਦੀ ਉਮਰ ਅਜੇ 7 ਸਾਲ ਦੀ ਹੀ ਸੀ, ਜਦੋ ਪਹਿਲਾਂ ਮਾਤਾ ਜੀ ਅਤੇ ਫਿਰ ਪਿਤਾ ਜੀ ਚੜ੍ਹਾਈ ਕਰ ਗਏ। ਘਰ ਕਾਫੀ ਆਰਥਿਕ ਤੰਗੀ ਸੀ ਅਤੇ ਦਾਦਕਿਆਂ ਨੇ ਇਸ ਯਤੀਮ ਬੱਚੇ ਦੇ ਸਿਰ ਤੇ ਹੱਥ ਰੱਖਣ ਦੀ ਥਾਂ ਕਿਨਾਰਾ ਕਰਨਾ ਜਿਆਦਾ ਠੀਕ ਸਮਝਿਆ। ਆਪ ਜੀ ਦੀ ਨਾਨੀ ਆਪ ਜੀ ਨੂੰ ਪਿੰਡ ਬਾਸਰਕੇ ਲੈ ਆਈ। ਇਸ ਤਰਾਂ ਮੁੱਢਲਾ ਜੀਵਨ ਨਾਨੀ ਦੀ ਛਤਰਛਾਇਆ ਹੇਠ ਬੀਤਿਆ। ਆਪ ਇਸ ਸਮੇਂ ਘੁੰਗਣੀਆਂ ਵੇਚਿਆ ਕਰਦੇ ਸਨ। ਸ਼ੁਰੂ ਤੋਂ ਹੀ ਨਿਮਰਤਾ, ਭੋਲਾਪਣ ਅਤੇ ਉਪਕਾਰੀ ਸੁਭਾਅ ਸੀ। ਕਦੇ ਕੋਈ ਲੋੜਵੰਦ ਸਾਧੂ ਆਦਿ ਮਿਲ ਜਾਂਦਾ, ਉਸ ਨੂੰ ਘੁੰਗਣੀਆਂ ਮੁਫ਼ਤ ਹੀ ਦੇ ਆਉਂਦੇ। ਅਗਲੇ 5 ਸਾਲ ਨਾਨੀ ਕੋਲ ਹੀ ਬਿਤਾਏ।

ਗੁਰੂ ਅੰਗਦ ਦੇਵ ਜੀ ਦੇ ਹੁਕਮ ਅਤੇ ਭਾਈ ਗੋਂਦੇ ਦੀ ਬੇਨਤੀ ਤੇ ਗੁਰੂ ਅਮਰਦਾਸ ਜੀ ਨੇ 1546 ਈਸਵੀ ਵਿੱਚ ਗੋਇੰਦਵਾਲ ਨਗਰ ਦੀ ਸਥਾਪਨਾ ਕੀਤੀ। ਬਾਸਰਕੇ ਪਿੰਡ ਦੇ ਵੀ ਕਾਫੀ ਸਾਰੇ ਲੋਕ ਇਸ ਨਗਰ ਵਿੱਚ ਰਹਿਣ ਲਈ ਆ ਗਏ। ਭਾਈ ਜੇਠਾ ਜੀ ਵੀ ਆਪਣੀ ਨਾਨੀ ਨਾਲ ਇੱਥੇ ਆ ਕੇ ਵੱਸ ਗਏ। ਅਤੇ ਗੁਰੂ ਅਮਰਦਾਸ ਜੀ ਦੀ ਸੰਗਤ ਵਿਚ ਸੇਵਾ ਅਤੇ ਸਿਮਰਨ ਨੂੰ ਆਪਣੇ ਜੀਵਨ ਦਾ ਆਧਾਰ ਬਣਾਉਣ ਲੱਗੇ। ਇਕ ਦਿਨ ਗੁਰੂ ਅਮਰਦਾਸ ਜੀ ਨਾਲ ਬੀਬੀ ਭਾਨੀ ਲਈ ਵਰ ਲੱਭਣ ਦੀ ਗੱਲ ਕਰਦੇ ਹੋਏ ਮਾਤਾ ਮਾਨਸਾ ਦੇਵੀ ਨੇ ਜਦੋਂ ਸੇਵਾ ਕਰਦੇ ਹੋਏ ਭਾਈ ਜੇਠਾ ਜੀ ਵੱਲ ਇਸ਼ਾਰਾ ਕਰਕੇ ਕਿਹਾ ਕਿ ਇਸ ਤਰਾਂ ਦਾ ਜਵਾਨ ਹੋਵੇ। ਗੁਰੂ ਅਮਰਦਾਸ ਜੀ ਨੇ ਮੁਸਕਰਾਉਂਦਿਆ ਕਿਹਾ ਕਿ ਇਸ ਵਰਗਾ ਤਾਂ ਇਹ ਆਪ ਹੀ ਹੈ। ਅਤੇ ਇਸ ਤਰਾਂ ਭਾਈ ਜੇਠਾ ਜੀ ਨਾਲ ਰਿਸ਼ਤਾ ਪੱਕਾ ਕਰ ਦਿੱਤਾ ਅਤੇ ਫਰਵਰੀ 1553 ਈਸਵੀ ਨੂੰ ਬੀਬੀ ਭਾਨੀ ਅਤੇ ਭਾਈ ਜੇਠਾ ਜੀ ਦਾ ਵਿਆਹ ਹੋ ਗਿਆ। ਇਸ ਸੰਜੋਗ ਤੋਂ ਪ੍ਰਿਥੀਚੰਦ, ਮਹਾਂਦੇਵ ਅਤੇ ਅਰਜਨ ਨਾਂ ਦੇ ਤਿੰਨ ਪੁੱਤਰ ਹੋਏ।

ਜਦੋਂ ਗੁਰੂ ਅਮਰਦਾਸ ਜੀ ਗੋਇੰਦਵਾਲ ਸਾਹਿਬ ਬਾਉਲੀ ਬਣਵਾ ਰਹੇ ਸਨ, ਤਾਂ ਉਹ ਭਾਈ ਜੇਠੇ ਦੀ ਸੇਵਾ ਤੋਂ ਬਹੁਤ ਪ੍ਰਭਾਵਿਤ ਹੋਏ। ਭਾਈ ਜੇਠਾ ਜੀ ਨੂੰ ਸ਼ਰੀਕ ਮਿਹਣੇ ਮਾਰਦੇ ਸਨ, ਕਿ ਜੁਆਈ ਹੋ ਕੇ ਸਹੁਰਿਆਂ ਦੀ ਚਾਕਰੀ ਕਰਦਾ ਹੈਂ, ਪਰ ਜੇਠਾ ਜੀ ਅਜਿਹੇ ਬੋਲਾਂ ਤੋਂ ਬਿਲਕੁਲ ਵੀ ਪ੍ਰਭਾਵਿਤ ਨਹੀਂ ਹੋਏ। ਅਤੇ ਪੂਰੀ ਨਿਮਰਤਾ ਨਾਲ ਸੇਵਾ ਜਾਰੀ ਰੱਖੀ। ਪੁਰਾਤਨ ਇਤਿਹਾਸਕ ਸਰੋਤਾਂ ਵਿੱਚ ਗੁਰੂ ਅਮਰਦਾਸ ਜੀ ਵਲੋਂ ਆਪ ਜੀ ਦੀ ਪ੍ਰੀਖਿਆ ਲਏ ਜਾਣ ਦਾ ਵੇਰਵਾ ਵੀ ਹੈ, ਜਿਸ ਅਨੁਸਾਰ ਗੁਰੂ ਜੀ ਬਾਉਲੀ ਦੀ ਸੇਵਾ ਦੀ ਨਿਗਰਾਨੀ ਕਰਨ ਲਈ ਬੈਠਣ ਵਾਸਤੇ ਥੜ੍ਹਾ ਬਨਵਾਉਣਾ ਚਾਹੁੰਦੇ ਸਨ। ਰਾਮਾ ਜੀ ਅਤੇ ਜੇਠਾ ਜੀ ਰੋਜ ਥੜ੍ਹੇ ਬਣਾਉਂਦੇ, ਪਰ ਗੁਰੂ ਅਮਰਦਾਸ ਜੀ ਨਾਪਸੰਦ ਕਰ ਕੇ ਢਾਹੁਣ ਦਾ ਹੁਕਮ ਦੇ ਦਿੰਦੇ। ਰਾਮਾ ਜੀਂ ਛੇਤੀ ਹੀ ਹੌਂਸਲਾ ਛੱਡ ਗਏ, ਪਰ ਜੇਠਾ ਜੀ ਆਖਦੇ ਸਨ,ਛਤ੍ਰੋਟ; ਪਾਤਸ਼ਾਹ ਮੁਆਫ ਕਰਨਾ। ਮੈਂ ਅਨਜਾਣ ਹਾਂ। ਤੁਸੀਂ ਦੱਸਦੇ ਵੀ ਹੋ, ਪਰ ਮੈਨੂੰ ਹੀ ਠੀਕ ਸਮਝ ਨਹੀਂ ਆ ਰਹੀ। ਕਿਹਾ ਜਾਂਦਾ ਹੈ ਕਿ ਗੁਰੂ ਅਮਰਦਾਸ ਜੀ ਨੇ 70 ਵਾਰ ਥੜ੍ਹਾ ਬਣਵਾਇਆ ਸੀ। ਕੁਝ ਲੇਖਕ ਇਸ ਘਟਨਾ ਨੂੰ ਗੁਰਗੱਦੀ ਦੇਣ ਦਾ ਮਾਪਦੰਡ ਮੰਨਦੇ ਹਨ। ਪਰ ਸਾਡੇ ਨਿੱਜੀ ਵਿਚਾਰ ਵਿੱਚ ਇੱਕਲੀ ਸੇਵਾ ਹੀ ਗੁਰਗੱਦੀ ਦਾ ਮਾਪਦੰਡ ਨਹੀਂ ਸੀ। ਭਾਈ ਜੇਠਾ ਜੀ ਦੀ ਗੁਰਮਤਿ ਸਿਧਾਂਤ ਦੀ ਵਾਕਫ਼ੀ ਅਤੇ ਪ੍ਰਪੱਕਤਾ , ਸ਼ਬਦ ਗੁਰੂ ਦਾ ਗਿਆਨ ਆਦਿ ਹੋਰ ਬਹੁਤ ਸਾਰੇ ਪੱਖ ਮਿਲ ਕੇ ਗੁਰਗੱਦੀ ਦਾ ਆਧਾਰ ਬਣਦੇ ਹਨ। ਪੁਰਾਤਨ ਸਰੋਤਾਂ ਵਿੱਚ ਹੀ ਇਹ ਸਾਖੀ ਵੀ ਆਉਂਦੀ ਹੈ ਕਿ ਇਕ ਵਾਰ ਬੀਬੀ ਭਾਨੀ ਨੇ ਗੁਰੂ ਅਮਰਦਾਸ ਜੀ ਤੋਂ ਇਹ ਵਰ ਲਿਆ ਸੀ ਕਿ ਗੁਰਗੱਦੀ ਘਰ ਵਿੱਚ ਹੀ ਰਹਿਣੀ ਚਾਹੀਦੀ ਹੈ। ਪਰ ਪਹਿਲੀ ਗੱਲ ਕਿ ਗੁਰਮਤਿ ਵਰ ਅਤੇ ਸਰਾਪ ਨੂੰ ਨਹੀਂ ਮੰਨਦੀ। ਦੂਸਰੀ ਗੱਲ ਜੇ ਗੁਰਗੱਦੀ ਉਪਰੋਕਤ ਵਰ ਕਾਰਨ ਹੀ ਦਿੱਤੀ ਗਈ ਸੀ, ਫੇਰ ਥੜ੍ਹਾ ਬਣਵਾਉਣ ਦੀ ਪ੍ਰੀਖਿਆ ਕਿਉਂ ਲਈ ਗਈ ?? ਗੁਰਮਤਿ ਨੂੰ ਗਲਤ ਧਾਰਨਾਵਾਂ ਤੋਂ ਆਜ਼ਾਦ ਕਰਾਉਣਾ ਅਜੋਕੇ ਸਮੇਂ ਦੀ ਮੁੱਖ ਲੋੜ ਹੈ ਜਿਸ ਖਾਤਰ ਸਾਨੂੰ ਅੰਨ੍ਹੀ ਸ਼ਰਧਾ ਤੋਂ ਦੂਰ ਰਹਿ ਕੇ, ਗੁਰਬਾਣੀ ਚਿੰਤਨ ਅਨੁਸਾਰ ਫ਼ੈਸਲੇ ਕਰਨ ਲਈ ਵਡੇਰੇ ਹੌਂਸਲੇ ਦੀ ਲੋੜ ਹੈ।

ਗੁਰੂ ਅਮਰਦਾਸ ਜੀ ਨੇ ਹਰ ਪਾਸਿਓਂ ਯੋਗ ਜਾਣ ਕੇ 1 ਸਤੰਬਰ 1574 ਈਸਵੀ ਨੂੰ ਗੁਰਮਤਿ ਸਿਧਾਂਤ ਦੇ ਪ੍ਰਚਾਰ ਦੀ ਵੱਡੀ ਜਿੰਮੇਵਾਰੀ ਭਾਈ ਜੇਠਾ ਜੀ ਨੂੰ ਸੌਂਪ ਦਿੱਤੀ, ਅਤੇ ਇਸ ਦਿਨ ਤੋਂ ਉਹ ਗੁਰੂ ਰਾਮ ਦਾਸ ਜੀ ਕਹਿਲਾਏ । ਇਸ ਸਮੇਂ ਉਹਨਾਂ ਦੀ ਉਮਰ ਲੱਗਭੱਗ 40 ਸਾਲ ਦੇ ਕਰੀਬ ਸੀ। ਪਿੰਡ ਤੁੰਗ ਦੇ ਜਿੰਮੀਦਾਰਾਂ ਤੋਂ 700 ਅਕਬਰੀ ਰੁਪਏ ਦੇ ਕੇ 500 ਵਿੱਘੇ ਜਮੀਨ ਖਰੀਦੀ ਗਈ ਅਤੇ ਮੌਜੂਦਾ ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਕੀਤੀ ਗਈ। ਇਸ ਦਾ ਪਹਿਲਾ ਨਾਮ ਚੱਕ ਰਾਮਦਾਸ ਸੀ, ਜੋ ਬਦਲ ਕੇ ਰਾਮਦਾਸਪੁਰ ਬਣਿਆ ਅਤੇ ਅੰਤ ਵਿਚ ਅੰਮ੍ਰਿਤਸਰ ਕਹਾਇਆ। ਗੁਰੂ ਜੀ ਨੇ ਵੱਖ ਵੱਖ 52 ਕਿੱਤਿਆਂ ਦੇ ਵਪਾਰੀ ਇੱਥੇ ਲਿਆ ਕੇ ਵਸਾਏ। ਪਵਿੱਤਰ ਸਰੋਵਰ ਦੀ ਖੁਦਾਈ ਵੀ 1577 ਈਸਵੀ ਵਿੱਚ ਆਰੰਭ ਹੋ ਗਈ ਸੀ। ਗੁਰਬਾਣੀ ਦੀ ਰਚਨਾ :- ਗੁਰੂ ਰਾਮਦਾਸ ਜੀ ਰਚਿਤ ਸਾਰੀ ਦੀ ਸਾਰੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ। ਇਸ ਵਿਚ 56 ਦੁਪਦੇ, 2 ਪੰਚਪਦੇ, 2 ਛੇ ਪਦੇ, 12 ਪੜਤਾਲ, 38 ਛੰਦ- ਛੰਦਾਂ ਨਾਲ ਸੰਬੰਧਿਤ ਸਲੋਕ, ਇਕ ਪਹਿਰਾ, ਇਕ ਵਣਜਾਰਾ, 2 ਕਰਹਲੈ, 2 ਘੋੜੀਆਂ,2 ਸੋਲਹੇ, 30 ਸਲੋਕ ਵਾਰਾਂ ਤੇ ਵਧੀਕ ਵਿੱਚ, 105 ਵਾਰਾਂ ਨਾਲ ਸੰਬੰਧਿਤ ਸਲੋਕ । ਗੁਰੂ ਰਾਮਦਾਸ ਜੀ ਦੀਆਂ ਮੁੱਖ ਬਾਣੀਆਂ ਇਹ ਹਨ- ਵਾਰਾਂ, ਘੋੜੀਆਂ, ਲਾਵਾਂ, ਕਰਹਲੇ, ਮਾਰੂ ਸੋਲਹੇ,ਵਣਜਾਰਾ, ਛਕੇ ਛੰਤ ।



ਜਸਵਿੰਦਰ ਸਿੰਘ ਰੁਪਾਲ
9814715796

**ਗੁਰੂ ਰਾਮਦਾਸ ਜੀ ਦੇ ਵਿਸ਼ੇਸ਼ ਗੁਣ:-**

**1.ਨਿਮਰਤਾ :-** ਗੁਰੂ ਸਾਹਿਬ ਜੀ ਵਿੱਚ ਅਤਿ ਦੀ ਨਿਮਰਤਾ ਸੀ। ਇਹ ਉਹਨਾਂ ਦੇ ਜੀਵਨ ਵਿੱਚੋਂ ਵੀ ਅਤੇ ਉਹਨਾਂ ਦੀ ਬਾਣੀ ਵਿਚੋਂ ਵੀ ਪ੍ਰਤੱਖ ਦਿਖਾਈ ਦਿੰਦੀ ਹੈ। ਜਦੋਂ ਬਾਬਾ ਨਾਨਕ ਜੀ ਦੇ ਪੁੱਤਰ ਸ੍ਰੀ ਚੰਦ ਜੀ ਨੇ ਆਪ ਜੀ ਦੀ ਦਾਹੜੀ ਵੱਲ ਇਸ਼ਾਰਾ ਕਰਦੇ ਪੁੱਛਿਆ ਕਿ ਐਡਾ ਲੰਮਾ ਦਾਹੜਾ ਕਿਉਂ ਵਧਾਇਆ ਹੈ ? ਤਾਂ ਗੁਰੂ ਰਾਮਦਾਸ ਜੀ ਨੇ ਗੁੱਸਾ ਕਰਨ ਦੀ ਥਾਂ ਪੂਰੀ ਆਜਜ਼ੀ ਅਤੇ ਨਿਮਰਤਾ ਨਾਲ ਕਿਹਾ ਆਪ ਵਰਗੇ ਮਹਾਂਪੁਰਸ਼ਾਂ ਦੇ ਚਰਨ ਝਾਹੜਨ ਲਈ। ਇਹ ਉਹਨਾਂ ਅੰਦਰਲੀ ਨਿਮਰਤਾ ਦਾ ਸਬੂਤ ਸੀ। ਜਦੋਂ ਪ੍ਰਿਥੀ ਚੰਦ ਆਪ ਜੀ ਨਾਲ ਤਕਰਾਰ ਕਰਨ ਲੱਗਿਆ, ਕਿ ਗੁਰਗੱਦੀ ਮੈਨੂੰ ਮਿਲਣੀ ਚਾਹੀਦੀ ਸੀ, ਤਾਂ ਵੀ ਗੁਰੂ ਸਾਹਿਬ ਨੇ ਬਹੁਤ ਹੀ ਪਿਆਰ ਨਾਲ ਉਸਨੂੰ ਸਮਝਾਇਆ ਅਤੇ ਕਿਹਾ ..

ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥....(ਪੰਨਾ 1200, ਸਾਰਗ ਮਹਲਾ 4 ਘਰੁ 3 ਦੁਪਦਾ )

**2. ਪ੍ਰਬੰਧਕੀ ਗੁਣ :-** ਆਪ ਜੀ ਜਿੱਥੇ ਅੰਮ੍ਰਿਤਸਰ ਸ਼ਹਿਰ ਅਤੇ ਪਵਿੱਤਰ ਸਰੋਵਰ ਦੀ ਖੁਦਾਈ ਦਾ ਕੰਮ ਆਪਣੀ ਦੇਖ ਰੇਖ ਹੇਠ ਕਰਵਾ ਰਹੇ ਸਨ, ਉੱਥੇ ਨਾਲ ਦੀ ਨਾਲ ਇਹਨਾਂ ਉਸਾਰੀ ਦੇ ਕਾਰਜਾਂ ਲਈ ਅਤੇ ਲੰਗਰ ਆਦਿ ਲਈ ਵਧੇਰੇ ਮਾਇਆ ਦੀ ਲੋੜ ਮਹਿਸੂਸ ਕੀਤੀ। ਗੁਰੂ ਅਮਰਦਾਸ ਜੀ ਵੱਲੋਂ ਚਲਾਈਆਂ ਗਈਆਂ ਮੰਜੀਆਂ ਅਤੇ ਪੀਹੜੀਆਂ ਦੇ ਸੰਚਾਲਕ ਆਪੋ ਆਪਣੇ ਪ੍ਰਚਾਰ ਖੇਤਰ ਵਿਚ ਰੁੱਝੇ ਹੋਣ ਕਰਕੇ ਮਾਇਆ ਪਹੁੰਚਾਉਣ ਵਿਚ ਲੇਟ ਹੋ ਜਾਂਦੇ ਸਨ। ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾ ਚਲਾਈ, ਜਿਸ ਰਾਹੀਂ ਵੱਖੋ ਵੱਖਰੇ ਖੇਤਰ ਵਿੱਚ ਥਾਪੇ ਗਏ ਮਸੰਦਾਂ ਨੇ ਆਪੋ ਆਪਣੇ ਇਲਾਕੇ ਦੇ ਗੁਰਸਿੱਖਾਂ ਦੇ ਦਸਵੰਧ ਦੀ ਰਕਮ ਗੁਰੂ ਘਰ ਪਹੁੰਚਾਉਣੀ ਹੁੰਦੀ ਸੀ। ਸ਼ੁਰੂ ਵਿਚ ਇਹ ਪ੍ਰਥਾ ਬਹੁਤ ਵਧੀਆ ਰਹੀ ਪਰ ਦੇਰ ਬਾਅਦ ਮਸੰਦਾਂ ਦੇ ਕਿਰਦਾਰ ਵਿਚ ਗਿਰਾਵਟ ਆਉਂਦੀ ਗਈ।

**3.ਸਮਾਜ ਸੁਧਾਰ ਦੇ ਕਾਰਜ :-** ਗੁਰੂ ਸਾਹਿਬ ਨੇ ਸਮਾਜ ਅੰਦਰ ਫੈਲੀਆਂ ਕੁਰੀਤੀਆਂ ਨੂੰ ਨਾ ਸਿਰਫ ਮਹਿਸੂਸ ਹੀ ਕੀਤਾ, ਸਗੋਂ ਉਹਨਾਂ ਵਿਰੁੱਧ ਆਵਾਜ਼ ਵੀ ਉਠਾਈ ਅਤੇ ਉਹਨਾਂ ਨੂੰ ਦੂਰ ਕਰਨ ਵਿਚ ਆਪਣਾ ਬਣਦਾ ਯੋਗਦਾਨ ਵੀ ਪਾਇਆ। ਸਤੀ ਪ੍ਰਥਾ ਦਾ ਵਿਰੋਧ, ਵਿਧਵਾ ਵਿਆਹ ਨੂੰ ਪ੍ਰੋਤਸ਼ਾਹਨ ਆਦਿ ਕਾਰਜ ਵੀ ਕਰਦੇ ਰਹੇ।

**4.ਸਿੱਖ ਜੀਵਨ ਜਾਚ :-** ਅਜੋਕੇ ਸਮੇਂ ਜਿਸ ਨੂੰ ਸਿੱਖ ਰਹਿਤ ਮਰਯਾਦਾ ਕਹਿ ਦਿੰਦੇ ਹਾਂ, ਇਸ ਦਾ ਮੁੱਢ ਗੁਰੂ ਰਾਮਦਾਸ ਜੀ ਨੇ ਬੱਝਾ। ਇਕ ਸਿੱਖ ਦੀ ਰਹਿਣੀ ਕਿਸ ਤਰ੍ਹਾਂ ਦੀ ਹੋਵੇ, ਪੂਰੇ ਵਿਸਥਾਰ ਵਿਚ ਬਿਆਨ ਕੀਤਾ। ਅੰਮ੍ਰਿਤ ਵੇਲੇ ਉਠ ਕੇ ਪ੍ਰਭੂ ਦਾ ਨਾਮ ਜਪਣਾ, ਗੁਰਬਾਣੀ ਅਧਿਐਨ ਕਰਨਾ, ਧਰਮ ਦੀ ਕਿਰਤ ਕਰਨੀ ਆਦਿ ਰਹਿਤ ਦੱਸੀ।

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥.....(ਪੰਨਾ 305, ਮ :4)

ਆਪ ਜੀ ਨੇ ਸੂਹੀ ਰਾਗੁ ਵਿੱਚ ਲਾਵਾਂ ਦੀ ਬਾਣੀ ਉਚਾਰਨ ਕਰ ਕੇ ਗ੍ਰਹਿਸਥੀ ਜੀਵਨ ਦੇ ਪਤੀ ਪਤਨੀ ਦੇ ਮਿਲਾਪ ਅਤੇ ਪਿਆਰ ਦੇ ਪ੍ਰਤੀਕ ਵਰਤ ਕੇ ਅਕਾਲ ਪੁਰਖ ਨਾਲ ਮਿਲਾਪ ਦੀਆਂ ਚਾਰ ਅਵਸਥਾਵਾਂ ਦਾ ਬਿਆਨ ਕੀਤਾ।

**5.ਦ੍ਰਿੜ੍ਹਤਾ :-** ਅਕਬਰ ਦੇ ਦਰਬਾਰ ਵਿਚ ਜਾਤ ਅਭਿਮਾਨੀਆਂ ਦੁਆਰਾ ਸ਼ਿਕਾਇਤ ਕੀਤੀ ਗਈ ਕਿ ਗੁਰੂ ਘਰ ਵਿਚ ਪੰਡਤਾਂ ਦਾ ਸਤਿਕਾਰ ਨਹੀਂ ਕੀਤਾ ਜਾਂਦਾ ਅਤੇ ਨੀਵੀਂ ਜਾਤ ਵਾਲਿਆਂ ਤੋਂ ਪਰਹੇਜ਼ ਨਹੀਂ ਕੀਤਾ ਜਾਂਦਾ। ਗੁਰੂ ਰਾਮਦਾਸ ਜੀ ਨੇ ਗੁਰਮਤਿ ਦੇ ਸਮਦ੍ਰਿਸ਼ਟੀ ਦੇ ਸਿਧਾਂਤ ਨੂੰ ਏਨੀ ਖੂਬਸੂਰਤੀ ਅਤੇ ਦਲੀਲਾਂ ਨਾਲ ਅਕਬਰ ਸਾਹਮਣੇ ਪੇਸ਼ ਕੀਤਾ ਕਿ ਉਹ ਆਪ ਜੀ ਦੀਆਂ ਦਲੀਲਾਂ ਦਾ ਕਾਇਲ ਹੋ ਗਿਆ ਅਤੇ ਸ਼ਿਕਾਇਤਨਾਮਾ ਖਾਰਜ ਕਰ ਦਿੱਤਾ।

ਜਦੋਂ ਗੁਰੂ ਅਮਰਦਾਸ ਜੀ ਯਾਤਰਾ ਤੇ ਗਏ ਤਾਂ ਉਹਨਾਂ ਯਾਤਰੀ ਟੈਕਸ ਦੇਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਇਹ ਟੈਕਸ ਹਿੰਦੂ, ਮੁਸਲਮਾਨਾਂ ਵਿੱਚ ਭਿੰਨ ਭੇਦ ਕਰਕੇ ਨਫਰਤ ਦਾ ਕਾਰਨ ਬਣਦਾ ਸੀ। ਅਕਬਰ ਦੇ ਦਰਬਾਰ ਵਿਚ ਸ਼ਿਕਾਇਤ ਹੋਣ ਤੇ ਗੁਰੂ ਅਮਰਦਾਸ ਜੀ ਨੂੰ ਆਪਣਾ ਪੱਖ ਰੱਖਣ ਲਈ ਕਿਹਾ ਗਿਆ, ਤਾਂ ਉਹਨਾਂ ਰਾਮ ਦਾਸ ਜੀ ਨੂੰ ਸਪਸ਼ਟੀਕਰਨ ਦੇਣ ਅਤੇ ਗੁਰਮਤਿ ਸਿਧਾਂਤ ਸਮਝਾਉਣ ਲਈ ਭੇਜਿਆ ਗਿਆ। ਰਾਮਦਾਸ ਜੀ ਨੇ ਗੁਰਮਤਿ ਸਿਧਾਂਤ ਏਨੇ ਵਧੀਆ ਤਰੀਕੇ ਨਾਲ ਸਮਝਾਇਆ ਕਿ ਅਕਬਰ ਦੀ ਤਸੱਲੀ ਹੋ ਗਈ ਅਤੇ ਉਸਨੇ ਯਾਤਰੀ ਟੈਕਸ ਮੁਆਫ਼ ਕਰ ਦਿੱਤਾ।

**6 ਸੇਵਾ ਸਿਮਰਨ ਦਾ ਉਪਦੇਸ਼ :-** ਗੁਰੂ ਰਾਮਦਾਸ ਜੀ ਨੇ ਆਪਣੇ ਜੀਵਨ ਅਤੇ ਆਪਣੀ ਬਾਣੀ ਰਾਹੀਂ ਸਿੱਖੀ ਦੇ ਥੰਮ੍ਹ ਕਰਕੇ ਜਾਣੇ ਜਾਂਦੇ ਸਿਧਾਂਤ ਸੇਵਾ ਅਤੇ ਸਿਮਰਨ ਦਾ ਉਪਦੇਸ਼ ਆਪਣੇ ਸਿੱਖਾਂ ਨੂੰ ਦਿੱਤਾ। ਗੁਰ ਫੁਰਮਾਨ ਦੇਖੀਏ--

ਰਾਮ ਮੋ ਕਉ ਹਰਿ ਜਨ ਕਾਰੈ ਲਾਈਐ ॥
ਹਉ ਪਾਣੀ ਪਖਾ ਪੀਸਉਂ ਸੰਤ ਆਗੈ ਪਗ ਮਲਿ ਮਲਿ ਧੂਰਿ ਮੁਖਿ ਲਾਈਐ ॥.........(ਪੰਨਾ 881, ਰਾਮਕਲੀ ਮਹਲਾ 4)

ਆਪ ਜੀ ਦਾ ਵਿਸ਼ਵਾਸ ਹੈ ਕਿ ਸੇਵਾ ਕਰਦਿਆਂ ਇੱਕ ਰੱਤੀ ਭਰ ਵੀ ਹਉਮੈ ਨਹੀਂ ਆਉਣੀ ਚਾਹੀਦੀ। ਕਿਉਂਕਿ ਅਜਿਹੀ ਸੇਵਾ ਥਾਇ ਨਹੀਂ ਪੈਂਦੀ।

ਵਿਚਿ ਹਉਮੈ ਸੇਵਾ ਥਾਇ ਨ ਪਾਇ॥
ਜੰਮੀ ਮਰੈ ਫਿਰਿ ਆਵੈ ਜਾਇ ॥..(ਪੰਨਾ1071, ਮਾਰੂ ਮਹਲਾ 4)

**7 ਬੇਪਰਵਾਹੀ ਅਤੇ ਪਰਉਪਕਾਰ :-** ਆਪ ਜੀ ਦਾ ਮਨ ਦੁਨਿਆਵੀ ਵਸਤਾਂ ਦੇ ਮੋਹ ਤੋਂ ਕਿੰਨਾ ਉੱਚਾ ਸੀ, ਕੁਝ ਉਦਾਹਰਣਾਂ ਦੇਖਦੇ ਹਾਂ--

-ਸੇਠ ਜਗਤ ਰਾਮ ਨੇ ਆਪ ਜੀ ਨੂੰ ਇਕ ਕੈਂਠਾ ਦਿੱਤਾ ਜੋ ਆਪ ਜੀ ਨੇ ਉਸੇ ਸਮੇਂ ਇਕ ਲੋੜਵੰਦ ਨੂੰ ਦੇ ਦਿੱਤਾ। ਇੱਕ ਵਾਰੀ ਇੱਕ ਮਾਈ ਨੇ ਆਪ ਜੀ ਨੂੰ ਇਕ ਮੋਤੀਆਂ ਦੀ ਮਾਲਾ ਦਿੱਤੀ,ਜੋ ਆਪ ਜੀ ਨੇ ਰਸਤੇ ਵਿਚ ਬੈਠੇ ਇਕ ਮਲੰਗ ਨੂੰ ਦੇ ਦਿੱਤੀ। ਅਕਬਰ ਰਾਜੇ ਨੇ ਵੀ ਮੋਹਰਾਂ ਦੇਣ ਦੀ ਕੋਸ਼ਿਸ਼ ਕੀਤੀ ਪਰ ਆਪ ਜੀ ਨੇ ਦ੍ਰਿੜਤਾ ਨਾਲ ਇਨਕਾਰ ਕਰ ਦਿੱਤਾ ਸੀ ।

**8.ਬਾਣੀ ਦਾ ਪ੍ਰਧਾਨ ਰਸ ਸ਼ਾਂਤ ਰਸ :-** ਪ੍ਰੇਮ ਬੈਰਾਗ ਅਤੇ ਸ਼ਾਂਤੀ ਆਪ ਜੀ ਦੀ ਬਾਣੀ ਵਿਚ ਪ੍ਰਮੁੱਖ ਸਥਾਨ ਗ੍ਰਹਿਣ ਕਰਦੇ ਹਨ। ਸ਼ਬਦ ਗੁਰੂ ਨੂੰ ਵਡਿਆਈ ਦਿੰਦੇ ਹੋਏ ਆਪ ਜੀ ਪ੍ਰੇਮ ਰਾਹੀਂ ਪ੍ਰਭੂ ਨੂੰ ਮਿਲਣ ਦਾ ਰਸਤਾ ਦੱਸਦੇ ਹਨ ਅਤੇ ਉਸਦੀ ਖਲਕਤ ਨਾਲ ਪਿਆਰ ਨਾਲ ਰਹਿਣ ਦੀ ਤਾਕੀਦ ਕਰਦੇ ਹਨ। ਆਪ ਜੀ ਦੀਆਂ ਮੁੱਖ ਬਾਣੀਆਂ ਹਨ-- 8 ਰਾਗਾਂ ਵਿਚ ਲਿਖੀਆਂ ਵਾਰਾਂ - ਸਿਰੀ, ਗਉੜੀ, ਵਡਹੰਸ, ਬਿਲਾਵਲੁ, ਬਿਹਾਗੜਾ, ਸੋਰਠਿ,ਸਾਰੰਗ ਅਤੇ ਕਾਨੜਾ ਰਾਗੁ ਵਿਚ ਆਪ ਜੀ ਨੇ ਅਧਿਆਤਮਕ ਵਾਰਾਂ ਲਿਖੀਆਂ ਹਨ। ਇਸ ਤੋਂ ਬਿਨਾਂ ਪੰਜਾਬੀ ਲੋਕਧਾਰਾ ਨੂੰ ਮੁੱਖ ਰੱਖ ਕੇ ਉਚਾਰੀਆਂ ਬਾਣੀਆਂ ਘੋੜੀਆਂ, ਲਾਵਾਂ , ਕਰਹਲੇ, ਮਾਰੂ ਸੋਲਹੇ , ਪਹਿਰੇ, ਅਤੇ ਵਣਜਾਰਾ ਬਾਣੀਆਂ ਹਨ। ਆਪ ਜੀ ਦੀ ਬਾਣੀ ਸਰਲ ਬੋਲੀ ਅਤੇ ਰਵਾਨੀ ਵਿਚ ਹੋਣ ਕਾਰਨ ਆਮ ਲੋਕਾਂ ਦੀ ਜ਼ਬਾਨ ਤੇ ਬਹੁਤ ਜਲਦੀ ਚੜ੍ਹ ਜਾਂਦੀ ਹੈ। ਆਪ ਜੀ ਦੀਆਂ ਲਿਖੀਆਂ ਹੇਠ ਲਿਖੀਆਂ ਪੰਕਤੀਆਂ ਹਰ ਗੁਰਸਿੱਖ ਨੂੰ ਯਾਦ ਹਨ--

* ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥.......(ਪੰਨਾ 91, ਪਉੜੀ )

* ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥....(ਪੰਨਾ 982, ਨਟ ਮਹਲਾ 4)

* ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥.....(ਪੰਨਾ 305, ਮ : 4)

* ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ ॥
ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ ॥......(ਪੰਨਾ 448, ਆਸਾ ਮਹਲਾ 4 ਛੰਤ ਘਰੁ 4)

* ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥......(ਪੰਨਾ 167,ਗਉੜੀ ਬੈਰਾਗਣਿ ਮਹਲਾ 4)

ਅੰਤ ਵਿਚ ਆਪ ਜੀ ਨੇ ਆਪਣੇ ਛੋਟੇ ਪੁੱਤਰ ਅਰਜਨ ਨੂੰ ਹਰ ਪਾਸਿਓਂ ਯੋਗ ਜਾਣ ਕੇ ਉਸਨੂੰ ਗੁਰਗੱਦੀ ਦਿੱਤੀ। ਅਤੇ ਆਪ ਜੀ 1 ਸਤੰਬਰ 1581 ਈਸਵੀ ਨੂੰ ਇਸ ਫਾਨੀ ਦੁਨੀਆ ਨੂੰ ਅਲਵਿਦਾ ਆਖ ਕੇ ਜੋਤੀ ਜੋਤ ਸਮਾ ਗਏ। ਭੱਟ ਬੱਲ ਜੀਂ ਆਪਣੇ ਸਵਈਏ ਵਿਚ ਆਪ ਜੀ ਦੀ ਉਸਤਤ ਕਰਦੇ ਹੋਏ ਲਿਖਦੇ ਹਨ-

ਸੋਈ ਰਾਮਦਾਸੁ ਗੁਰੁ ਬਲ੍ਯ ਭਣਿ ਮਿਲਿ ਸੰਗਤਿ ਧੰਨਿ ਧੰਨਿ ਕਰਹੁ ॥....(ਪੰਨਾ 1405, ਸਵਈਏ ਮਹਲੇ ਚਉਥੇ ਕੇ 4 )

ਅਤੇ ਸਤਾ ਬਲਵੰਡ ਜੀ ਰਾਮਕਲੀ ਦੀ ਵਾਰ ਵਿਚ ਫੁਰਮਾਉਂਦੇ ਹਨ...

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ।......(ਪੰਨਾ 968, ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ ਸਤੈ ਡੂਮਿ ਆਖੀ)











